# ਬਟਵਾਰਾ

## ਕਹਾਣੀ-ਸੰਗ੍ਰਹਿ

Academy of the Punjab in North America: http://www.apnaorg.com

Academy of the Punjab in North America: http://www.apnaorg.com

# ਬਟਵਾਰਾ

(ਕਹਾਣੀ-ਸੰਗ੍ਰਹਿ)

ਇਕਬਾਲ ਕੌਰ (ਡਾ.)

ਵਾਰਿਸ ਸ਼ਾਹ ਫ਼ਾਊਂਡੇਸ਼ਨ

ਅੰਮ੍ਰਿਤਸਰ-143002

Academy of the Punjab in North America: http://www.apnaorg.com

**BATWARA**
(Short Stories)
*by :*
**Iqbal Kaur**

© Author

ISBN 978-81-7856-191-2

ਪਹਿਲੀ ਵਾਰ : 2007

**ਮੁੱਲ : 150 ਰੁਪਏ**

*ਪ੍ਰਕਾਸ਼ਕ :*
**ਵਾਰਿਸ ਸ਼ਾਹ ਫ਼ਾਉਂਡੇਸ਼ਨ**
42, ਗੁਰੂ ਤੇਗ ਬਹਾਦਰ ਨਗਰ,
ਅੰਮ੍ਰਿਤਸਰ-143 002

*ਟਾਈਪ ਸੈਟਿੰਗ :*
**ਜੋਤ ਕ੍ਰੀਏਸ਼ਨਜ਼**
ਅੰਮ੍ਰਿਤਸਰ। ਫ਼ੋਨ : 9888414247

*ਪ੍ਰਿੰਟਰ :*
**ਪ੍ਰਿੰਟਵੈੱਲ**
146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

Academy of the Punjab in North America: http://www.apnaorg.com

## ਸਮਰਪਿਤ

*ਉਹਨਾਂ ਬਹੁਗਿਣਤੀ ਲੋਕਾਂ ਨੂੰ*
*ਜਿਨ੍ਹਾਂ ਦੇ ਮੰਦੇ ਭਾਗਾਂ ਦੇ ਸਿਰਜਕ ਹੋਣ ਦਾ ਹੱਕ*
*ਅਸੀਂ ਹਾਸਲ ਕਰ ਲਿਆ ਹੈ।*
*ਅਤੇ*
*ਮੇਰੇ ਪਰਿਵਾਰ ਤੇ ਚੌਗਿਰਦੇ ਦੇ ਅਣਗਿਣਤ*
*ਉਹਨਾਂ ਪਿਅਰੇ ਮਾਨਵੀ ਰਿਸ਼ਤਿਆਂ ਨੂੰ*
*ਜਿਨ੍ਹਾਂ ਦੀ ਦੇਣ ਹੈ*
*ਮੇਰੀ ਹਿੰਮਤ ਤੇ ਸਮਰੱਥਾ*

Academy of the Punjab in North America: http://www.apnaorg.com

*ਲੇਖਕ ਦੀਆਂ ਹੋਰ ਰਚਨਾਵਾਂ :*

- ਪੰਜਾਬੀ ਲੋਕਯਾਨ
- ਦਿਲ ਦੀਆਂ ਬਾਤੀਂ
- ਭਗਤ ਨਾਮਦੇਵ : ਰਚਨਾ ਸੰਸਾਰ
- ਪੰਜਾਬੀ ਸਭਿਆਚਾਰ (ਵਿਸ਼ੇਸ਼ ਅੰਕ 'ਖੋਜ ਦਰਪਣ) ਸੰਪਾਦਤ

Academy of the Punjab in North America: http://www.apnaorg.com

# ਤਰਤੀਬ


| | |
|---|---|
| ਭੂਮਿਕਾ | 9 |
| ਦੋ ਸ਼ਬਦ | 12 |
| ਸੁਕੀਰਤ | 15 |
| ਗੋਰਾ | 20 |
| ਬਟਵਾਰਾ | 25 |
| ਚਾਂਦਨੀ | 35 |
| ਆਲ੍ਹਣਾ | 43 |
| ਫੁੱਲ | 52 |
| ਪਹਿਚਾਣ | 56 |
| ਮੇਰਿਆ ਰਾਜਿਆ ! | 64 |
| ਸੇਵਾ-ਮੁਕਤੀ | 68 |
| ਸਿੱਖ | 75 |
| ਖੜੋਤ | 84 |
| ਸਾਧਾ ਸਿੰਘ | 92 |
| ਸਾਡਾ ਪਿੰਡ | 97 |


Academy of the Punjab in North America: http://www.apnaorg.com

"ਸਭ ਸਹਿਮੇ ਹੋਏ ਪਿੰਡ ਦੇ ਆਸਰੇ ਤੁਰ ਪਏ ਪਰ ਦਿਲਾਂ ਨੂੰ ਪਿੱਛੇ ਛੱਡ ਚੱਲੇ । ਨਾ ਯਾਦਾਂ ਮੁੱਕਣ, ਨਾ ਦਿਲ ਮੁੜਨ। ਝੋਰੇ ਨਾਲ ਵੱਡੇ ਸਰੀਰ ਉਥੇ ਹੀ ਮੁੱਕ ਜਾਣਗੇ। ਰੂਹਾਂ ਆਪਣੇ ਇਸ ਵਤਨ ਵਿਚ ਘੁੰਮਦੀਆਂ ਫਿਰਨਗੀਆਂ। ਅਸੀਂ ਸੌ ਮੰਨਤਾਂ ਮੰਨ ਕੇ ਵੀ ਉਹਨਾਂ ਰੂਹਾਂ ਤੋਂ ਨਿਜਾਤ ਨਹੀਂ ਪਾ ਸਕਣੀ।"

*(ਬਟਵਾਰਾ)*

Academy of the Punjab in North America: http://www.apnaorg.com

# ਭੂਮਿਕਾ

ਡਾ. ਇਕਬਾਲ ਕੌਰ ਪਹਿਲਾਂ ਹੀ ਇਕ ਜਾਣਿਆ ਪਛਾਣਿਆ ਨਾਂ ਹੈ। ਉਹ ਲੰਮਾ ਸਮਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਅਧਿਐਨ ਅਤੇ ਅਧਿਆਪਨ ਦੇ ਖੇਤਰ ਨਾਲ ਜੁੜੀ ਰਹੀ।

ਸਾਹਿਤਕ ਖੇਤਰ ਨਾਲ ਮੱਸ ਰੱਖਣ ਵਾਲੀ ਇਹ ਲੇਖਕਾ ਆਪਣੇ ਪ੍ਰਥਮ ਕਹਾਣੀ-ਸੰਗ੍ਰਹਿ 'ਬਟਵਾਰਾ' ਰਾਹੀਂ ਇਕ ਕਹਾਣੀਕਾਰ ਵੱਜੋਂ ਵੀ ਆਪਣੀ ਪਹਿਚਾਣ ਬਣਾ ਰਹੀ ਹੈ। ਮੇਰੇ ਵੱਲੋਂ ਉਸ ਨੂੰ ਢੇਰ ਸਾਰੀਆਂ ਸ਼ੁੱਭ ਇੱਛਾਵਾਂ!

ਡਾ. ਇਕਬਾਲ ਕੌਰ ਦੀਆਂ ਕਹਾਣੀਆਂ ਮਾਨਵੀ ਹਿੱਤਾਂ ਨਾਲ ਸੰਬੰਧਿਤ ਹਨ। ਉਸ ਦੀਆਂ ਸਾਰੀਆਂ ਕਹਾਣੀਆਂ ਅਜੋਕੇ ਸਮਾਜਿਕ ਰਿਸ਼ਤਿਆਂ ਉੱਤੇ ਕਟਾਖ਼ਸ਼ ਕਰਦੀਆਂ, ਸਾਨੂੰ ਸੋਚਣ ਲਈ ਪ੍ਰੇਰਦੀਆਂ ਹਨ। ਇਹ ਰਿਸ਼ਤੇ ਮਾਪਿਆਂ ਅਤੇ ਸੰਤਾਨ, ਮਰਦ ਅਤੇ ਔਰਤ ਜਾਂ ਨੌਜਵਾਨ ਪੀੜ੍ਹੀ ਨਾਲ ਸੰਬੰਧਿਤ ਹਨ। ਡਾ. ਇਕਬਾਲ ਕੌਰ ਉਹਨਾਂ ਦੇ ਮਨ ਅੰਦਰ ਝਾਕਦੀ ਉਹਨਾਂ ਦੀ ਮਾਨਸਿਕ ਸਥਿਤੀ ਨੂੰ ਇਕ ਸੰਵੇਦਨਸ਼ੀਲ ਲੇਖਿਕਾ ਵਾਂਗ ਅਨੁਭਵ ਕਰਦੀ ਹੈ। ਅਜੋਕੇ ਸਮੇਂ ਵਿਚ ਨੂੰਹਾਂ, ਪੁੱਤਰ, ਘਰ ਵਿਚ ਆਪਣੇ ਜਨਮ-ਦਾਤਿਆਂ ਨੂੰ ਨਹੀਂ ਝੱਲ ਸਕਦੇ ਤੇ ਪਿੱਛਾ ਛੁਡਾਉਣ ਦਾ ਢੰਗ ਲੱਭਦੇ ਹਨ। ਬੁਢਾਪੇ ਵਿਚ ਨਿੱਤ ਦੀ ਟੋਕਾ-ਟਾਕੀ ਬਜ਼ੁਰਗਾਂ ਨੂੰ ਜੀਵਨ ਤੋਂ ਉਪਰਾਮ ਕਰ ਦਿੰਦੀ ਹੈ। 'ਸੇਵਾ-ਮੁਕਤੀ' ਅਤੇ 'ਮੇਰੇ ਰਾਜਿਆ!' ਵਿਚ ਪੇਸ਼ ਮਾਪਿਆਂ ਦੇ ਤ੍ਰਿਸਕਾਰ ਦੀ ਕੋਹਝੀ ਝਾਕੀ ਸਾਡੀ ਸੋਚ ਨੂੰ ਟੁੰਬਦੀ ਹੈ।

'ਬਟਵਾਰਾ' ਕਹਾਣੀ-ਸੰਗ੍ਰਹਿ ਵਿਚ 'ਸਿੱਖ', 'ਸਾਧਾ ਸਿੰਘ', 'ਆਲ੍ਹਣਾ' ਅਤੇ 'ਫੁੱਲ' ਕਹਾਣੀਆਂ ਇੱਕੀਵੀਂ ਸਦੀ ਵਿਚ ਵੀ ਜ਼ਾਤ-ਪਾਤ ਤੇ ਉੱਚੇ-ਨੀਵੇਂ ਦੇ ਭੇਦ-ਭਾਵਾਂ ਤੇ ਡੂੰਘੇ ਵਿਤਕਰਿਆਂ ਦੇ ਸੱਚ ਨੂੰ ਦ੍ਰਿਸ਼ਟੀਗਤ ਕਰਦੀਆਂ ਹਨ। ਮਨੁੱਖ ਮਨੁੱਖ ਵਿਚ ਵੱਧੀਆਂ ਵਿੱਥਾਂ ਅਤੇ ਦੂਰੀਆਂ ਨੂੰ ਇਹਨਾਂ ਰਚਨਾਵਾਂ ਵਿਚ ਭਲੀ-ਭਾਂਤ ਉਜਾਗਰ ਕੀਤਾ ਗਿਆ ਹੈ।

ਡਾ. ਇਕਬਾਲ ਕੌਰ ਬੱਚਿਆਂ ਨਾਲ ਹੋ ਰਹੇ ਦੁਰ-ਵਿਵਹਾਰ ਉੱਤੇ ਦੁੱਖ ਪਰਗਟ ਕਰਦੀ ਹੈ। 'ਫੁੱਲ' ਨਾਮੀ ਕਹਾਣੀ ਵਿਚ ਇਕ ਫੁੱਲ ਸਮਾਨ ਬੱਚੇ ਦੀ



Academy of the Punjab in North America: http://www.apnaorg.com

ਮਾਲਕਣ ਦੇ ਬਗੀਚੇ ਵਿਚ ਲੱਗੇ ਫੁੱਲ ਨੂੰ ਛੂਹਣ ਦੀ ਇੱਛਾ ਹੈ। ਪਰ ਘੁਮੰਡੀ ਮਾਲਕਣ ਦੀਆਂ ਝਿੜਕਾਂ ਤੋਂ ਡਰਦੀ ਉਸ ਦੀ ਭੈਣ ਆਪਣੇ ਘਰ ਦੀ ਗਰੀਬੀ ਦੇ ਮਦਯ-ਨਜ਼ਰ ਦੁਖੀ ਮਨ ਨਾਲ ਉਸ ਨੂੰ ਵਰਜਦੀ ਹੈ। ਦੂਜੇ ਪਾਸੇ ਉਹੀ ਫੁੱਲ ਬਰਾਬਰ ਦੇ ਅਮੀਰ ਗੁਆਂਢੀਆਂ ਨੂੰ ਪੂਜਾ ਲਈ ਦੇਣ ਸਮੇਂ ਉਹ ਪੂਰੀ ਖੁੱਲ੍ਹਦਿਲੀ ਵਿਖਾਉਂਦੀ ਹੈ। ਮਨੁੱਖ ਦੀ ਖ਼ੁਦਗ਼ਰਜ਼ ਤੇ ਅਣਮਨੁੱਖੀ ਮਨੋ-ਬਿਰਤੀ ਉੱਤੇ ਇਕ ਕਾਟਵਾਂ ਵਿਅੰਗ ਹੈ। ਧਨਹੀਣਾਂ ਦੇ ਸੋਸ਼ਣ ਨੂੰ ਜੱਗ-ਜ਼ਾਹਿਰ ਕਰਨ ਲਈ ਇਹ ਇਕ ਉੱਤਮ ਉਦਾਹਰਣ ਹੈ।

ਧੀਆਂ ਦੀ ਸਮਾਜ ਵਿਚ ਹੋ ਰਹੀ ਬੇਕਦਰੀ 'ਸੁਕੀਰਤ' ਅਤੇ 'ਗੋਰਾ' ਕਹਾਣੀਆਂ ਰਾਹੀਂ ਪੇਸ਼ ਕੀਤੀ ਹੈ। ਮਾਂ ਦੀ ਕੁੱਖ ਵਿਚ ਪਲ ਰਹੀ ਕੋਮਲ ਕਲੀ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਮਸਲ ਦੇਣਾ ਘੋਰ ਅਨਿਆਂ ਹੈ।

ਸਮਾਜ ਦਾ ਧੀਆਂ ਪ੍ਰਤੀ ਕਠੋਰ ਰਵੱਈਆ ਔਰਤ ਨੂੰ ਭਰੂਣ-ਹੱਤਿਆ ਲਈ ਮਜਬੂਰ ਕਰਦਾ ਹੈ। ਜੇ ਇਥੋਂ ਬਚਾਅ ਹੋ ਜਾਵੇ ਤਾਂ ਅਰਥਹੀਣ ਸੰਸਕਾਰਾਂ ਤੇ ਰਿਵਾਜਾਂ ਦੇ ਸਮਾਜ ਨੇ ਧੀਆਂ ਨੂੰ ਮਗਰੋਂ ਮਾਰ ਮੁਕਾਉਣਾ ਹੈ। ਸਾਡੇ ਸਮਾਜ ਉੱਤੇ ਇਹ ਇਕ ਬੜਾ ਵੱਡਾ ਕਲੰਕ ਹੈ। ਨਾਰੀ ਤਾਂ ਮਰਦ ਦੇ ਬਰਾਬਰ ਪੁਲਾੜ ਯਾਤਰਾ ਕਰ ਕੇ ਵਿਸ਼ਵ ਦੀ ਹਰ ਚੁਨੌਤੀ ਪਰਵਾਨ ਕਰ ਰਹੀ ਹੈ, ਪਰ ਆਦਮੀ ਅਜੇ ਉਸ ਦੀ ਕਾਬਲੀਅਤ ਨੂੰ ਨਜ਼ਰ-ਅੰਦਾਜ਼ ਕਰ ਰਿਹਾ ਹੈ।

ਡਾ. ਇਕਬਾਲ ਕੌਰ ਨੂੰ ਧੀਆਂ ਦੇ ਦੁੱਖੜੇ, ਸੋਚਣ ਲਈ ਮਜਬੂਰ ਕਰਦੇ ਹਨ ਕਿ ਕੀ ਮਾਪਿਆਂ ਕੋਲ ਦੇਸੀਂ-ਪਰਦੇਸੀਂ ਵੱਸਦੀਆਂ ਧੀਆਂ ਦੀ ਹਰ ਘੜੀ ਸਲਾਮਤੀ ਲਈ ਦੁਆ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ। ਕਿਰਪਾ, ਪਰਮ ਅਤੇ ਸੀਰਤ ਵਰਗੀਆਂ ਨਾਇਕ ਧੀਆਂ ਦੀ ਚੇਤਨਾ ਇਸ ਦਿਸ਼ਾ ਵੱਲ ਨਰੋਏ ਕਦਮ ਹਨ।

ਡਾ. ਇਕਬਾਲ ਕੌਰ ਸੰਨ ਸੰਤਾਲੀ ਦੇ ਲਹੂ-ਭਿੱਜੇ ਇਤਿਹਾਸ ਨੂੰ ਸੱਠ ਸਾਲ ਲੰਘਣ 'ਤੇ ਵੀ ਨਹੀਂ ਭੁੱਲੀ। 'ਬਟਵਾਰਾ' ਕਹਾਣੀ ਉਸ ਹੌਲਨਾਕ ਹਾਲਾਤ ਦਾ ਦ੍ਰਿਸ਼ ਪੇਸ਼ ਕਰਦੀ ਹੈ ਜਿਸ ਵਿਚੋਂ ਲੰਘਣ ਸਮੇਂ ਮਨੁੱਖ ਨੂੰ ਆਪਣੇ ਆਪ ਉੱਤੇ ਸ਼ਰਮਸਾਰ ਹੋਣਾ ਪਏ। ਜਦੋਂ ਮਨੁੱਖ ਇਕ ਮਨੁੱਖ ਨਾ ਰਹਿ ਕੇ ਇਕ ਵਹਿਸ਼ੀ ਦਰਿੰਦਾ ਬਣ ਗਿਆ। ਧਰਮ ਦੇ ਨਾਂ 'ਤੇ ਲੱਖਾਂ ਨਿਰਦੋਸ਼ ਹਿੰਦੂ-ਮੁਸਲਮਾਨਾਂ ਤੇ ਸਿੱਖਾਂ ਦਾ ਕਤਲ ਅੱਜ ਵੀ ਦਿਲ ਕੰਬਾ ਦੇਂਦਾ ਹੈ। ਦੂਜੇ ਪਾਸੇ ਭਲੇ ਲੋਕਾਂ ਦੀ ਆਪਣੀ ਜਾਨ ਨੂੰ ਜੋਖ਼ਮ ਵਿਚ ਪਾ ਕੇ ਆਪਣੇ ਪਿੰਡ ਵਾਸੀਆਂ ਦੀ ਰੱਖਿਆ ਕਰਨੀ ਇਨਸਾਨੀਅਤ ਦੀ ਇਕ ਅਦੁੱਤੀ ਮਿਸਾਲ ਹੈ।



Academy of the Punjab in North America: http://www.apnaorg.com

ਡਾ. ਇਕਬਾਲ ਕੌਰ ਦੀਆਂ ਕਹਾਣੀਆਂ ਵਿਚ ਅਨੁਭਵ ਦੀ ਤੀਖਣਤਾ ਹੈ। ਉਸ ਨੇ ਨਿਤਾ-ਪ੍ਰਤੀ ਜੀਵਨ ਵਿਚ ਆਈਆਂ ਸਮੱਸਿਆਵਾਂ ਨੂੰ ਆਪਣੀਆਂ ਕਹਾਣੀਆਂ ਦਾ ਆਧਾਰ ਬਣਾਇਆ ਹੈ। ਉਸ ਦੀ ਵਿਸ਼ੇ ਉੱਤੇ ਮਜ਼ਬੂਤ ਪਕੜ ਹੈ। ਉਸ ਨੂੰ ਕਹਾਣੀ ਕਹਿਣ ਦੀ ਜਾਚ ਆਉਂਦੀ ਹੈ। ਉਸ ਦੀ ਕਹਾਣੀ ਵਿਚ ਰਵਾਨੀ ਹੈ। ਉਸ ਦੀਆਂ ਕਹਾਣੀਆਂ ਜ਼ਿੰਦਗੀ ਦੇ ਕੌੜੇ ਸੱਚ ਨੂੰ ਬਿਆਨ ਕਰਦੀਆਂ ਪਾਠਕ ਦੀ ਅੰਤਰ-ਆਤਮਾ ਨੂੰ ਝੰਜੋੜਦੀਆਂ ਹਨ।

ਡਾ. ਇਕਬਾਲ ਕੌਰ ਦਾ ਕਹਾਣੀ-ਸੰਗ੍ਰਹਿ 'ਬਟਵਾਰਾ' ਪੰਜਾਬੀ ਕਹਾਣੀ ਦੀ ਪ੍ਰਾਪਤੀ ਹੈ। ਸਾਨੂੰ ਉਸ ਕੋਲੋਂ ਨਿਰੰਤਰ ਕਹਾਣੀ ਰਚਨਾਵਾਂ ਦੀ ਸਿਰਜਨਾ ਦੀ ਆਸ ਹੈ। ਮੈਂ ਇਕ ਵਾਰੀ ਫਿਰ ਉਸ ਨੂੰ ਮੁਬਾਰਕਬਾਦ ਦੇਂਦੀ ਹਾਂ।

**ਅਤਰਜੀਤ ਕੌਰ ਸੂਰੀ**
186, ਗਰੀਨ ਐਵੇਨਿਊ, ਅੰਮ੍ਰਿਤਸਰ



Academy of the Punjab in North America: http://www.apnaorg.com

# ਦੋ ਸ਼ਬਦ

ਕਹਾਣੀ ਮਨੁੱਖੀ ਜੀਵਨ ਦੇ ਮੁੱਢ ਨਾਲ ਹੀ ਜੰਮੀ ਤੇ ਹਰ ਮਨੁੱਖ ਕਿਤੇ ਨਾ ਕਿਤੇ ਕਹਾਣੀ ਰਚਦਾ ਹੈ। ਯਾਦ ਆਉਂਦਾ ਹੈ ਮੈਂ ਇਕ ਅਦਨਾ ਜਿਹਾ ਬਿਰਤਾਂਤ 'ਸਮੇਂ ਦਾ ਚੱਕਰ' ਆਪਣੀ ਨੌਂ ਕੁ ਸਾਲ ਦੀ ਉਮਰ ਵਿਚ ਝਰੀਟਣ ਦਾ ਯਤਨ ਕੀਤਾ। ਅਗਲੀ ਸਵੇਰ ਨੂੰ ਮੈਂ ਉੱਪਰ ਆਪਣੀ ਦੁੱਧ ਰਿੜਕਦੀ ਮਾਂ ਨੂੰ ਸੁਣਾ ਕੇ ਬੱਚਿਆਂ ਵਾਲੀ ਖ਼ੁਸ਼ੀ ਲੈ ਰਹੀ ਸਾਂ ਤਾਂ ਮੈਨੂੰ ਪੌੜੀਆਂ ਵਿਚੋਂ ਚੜ੍ਹਦੀ ਆਪਣੀ ਦਾਦੀ ਦਾ ਸਿਰ ਦਿਸਿਆ। ਉਸ ਨੇ ਮੇਰੇ ਕੋਲ ਆ ਕੇ ਗੁੱਸੇ ਨਾਲ ਕਰਿਝਦਿਆਂ ਕਿਹਾ, "ਤੇਰੇ ਬਾਪੂ ਨੂੰ ਲੋੜ ਸੀ, ਉਹਨਾਂ ਮੈਨੂੰ ਵਿਆਹ ਲਿਆਂਦਾ। ਪਿੰਡ ਮਿਸ਼ਰੀ ਚੱਕ ਛੋਟਾ ਘਰ ਸੀ ਜਾਂ ਇਧਰ ਵੱਡੀ ਸਰਦਾਰੀ, ਤੂੰ ਕੌਣ ਹੁੰਨੀ ਏਂ ਇਹ ਗੱਲਾਂ ਛਾਪਣ ਵਾਲੀ ? ਤੇਰੀ ਮਾਂ ਨੇ ਨਹੀਂ ਤੈਨੂੰ ਵਰਜਿਆ ?"

ਉਹਨਾਂ ਮੈਨੂੰ ਬਾਲੜੀ ਜਿਹੀ ਉਮਰ ਵਿਚ ਐਸਾ ਝੰਬਿਆ ਕਿ ਮੈਂ ਅੱਗੇ ਤੋਂ ਇਸ ਜੁਰਅੱਤ ਤੋਂ ਕੰਨਾਂ ਨੂੰ ਹੱਥ ਲਾਏ। ਸਮਕਾਲੀ ਕਰੂਰ ਹਕੀਕਤਾਂ ਦੇ ਬਿਰਤਾਂਤ ਪੇਸ਼ ਕਰਨਾ ਵਾਕਿਆ ਹੀ ਇਕ ਜੁਰਅੱਤ ਹੁੰਦੀ ਹੈ, ਜੋ ਮੈਂ ਮੁੜ ਕੇ ਨਾ ਕਰ ਸਕੀ।

ਸੰਤਾਲੀ ਵਿਚ ਦੇਸ਼ ਦੇ ਬਟਵਾਰੇ ਦੀ ਤਬਾਹੀ, ਖ਼ੌਫ਼ ਤੇ ਇਧਰੋਂ ਉਧਰ ਹੌਲੀ ਹੌਲੀ ਸਰਕਦੇ ਬੰਦਿਆਂ ਦੇ ਲੰਮੇ ਕਾਫ਼ਲਿਆਂ ਨਾਲ ਧੀਮੇ ਵਹਿੰਦੇ ਦਰਿਆ ਨਿਆਈਂ ਚਿੱਟੀ ਹੋਈ ਜਰਨੈਲੀ ਸੜਕ ਵੇਖੀ ਦਾ ਬਚਪਨ ਦਾ ਚੇਤਾ ਦੱਬਿਆ ਗਿਆ ਤੇ ਉਧਰੋਂ ਆਏ ਲੁੱਟੇ-ਪੁੱਟੇ ਪਨਾਹਗੀਰਾਂ ਦੇ ਮੁਰਝਾਏ ਬੇਬਸ ਚਿਹਰੇ ਮੇਰੇ ਅਚੇਤ ਵਿਚ ਚਲੇ ਗਏ।

ਮੁੜ ਅੰਮ੍ਰਿਤਸਰ ਵਿਚ ਬੀ.ਐੱਡ ਅਤੇ ਐਮ.ਏ. ਕਰਦਿਆਂ ਤੇ ਫਿਰ (1976-78) ਵਿਚ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਪੜ੍ਹਾਉਂਦਿਆਂ ਕੁਝ ਲਿਖ ਕੇ ਆਪਣੇ ਸਹਿਯੋਗੀਆਂ ਅਤੇ ਵਿਦਿਆਰਥੀਆਂ ਨਾਲ ਸਾਂਝਾ ਕਰ ਲੈਣਾ ਚੰਗਾ ਲੱਗਦਾ ਰਿਹਾ ਪਰ ਲੰਮਾ ਸਮਾਂ ਮੈਨੂੰ ਆਪਣੀ ਅਗਿਆਨਤਾ ਵੱਸ ਜਾਂ ਸੰਗਾਊ ਸੁਭਾਅ ਕਰ ਕੇ ਛਪਣ-ਛਪਾਉਣ ਦੇ ਆਹਰ ਵਿਚ ਪ੍ਰਚਾਰ ਕਾਰਜ ਦੀ ਰੁਚੀ ਦਾ ਆਭਾਸ ਹੁੰਦਾ ਰਿਹਾ। ਅੱਸੀਵੇਂ ਦੇ ਨੇੜੇ ਰੋਜ਼ਾਨਾ ਪੰਜਾਬੀ 'ਅਜੀਤ'



Academy of the Punjab in North America: http://www.apnaorg.com

ਵਿਚ ਮੇਰੀਆਂ ਕਹਾਣੀਆਂ 'ਪਹਿਚਾਣ' ਅਤੇ 'ਮੇਰਿਆ ਰਾਜਿਆ!' ਪ੍ਰਕਾਸ਼ਿਤ ਹੋਈਆਂ। ਮੈਨੂੰ ਜ਼ਿੰਦਗੀ ਵਿਚ ਬਹੁਤ ਘੱਟ ਅਵਸਰ ਕਾਲਜ ਵਿਚ ਪੜ੍ਹਨ ਦਾ ਪ੍ਰਾਪਤ ਹੋਇਆ ਪਰ ਆਪਣੇ ਸਹਿਪਾਠੀਆਂ, ਅਧਿਆਪਕਾਂ, ਗਾਈਡ ਅਤੇ ਵਿਦਿਆਰਥੀਆਂ ਤੇ ਸਹਿਯੋਗੀਆਂ ਦੇ ਰੂਪ ਵਿਚ ਮੈਨੂੰ ਬਹੁਤ ਪਿਆਰੇ ਮਨੁੱਖ ਮਿਲੇ, ਮੇਰਾ ਮਨੁੱਖ ਦੀ ਚੰਗਿਆਈ ਤੇ ਸਾਂਝੀ ਮਨੁੱਖਤਾ ਵਿਚ ਮੁੜ ਵਿਸ਼ਵਾਸ ਬਹਾਲ ਹੋ ਗਿਆ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਭਾਸ਼ਾ, ਸਾਹਿਤ, ਸਭਿਆਚਾਰ ਵਿਭਾਗ, ਪੰਜਾਬੀ ਅਧਿਐਨ ਸਕੂਲ ਅਤੇ ਭਗਤ ਨਾਮਦੇਵ ਚੇਅਰ ਦੇ ਕਾਰਜ ਦੌਰਾਨ ਅਧਿਕ ਕੰਮ ਲਿਖਣ-ਪੂੰਝਣ ਅਤੇ ਲੱਭਣ ਭਾਵ ਅਧਿਐਨ, ਅਧਿਆਪਨ ਅਤੇ ਖੋਜ ਪ੍ਰਕਿਰਤੀ ਦਾ ਸੀ।

ਚਿਰਾਂ ਤੋਂ ਹੁਣ ਤਕ ਦੇਸ਼-ਵੰਡ ਸਮੇਂ ਦੇ ਰੌਲਿਆਂ ਵਿਚ ਵੱਡੀ ਪੱਧਰ 'ਤੇ ਕਤਲੇਆਮ ਅਤੇ ਤਬਾਹੀ ਦੀਆਂ ਹੌਲਨਾਕ ਘਟਨਾਵਾਂ ਦੇ ਪਾਤਰ ਮੇਰੇ ਸੰਗ ਰਹੇ। ਅਨੁਭਵ ਕੀਤਾ, ਇਹ ਸਥਿਤੀਆਂ ਯੁਗਾਂ ਤੋ ਆਪਣੀ ਹੋਂਦ ਬਣਾਈ ਰੱਖਦੀਆਂ ਹਨ। ਅੱਜ ਇਹ ਵੱਖਰੇ ਰੂਪਾਂ ਵਿਚ ਸਮਾਜ ਵਿਚ ਮੌਜੂਦ ਹਨ ਪਰ ਦਿਨ-ਬ-ਦਿਨ ਇਹ ਸਮੁੱਚਾ ਵਰਤਾਰਾ ਹੋਰ ਦੂਸ਼ਿਤ ਹੋ ਰਿਹਾ ਹੈ। ਜਗ-ਜਣਨੀ ਦੇ ਤ੍ਰਿਸਕਾਰ ਅਤੇ ਜਾਤੀ-ਜਮਾਤੀ ਵੰਡ ਦਾ ਨਾਂਹ-ਵਾਚੀ ਵਿਹਾਰ ਚਰਮਸੀਮਾ 'ਤੇ ਪੁੱਜ ਗਿਆ ਹੈ। ਬਾਬੇ ਨਾਨਕ ਦੇ ਸਮਕਾਲ ਦਾ ਵਰਤਾਰਾ ਬਦਲਿਆ ਨਹੀਂ। ਧਰਮ ਦੀ ਸਪਿਰਟ ਖੰਭ ਲਾ ਕੇ ਉੱਡ ਗਈ ਹੈ ਤੇ ਕੂੜ ਦੀ ਮੱਸਿਆ ਵਿਚ ਸੱਚ ਦਾ ਚੰਦਰਮਾ ਅਲੋਪ ਹੋ ਗਿਆ ਹੈ। ਅਸੀਂ ਐਵੇਂ ਆਦਰਸ਼ਵਾਦ ਦਾ ਮਲਬਾ ਚੁੱਕਣ ਦਾ ਭਰਮ ਪਾਲਦੇ ਰਹਿੰਦੇ ਹਾਂ।

ਨਿਤ ਦਿਨ ਚਾਰ-ਚੁਫੇਰੇ ਸਾਂਝੀ ਮਨੁੱਖਤਾ ਦਾ ਘਾਣ ਹੁੰਦਾ ਵੇਖ ਕੇ ਤੇ ਆਮ ਮਨੁੱਖ ਦੀ ਤਰਸਯੋਗ ਹਾਲਤ ਨੂੰ ਅਨੁਭਵ ਕਰਦਿਆਂ ਮੇਰੇ ਅੰਦਰ ਵੱਸੇ ਪਾਤਰ ਤੇ ਅੱਖੀਂ ਵੇਖੀਆਂ ਘਟਨਾਵਾਂ ਖੌਰੂ ਪਾਉਂਦੀਆਂ, ਮੈਨੂੰ ਰਾਤ-ਦਿਨ ਬੇਚੈਨ ਕਰਦੀਆਂ। ਪਰ ਇਹਨਾਂ ਦ੍ਰਿਸ਼ਾਂ ਨੂੰ ਸਾਕਾਰ ਕਰਾਂ, ਇਹਨਾਂ ਪਾਤਰਾਂ ਨਾਲ ਜਾਣ-ਪਹਿਚਾਣ ਕਰਾਵਾਂ, ਦੇ ਕਾਰਜ ਦੇ ਰਾਹ ਵਿਚ ਮੇਰੀ ਅਗਾਂਹ ਅਗਾਂਹ ਪਾਉਣ ਦੀ ਮੰਦੀ ਵਾਦੀ ਰੋਕ ਬਣ ਜਾਂਦੀ।

'ਭਰੂਣ ਹੱਤਿਆ' ਦੇ ਸਮੱਸਿਆਕਾਰ ਨਾਲ ਪਰੀਚਿਤ ਕਰਾਉਂਦੀ ਮੇਰੀ ਕਹਾਣੀ ਰਚਨਾ 'ਸੁਕੀਰਤ' 2006 ਵਿਚ ਅਜੀਤ ਵਿਚ ਛਪੀ ਤੇ ਟਰੌਂਟੋ ਦੀ ਪੰਜਾਬੀ ਅਖ਼ਬਾਰ 'ਵੀਕਲੀ ਆਵਾਜ਼' ਵਿਚ ਛਾਪੀ ਗਈ ਵੀ ਪ੍ਰਾਪਤ ਹੋਈ। 'ਫੁੱਲ' ਅਤੇ ਪਰੀ ਬਾਲੜੀ ਉਨਵਾਨ ਦੇ ਅੰਤਰਗਤ 'ਚਾਂਦਨੀ' 'ਦੇਸ-ਪ੍ਰਦੇਸ' ਸਾਊਥਹਾਲ



Academy of the Punjab in North America: http://www.apnaorg.com

ਤੇ 'ਦੇਸ ਪ੍ਰਦੇਸ' ਐਡਮਿੰਟਨ ਵਿਚ ਛਪੀਆਂ। 'ਗੋਰਾ' ਦੀ ਪ੍ਰਕਾਸ਼ਨਾ 'ਮਾਨਸਰੋਵਰ' ਦੇ ਨਾਰੀ ਦਿਵਸ ਅੰਕ ਵਿਚ ਹੋਈ।

ਤੁਹਾਡਾ, ਮੇਰਾ ਸਭ ਦਾ ਇਹ ਇਕ ਵਿਆਪਕ ਅਨੁਭਵ ਹੈ ਕਿ ਅਜੋਕੀ ਰਾਜਨੀਤੀ ਦੇ ਘਾੜਿਆਂ ਦੀਆਂ ਮੰਦ-ਨੀਤੀਆਂ ਨੇ ਅਜੋਕੇ ਮਨੁੱਖ ਨੂੰ ਅੰਤਰੀਵ ਪੱਧਰ 'ਤੇ ਪੂਰੀ ਤਰ੍ਹਾਂ ਲੰਗਾਰ ਕੇ ਰੱਖ ਦਿੱਤਾ ਹੈ, ਜਿਸ ਦੀ ਉਪਜ ਹੈ ਮਨੁੱਖ ਦੀ ਸੁਆਰਥੀ ਤੇ ਸ੍ਵੈ-ਕੇਂਦਰਿਤ ਸੋਚ, ਬੇਰੰਗ ਅਤੇ ਸ਼ੱਕੀ ਰਿਸ਼ਤੇ ਅਤੇ ਬੱਚਿਆਂ ਦੀਆਂ ਵਿਕਾਰੀ ਮਨੋ-ਗੰਢਾਂ।

ਕੁਲ ਮਿਲਾ ਕੇ ਇਹ ਕਹਾਣੀਆਂ ਮੈਨੂੰ ਜੀਵਨ ਵਿਚ ਵਿਚਰਦਿਆਂ ਵੱਖ-ਵੱਖ ਪ੍ਰਸਥਿਤੀਆਂ ਵਿਚੋਂ ਪ੍ਰਾਪਤ ਹੋਈਆਂ ਹਨ। ਇਹਨਾਂ ਵਿਚ ਅਨੁਭਵ ਵੇਰਵੇ ਦਾ ਵੱਖਰੇਵਾਂ ਹੈ, ਪਰ ਸਾਂਝ ਦੀ ਕੜੀ ਮਾਨਵਤਾ ਦੇ ਅਟੁੱਟ ਰਿਸ਼ਤੇ ਦੇ ਆਧਾਰ 'ਤੇ ਬਣਦੀ ਹੈ।

ਇਹ ਯਤਨ ਪਾਠਕਾਂ ਨੂੰ ਭੇਂਟ ਕਰਦਿਆਂ ਮੈਨੂੰ ਇਕ ਸੁਖਦ ਸਕੂਨ ਅਨੁਭਵ ਹੋ ਰਿਹਾ ਹੈ ਕਿ ਮੈਂ ਮਨੁੱਖੀ ਮਨ ਅੰਦਰ ਮਾਨਵੀ, ਕਦਰਾਂ ਨੂੰ ਜਗਾਉਣ ਵਿਚ ਆਪਣਾ ਨਿਮਾਣਾ ਜਿਹਾ ਹਿੱਸਾ ਪਾਉਣ ਦਾ ਯਤਨ ਕੀਤਾ ਹੈ। ਪਰ ਇਹ ਨਿਰਣਾ ਵਿਦਵਾਨ ਪਾਠਕਾਂ ਨੇ ਕਰਨਾ ਹੈ।

ਸਾਹਿਤਕ ਸੰਵਾਦ ਦੀ ਰੁਚੀ ਬਰਕਰਾਰ ਰੱਖਣ ਲਈ ਮੈਂ ਅੰਮ੍ਰਿਤਸਰ ਦੇ ਸਮੂਹ ਲੇਖਕਾਂ, ਸਾਹਿਤ, ਸਭਿਆਚਾਰਕ ਸੰਸਥਾਵਾਂ, ਸਾਹਿਤ ਵਿਚਾਰ ਕੇਂਦਰ, ਨਾਰੀ ਚੇਤਨਾ ਮੰਚ ਅੰਮ੍ਰਿਤਸਰ (ਰਜਿ:), ਸਮੇਂ ਸਮੇਂ ਸੰਪਰਕ ਵਿਚ ਆਏ ਆਲੋਚਕ ਵਿਦਵਾਨਾਂ, ਆਪਣੇ ਪਰਿਵਾਰ ਦੇ ਮੈਂਬਰਾਂ, ਸੰਬੰਧੀਆਂ ਅਤੇ ਪਰਿਵਾਰ ਦੇ ਮਿੱਤਰ-ਮੰਡਲ ਦੀ ਧੰਨਵਾਦੀ ਹਾਂ।

ਸ੍ਰੀ ਮਤੀ ਅਤਰਜੀਤ ਸੂਰੀ, ਡਾ. ਜਗਜੀਤ ਸਿੰਘ ਅਤੇ ਡਾ ਬਿਕਰਮ ਸਿੰਘ ਘੁੰਮਣ ਦਾ ਧੰਨਵਾਦ ਕਰਨਾ ਵੀ ਮੇਰੇ ਲਈ ਇਕ ਖ਼ੁਸ਼ਗਵਾਰ ਫ਼ਰਜ਼ ਹੈ।

ਵਿਦਵਾਨ ਪਾਠਕਾਂ ਦੀ ਰਾਇ ਦਾ ਸਦਾ ਸੁਆਗਤ ਰਹੇਗਾ।

**ਇਕਬਾਲ ਕੌਰ (ਡਾ.)**
*(ਰਿਟਾ. ਪ੍ਰੋ.ਫ਼ੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ)*
E-34, ਰਣਜੀਤ ਐਵੇਨਿਊ, ਅੰਮ੍ਰਿਤਸਰ
ਫ਼ੋਨ : 0183-2507434,
ਮੋਬਾਇਲ : 9888716575



Academy of the Punjab in North America: http://www.apnaorg.com

# ਸੁਕੀਰਤ

ਸੀਰਤ ਨੇ ਦਰਵਾਜ਼ੇ ਦੇ ਬਾਹਰ ਖੜੀ ਹੋ ਕੇ ਡੱਡੋਲਿੱਕੀ ਆਵਾਜ਼ ਵਿਚ ਕਿਹਾ, "ਮਾਮ, ਮੈਨੂੰ ਤਿਆਰ ਨਹੀਂ ਕਰ ਰਹੇ, ਮੈਨੂੰ ਅੱਜ ਸਕੂਲ ਨਹੀਂ ਭੇਜਣਾ ?"

"ਬੇਟਾ ਠਹਿਰ, ਮੈਂ ਆ ਰਹੀ ਹਾਂ, ਪਹਿਲਾਂ ਮੈਨੂੰ ਤੌਲੀਆ ਲਿਆ ਕੇ ਦੇ, ਕਾਹਲੀ ਨਾਲ ਯਾਦ ਹੀ ਨਹੀਂ ਰਿਹਾ। ਪਤਾ ਨਹੀਂ ਦਿਨ-ਬਦਿਨ ਮੇਰੀ ਯਾਦਦਾਸ਼ਤ ਕਿਉਂ ਘਟ ਰਹੀ ਹੈ। ਕੋਈ ਚੀਜ਼ ਵੀ ਯਾਦ ਨਹੀਂ ਰਹਿੰਦੀ, ਐਸਾ ਦਿਮਾਗ਼ ਚਕਰਾ ਗਿਆ ਹੈ।" ਕਹਿੰਦਿਆਂ ਪਰਮ 'ਵਾਸ਼ਰੂਮ' ਦੇ ਦਰਵਾਜ਼ੇ ਦੇ ਅੰਦਰਲੇ ਪਾਸੇ ਢੋਅ ਲਾ ਕੇ ਖਲੋ ਗਈ। ਇਸ ਢਾਰਸ ਨਾਲ ਖਲੋ ਕੇ ਉਸ ਨੂੰ ਇੰਜ ਜਾਪਿਆ ਜਿਵੇਂ ਕੁਝ ਪਲਾਂ ਲਈ ਰਾਹਤ ਮਿਲ ਗਈ ਹੋਵੇ। ਪ੍ਰੇਸ਼ਾਨੀ ਵਿਚ ਉਸ ਨੂੰ ਪਾਣੀ ਦੀ ਟੂਟੀ ਵੀ ਬੰਦ ਕਰਨੀ ਭੁੱਲ ਗਈ।

ਏਨੇ ਨੂੰ ਉਸ ਨੂੰ ਬਾਹਰੋਂ ਹਰਜਾਪ ਦੀ ਰੁੱਖੀ ਆਵਾਜ਼ ਸੁਣਾਈ ਦਿੱਤੀ। ਉਹ ਗੁੱਸੇ ਨਾਲ ਕਹਿ ਰਿਹਾ ਸੀ, "ਤੇਰੀ ਮੰਮੀ ਤੌਲੀਆ ਪਹਿਲਾਂ ਕਿਉਂ ਨਹੀਂ ਲੈ ਕੇ ਗਈ ? ਦਿਮਾਗ਼ ਜੂ ਟਿਕਾਣੇ ਨਹੀਂ, ਵਾਧੂ ਸੋਚਾਂ ਲਾ ਛੱਡਦੀ ਹੈ, ਪਤਾ ਨਹੀਂ ਇਹਨਾਂ ਔਰਤਾਂ ਦੀ ਕਿਉਂ ਮੱਤ ਮਾਰੀ ਰਹਿੰਦੀ ਹੈ, ਬੰਦਾ ਕੰਮ ਦੀ ਗੱਲ ਕਰੇ ਉਹ ਵੀ ਪੁੱਠੀ ਸਮਝਣੀ, ਪਰਿਵਾਰ ਵਿਚ ਕੋਈ ਸ਼ਾਂਤੀ ਰਹਿਣ ਨਹੀਂ ਦੇਣੀ।"

ਸੀਰਤ ਨੇ ਕੰਬਦੇ ਹੱਥਾਂ ਨਾਲ ਪਰਮ ਨੂੰ ਤੌਲੀਆ ਫੜਾਉਂਦਿਆਂ ਫੇਰ ਕਿਹਾ, "ਮਾਮਾ, ਪਲੀਜ਼ ਮੈਨੂੰ ਤਿਆਰ ਕਰੋ, ਤੁਸੀਂ ਆਪ ਨਹੀਂ ਅੱਜ ਜਾਣਾ ?"

ਪਰਮ ਨੇ ਕੱਪੜੇ ਬਦਲੇ, ਸੀਰਤ ਨੂੰ ਆਪਣੇ ਨਾਲ ਲਾ ਕੇ ਉਸ ਦਾ ਸਿਰ ਪਲੋਸਿਆ ਤੇ ਬਾਹਰ ਆ ਕੇ ਸਿੱਧੀ ਡਰੈਸਿੰਗ ਰੂਮ ਵੱਲ ਮੁੜ ਗਈ। ਕਾਹਲੀ-ਕਾਹਲੀ ਹੱਥਾਂ ਦੀਆਂ ਉਂਗਲਾਂ ਨਾਲ ਹੀ ਸਿਰ ਦੇ ਵਾਲ ਸਿੱਧੇ ਕੀਤੇ।

ਉਸ ਨੂੰ ਯਾਦ ਆਇਆ, ਕੰਮ ਉੱਤੇ ਜਾਣ ਬਾਰੇ ਤਾਂ ਮੈਂ ਮਿਸਿਜ਼ ਰਾਜਬੀਰ ਨੂੰ ਕੱਲ੍ਹ ਅਰਜ਼ੀ ਦੇ ਆਈ ਸਾਂ, ਉਹ ਮੇਰੀ ਅਰਜ਼ੀ ਨੂੰ ਫੜ ਕੇ ਕੁਝ ਹੈਰਾਨ ਵੀ ਹੋਈ ਸੀ ਕਿ ਤਬੀਅਤ ਤਾਂ ਪੂਰੀ ਠੀਕ ਹੈ ਪਰ ਇਸ ਬਹਾਨੇ ਨਾਲ ਛੁੱਟੀ ਕਿਉਂ ਲੈ ਰਹੀ ਹਾਂ ? ਕਿਹੜਾ ਕੰਮ ਹੋਵੇਗਾ, ਜੋ ਮੈਂ ਉਸ ਨੂੰ ਦੱਸ ਨਹੀਂ ਸਕਦੀ, ਕਿਉਂਕਿ



Academy of the Punjab in North America: http://www.apnaorg.com

ਅਕਸਰ ਅਸੀਂ ਘਰ-ਬਾਹਰ ਦੀਆਂ ਗੱਲਾਂ ਸਾਂਝੀਆਂ ਕਰ ਲੈਂਦੀਆਂ ਸੀ ਤੇ ਨਾਲੇ ਜਦੋਂ ਮੈਂ ਅਰਜ਼ੀ ਦੇ ਕੇ ਮੁੜ ਹਾਜ਼ਰ ਹੋ ਜਾਣਾ ਹੈ ਤਾਂ ਇਹ ਸਾਰਾ ਰਾਜ਼ ਖੁੱਲ੍ਹ ਜਾਵੇਗਾ। ਮੇਰੀ ਵਿਚਾਰਧਾਰਾ ਦਾ ਵੀ ਜਲੂਸ ਨਿਕਲ ਜਾਵੇਗਾ। ਜਿਸ ਨਾਲ ਮੈਂ ਹੁਣ ਤਕ ਪਰਨਾਈ ਹੋਈ ਸਾਂ ਤੇ ਦੂਸਰਿਆਂ ਨੂੰ ਵੀ ਇਸ ਉੱਤੇ ਡਟਣ ਦਾ ਉਪਦੇਸ਼ ਦਿੰਦੀ ਹੁੰਦੀ ਸਾਂ।

ਸੀਰਤ ਜਿਸ ਦਾ ਚਿਹਰਾ ਹੁਣ ਤਕ ਪੂਰੀ ਤਰ੍ਹਾਂ ਮੁਰਝਾ ਚੁੱਕਾ ਸੀ, ਨੇ ਪਰਮ ਨੂੰ ਘੁੱਟ ਕੇ ਜੱਫੀ ਪਾ ਲਈ। ਪਰਮ ਨੇ ਬੱਚੀ ਨੂੰ ਘੁੱਟ ਕੇ ਗਲ ਨਾਲ ਲਾਇਆ ਤੇ ਮੂੰਹ ਵਿਚ ਬੋਲਦਿਆਂ ਕਹਿਣ ਲੱਗੀ, “ਇਹ ਬੱਚੇ ਮੈਨੂੰ ਕਦਾਚਿੱਤ ਮੁਆਫ਼ ਨਹੀਂ ਕਰਨਗੇ, ਮੈਨੂੰ ਇਸ ਦੀ ਸਜ਼ਾ ਮਿਲੇਗੀ ਕਿ ਮੈਂ ਇੰਨੀ ਕਮਜ਼ੋਰ ਕਿਉਂ ਸਾਂ ?’

ਏਨੇ ਨੂੰ ਉਸ ਨੂੰ ਹਰਜਾਪ ਦੀ ਕੜਕਵੀਂ ਆਵਾਜ਼ ਮੁੜ ਸੁਣੀ। ਉਹ ਕਹਿ ਰਿਹਾ ਸੀ, “ਅੱਜ ਤੂੰ ਫੇਰ ਬੇਵਕਤਾ ਪੀਹਣ ਪਾ ਲਿਆ ਏ, ਤੇਰੀ ਤਿਆਰੀ ਪੂਰੀ ਨਹੀਂ ਹੁੰਦੀ, ਬੱਚੀ ਕਦੋਂ ਦੀ ਤੇਰੇ ਮੂੰਹ ਵੱਲ ਵੇਖਣ ਡਹੀ ਹੈ, ਮੈਂ ਕੋਈ ਵਿਹਲਾ ਥੋੜ੍ਹਾ ਹਾਂ, ਜਲਦੀ ਕਰ, ਮੈਂ ਤੁਹਾਨੂੰ ਉਤਾਰ ਕੇ ਆਵਾਂ, ਅੱਜ ਮੈਂ ਲੈਣ ਨਹੀਂ ਆ ਸਕਦਾ, ਸੀਰਤ ਨੂੰ ਲੈ ਆਵੀਂ, ਜ਼ਰੂਰੀ ਗੱਲ ਹੈ ਕਿ ਸ਼ਾਮ ਨੂੰ ਉਧਰ ਵੀ ਜਾਣਾ ਹੈ, ਮੈਂ ਸਮਾਂ ਲਿਆ ਹੈ, ਭੁੱਲੀਂ ਨਾ।”

ਕਮਰੇ ਵਿਚੋਂ ਨਿਕਲਦਿਆਂ ਹਰਜਾਪ ਨੇ ਗੱਲ ਨੂੰ ਜਾਰੀ ਰੱਖਦਿਆਂ ਕਿਹਾ, “ਪਤਾ ਨਹੀਂ ਇਹਨਾਂ ਔਰਤਾਂ ਦਾ ਦਿਮਾਗ਼ ਕਿਉਂ ਖ਼ਰਾਬ ਹੋ ਜਾਂਦਾ ਹੈ, ਨਾ ਕੋਈ ਸਮੇਂ ਦੀ ਕਦਰ ਹੈ, ਨਾ ਆਪਣੀ ਭਲਾਈ ਦਾ ਕੋਈ ਅਹਿਸਾਸ ਹੈ, ਦੂਰਅੰਦੇਸ਼ੀ ਵਾਲੀ ਗੱਲ ਤਾਂ ਦਿਮਾਗ਼ ਵਿਚ ਬਿਠਾਉਣੀ ਨਾ ਹੋਈ, ਬੰਦਾ ਕੀ ਕਰੇ ? ਕਿੰਨਾ ਕੁ ਸਮਝਾਵੇ। ਚਲੋ, ਜਲਦੀ ਕਰੋ, ਮੇਰੇ ਕੋਲ ਇੰਨਾ ਸਮਾਂ ਨਹੀਂ, ਸ਼ਾਮ ਨੂੰ ਉਧਰ ਜ਼ਰੂਰ ਜਾਣਾ ਹੈ।”

ਸੀਰਤ ਨੂੰ ਰਸੋਈ ਵੱਲ ਧੱਕਦਿਆਂ ਪਰਮ ਨੇ ਕਿਹਾ, “ਹੱਛਾ ਸਾਹਿਬ ਜੀ ! ਸੁਣ ਲਿਆ, ਹੁਣ ਬਾਰ-ਬਾਰ ਨਾ ਕਹਿਣਾ, ਮੈਂ ਕੋਈ ਗੂੰਗੀ-ਬੋਲੀ ਨਹੀਂ।”

ਹਰਜਾਪ ਜੋ ਹੁਣ ਤਕ ਪਰਮ ਦੀ ਮਨੋਅਵੱਸਥਾ ਸਮਝ ਚੁੱਕਾ ਸੀ, ਖਿੱਝ ਕੇ ਕਹਿਣ ਲੱਗ ਪਿਆ, “ਪਤਾ ਨਹੀਂ ਇਹਦੇ ਦਿਮਾਗ਼ ਨੂੰ ਕੀ ਹੋ ਗਿਆ ਹੈ, ਜਿੱਦਾਂ ਇਹ ਨੌਕਰੀ ਕਰ ਕੇ ਮੇਰੇ ’ਤੇ ਕੋਈ ਅਹਿਸਾਨ ਕਰ ਰਹੀ ਹੈ, ਮੈਂ ਤਾਂ ਨੌਕਰੀ ਕਰਨ ਲਈ ਇਸ ਲਈ ਮੰਨ ਗਿਆ ਸਾਂ ਕਿ ਚਲੋ ਜਨਾਨੀਆਂ ਕਾਲਜ ਜਾ ਕੇ ਨੌਕਰੀ ਦੇ ਨਾਲ ਆਪਣੀਆਂ ਸਾਥਣਾਂ ਨਾਲ ਘਰ-ਬਾਹਰ ਦੀਆਂ ਗੱਲਾਂ ਕਰ ਕੇ ਤਰੋ-ਤਾਜ਼ਾ ਹੋ ਜਾਂਦੀਆਂ ਹਨ। ਵੱਡੀ ਗੱਲ ਇਹਨਾਂ ਦੇ ਰੋਜ਼ ਦੇ ਲੈਣ-ਦੇਣ ਦਾ ਟੰਟਾ ਮੁੱਕਾ। ਕਦੀ ਵੱਡੇ ਭਤੀਜੇ ਦਾ ਜਨਮ ਦਿਨ, ਕਦੀ ਵਿਚਲੇ ਦਾ, ਕਦੀ ਭਣੇਵੀਂ ਦੀ ਸ਼ਾਦੀ,



Academy of the Punjab in North America: http://www.apnaorg.com

ਇਥੇ ਤਾਂ ਕਿਸੇ ਨਾ ਕਿਸੇ ਦਾ ਹੇਜ ਆਇਆ ਰਹਿੰਦਾ। ਇਹ ਔਰਤਾਂ ਨਹੀਂ ਸਮਝ ਸਕਦੀਆਂ ਸਾਨੂੰ ਲੋਕਾਂ ਨੂੰ ਕਿੰਨੇ ਕੰਮ ਹੁੰਦੇ ਹਨ। ਅੱਜ ਕਲ੍ਹ ਕੋਈ ਕੰਮ ਸੌਖਾ ਨਹੀਂ, ਭਾਵੇਂ ਨੌਕਰੀ ਹੋਵੇ ਜਾਂ ਵਪਾਰ, ਬੜੇ ਮੇਲ-ਜੋਲ ਰੱਖਣੇ ਪੈਂਦੇ ਨੇ। ਇਹਨਾਂ ਨੌਕਰੀ ਕਰ ਛੱਡੀ ਤੇ ਘਰ-ਬਾਰ ਸਾਂਭ ਲਿਆ, ਜਿਵੇਂ ਪਹਾੜ ਸਿਰ 'ਤੇ ਚੁੱਕਿਆ ਹੋਵੇ।

ਪਰਮ ਜੋ ਹੁਣ ਤਕ ਸੁਣ-ਸੁਣ ਕੇ ਤੰਗ ਪੈ ਗਈ ਸੀ, ਨੇ ਹਰਜਾਪ ਦੇ ਕੋਲ ਜਾ ਕੇ ਕਿਹਾ, "ਸਾਹਿਬ ਜੀ! ਬੱਸ ਕਰੋ, ਮੈਂ ਬਹੁਤ ਸੁਣ ਚੁੱਕੀ ਹਾਂ, ਮੇਰੀ ਸਮਝ ਤੋਂ ਇਹ ਸਭ ਕੁਝ ਬਾਹਰ ਹੈ।" ਇਹ ਆਖਦਿਆਂ ਮਨ ਭਰਨ ਲੱਗ ਪਈ।

ਹਰਜਾਪ ਨੇ ਹਮਦਰਦੀ ਦੀ ਥਾਂ ਹੋਰ ਖਿਝ ਕੇ ਬੋਲਣਾ ਸ਼ੁਰੂ ਕਰ ਦਿੱਤਾ। ਉਸ ਨੂੰ ਇਹ ਖਿਝਾਹਟ ਇਸ ਗੱਲ ਦੀ ਸੀ ਕਿ ਕਿਵੇਂ ਅੱਜ ਪਰਮ ਨੇ ਇਸ ਤਰ੍ਹਾਂ ਕਹਿਣ ਦੀ ਹਿੰਮਤ ਕਰ ਲਈ।

ਉਸ ਨੇ ਗੁੱਸੇ ਨਾਲ ਪਰਮ ਵੱਲ ਵੇਖਿਆ ਤੇ ਉਸ ਦੀ ਨਕਲ ਕਰਦਿਆਂ ਕਿਹਾ, 'ਸਾ...ਹ...ਬ... ਜੀ।'

ਪਰਮ, ਜਿਸ ਦਾ ਮਨ ਹੁਣ ਭਰ ਚੁੱਕਾ ਸੀ, ਅੱਗ ਭਬੂਕਾ ਹੋ ਉੱਠੀ, "ਸਾਹਿਬ ਜੀ ਨਾ ਆਖਾਂ ਤੇ ਹੋਰ ਕੀ ? ਜਦੋਂ ਹਰ ਵਕਤ ਹੁਕਮ ਤੁਹਾਡਾ ਚੱਲਣਾ ਹੈ, ਦੂਸਰੇ ਦੀ ਕੋਈ ਰਾਇ ਨਹੀਂ, ਕੋਈ ਖ਼ਾਹਿਸ਼ ਨਹੀਂ, ਕੋਈ ਜਜ਼ਬਾਤ ਨਹੀਂ, ਕੋਈ ਸੋਚ ਮੇਰੀ ਇਥੇ ਹੋ ਨਹੀਂ ਸਕਦੀ ਤਾਂ ਫਿਰ ਮੂੰਹ ਖੜ੍ਹਾਉਣ ਵਾਲੀ ਕਿਹੜੀ ਗੱਲ ਹੈ ? ਕੀ ਤੂਫ਼ਾਨ ਆ ਗਿਆ, ਕੀ ਜ਼ਿਆਦਤੀ ਹੋ ਗਈ ? ਤੁਸੀਂ ਤਿਆਰ ਹੋ ਕੇ ਨਾਸ਼ਤਾ ਲਓ, ਮੈਂ ਅੱਜ ਡਿਊਟੀ 'ਤੇ ਨਹੀਂ ਜਾਣਾ, ਨਾ ਹੀ ਸੀਰਤ ਨੂੰ ਭੇਜਣਾ ਹੈ। ਮੈਂ ਠੀਕ ਮਹਿਸੂਸ ਨਹੀਂ ਕਰ ਰਹੀ," ਕਹਿੰਦੀ ਹੋਈ ਪਰਮ ਰਸੋਈ ਵਿਚ ਜਾ ਕੇ ਨਾਸ਼ਤਾ ਤਿਆਰ ਕਰਨ ਲੱਗ ਪਈ।

ਪਰਮ ਨੂੰ ਉਦਾਸ ਹੁੰਦਿਆਂ ਵੇਖ ਕੇ ਸੀਰਤ ਹੋਰ ਰੋਣ ਲੱਗ ਪਈ, "ਮੰਮੀ-ਮੰਮੀ! ਮਾਮ ਦੱਸੋ ਮੈਂ ਨਹੀਂ ਜਾਣਾ ਸਕੂਲ ਅੱਜ ? ਮੇਰਾ ਹੋਮ ਵਰਕ ਕਰਾ ਦਿਓ, ਮੈਡਮ ਨੇ ਗੁੱਸੇ ਹੋਣਾ ਹੈ, ਤੁਹਾਨੂੰ ਪਾਪਾ ਗੁੱਸੇ ਕਿਉਂ ਹੁੰਦੇ ਨੇ ? ਤੁਸੀਂ ਪਾਪਾ ਦੀ ਗੱਲ ਨਹੀਂ ਮੰਨਦੇ ?'

"ਨਹੀਂ ਬੇਟਾ, ਮੈਂ ਤੈਨੂੰ ਸਕੂਲ ਛੱਡ ਕੇ ਆਵਾਂਗੀ, ਮੈਂ ਆਪ ਡਿਊਟੀ 'ਤੇ ਜਾਣਾ ਹੈ, ਘਰ ਰਹਿ ਕੇ ਮੇਰਾ ਦਿਮਾਗ਼ ਫਟ ਜਾਵੇਗਾ, ਮੈਂ ਅੰਦਰੋਂ-ਅੰਦਰ ਮਰ ਜਾਵਾਂਗੀ, ਤੂੰ ਨਹੀਂ ਸਮਝ ਸਕਣਾ ਮੇਰੇ ਭੋਲੇ ਬੱਚੇ! ਆ ਮੈਨੂੰ ਘੁੱਟ ਕੇ ਜੱਫੀ ਪਾ। ਮੈਂ ਜੀਣਾ ਹੈ ਤੇਰੇ ਲਈ, ਮੈਂ ਤੈਨੂੰ ਛੱਡ ਕੇ ਮਰ ਨਹੀਂ ਸਕਦੀ, ਮੈਂ ਤੇਰੇ ਪਾਪਾ ਦੀ ਗੱਲ ਮੰਨਦੀ ਹਾਂ ਪਰ ਉਹ ਕਹਿੰਦੇ ਹਨ ਦੂਸਰੀ ਸੀਰਤ ਨਹੀਂ ਚਾਹੀਦੀ।"



Academy of the Punjab in North America: http://www.apnaorg.com

ਇਹ ਕਹਿੰਦਿਆਂ ਪਰਮ ਦੀਆਂ ਭੁੱਬਾਂ ਨਿਕਲ ਗਈਆਂ, ਉਹ ਉੱਚੀ ਰੋਣ ਲੱਗ ਪਈ ਤੇ ਲੜਖੜਾਉਂਦੀਆਂ ਲੱਤਾਂ ਨਾਲ ਅੰਦਰ ਸੋਫ਼ੇ 'ਤੇ ਜਾ ਡਿੱਗੀ।

ਸੀਰਤ ਨੇ ਭੱਜ ਕੇ ਪਰਮ ਨਾਲ ਜੱਫੀ ਪਾਈ ਤੇ ਉੱਛਲ ਕੇ ਪਰਮ ਦੇ ਗੱਲ ਨਾਲ ਚੰਬੜ ਗਈ, "ਮੰਮੀ, ਮੇਰੇ ਮਾਮਾ! ਪਲੀਜ਼ ਨਾ ਰੋਵੋ। ਤੁਸੀਂ ਪਾਪਾ ਦੀ ਗੱਲ ਨਾ ਮੰਨੋ। ਅਸੀਂ ਉਸ ਦਾ ਨਾਂ ਸੁਕੀਰਤ ਰੱਖ ਲਵਾਂਗੇ। ਮੈਂ ਉਸ ਨਾਲ ਖੇਡਿਆ ਕਰਾਂਗੀ, ਅਸੀਂ ਦੋਵੇਂ ਤੁਹਾਨੂੰ ਤੇ ਪਾਪਾ ਨੂੰ ਪਿਆਰ ਕਰਿਆ ਕਰਾਂਗੇ।"

"ਮੰਮੀ! ਮਾਮਾ ਪਲੀਜ਼! ਸੁਕੀਰਤ ਨੂੰ ਲੈ ਆਓ। ਅਸੀਂ ਉਹਨੂੰ ਸੋਹਣੇ-ਸੋਹਣੇ ਕੱਪੜੇ ਪਾਵਾਂਗੇ। ਅਸੀਂ ਖ਼ੂਬ ਖੇਡਾਂਗੇ। ਅਸੀਂ ਤੁਹਾਨੂੰ ਕਦੀ ਤੰਗ ਨਹੀਂ ਕਰਿਆ ਕਰਨਾ।

ਸੀਰਤ ਪਰਮ ਨਾਲ ਲਾਡ ਕਰਨ ਲੱਗੀ। ਪਰਮ ਦੇ ਮੱਥੇ ਉੱਤੇ ਕਿਸ ਕਰੀ ਜਾ ਰਹੀ ਸੀ। ਅੱਖਾਂ ਵੱਲ ਵੇਖ ਕੇ ਬੋਲੀ, "ਮਾਮਾ! ਤੁਸੀਂ ਰੋ ਰਹੇ ਓ? ਅਸੀਂ ਤੇ ਅੱਜ ਸੁਕੀਰਤ ਲੈਣ ਜਾਣਾ ਏ। ਤਿਆਰ ਹੋ। ਅਸੀਂ ਜਲਦੀ ਪਾਪਾ ਨਾਲ ਜਾ ਕੇ ਸੁਕੀਰਤ ਲੈ ਆਈਏ। ਮੰਮੀ! ਮੈਂ ਉਸ ਨੂੰ ਸਾਰੇ ਖਿਲੌਣੇ ਨਹੀਂ ਦੇਣੇ। ਉਹ ਤੋੜ ਦੇਵੇਗੀ। ਮੰਮੀ, ਅਸੀਂ ਇਕੱਠੇ ਖੇਡਿਆ ਕਰਾਂਗੇ। ਮੈਂ ਉਹਨੂੰ ਆਪਣਾ ਛੋਟਾ ਸਕੂਲ ਬੈਗ ਦਿਆਂਗੀ। ਮਾਮ! ਜਲਦੀ ਚੱਲੋ। ਮੈਂ ਉਹਨੂੰ ਪਿਆ ਕਰਨਾ। ਅਸੀਂ ਖੇਡਣਾ। ਮਾਮਾ! ਹੁਣ ਅਸੀਂ ਫੋਰ ਹੋਵਾਂਗੇ, ਪਹਿਲਾਂ ਥਰੀ ਸੀ। ਮੰਮੀ, ਤੁਸੀਂ ਉੱਠਦੇ ਕਿਉਂ ਨਹੀਂ। ਤੁਸੀਂ ਸਿੱਕ ਓ? ਹੱਥ ਵਿਚ ਹੱਥ ਪਕੜ ਕੇ ਉਠੋ ਮਾਮਾ ਪਲੀਜ਼! ਉੱਠੋ।"

ਪਰਮ ਜ਼ੋਰ ਲਾ ਕੇ ਉੱਠਣ ਲੱਗੀ। ਪਰਮ ਮੁੜ ਕੋਲ ਪਏ ਦੀਵਾਨ 'ਤੇ ਡਿੱਗ ਪਈ। ਰੋਂਦਿਆਂ ਉਸ ਨੇ ਸੀਰਤ ਨੂੰ ਖਿੱਚ ਕੇ ਆਪਣੇ ਕੋਲ ਦੀਵਾਨ 'ਤੇ ਲਿਟਾਅ ਲਿਆ।

ਡੂੰਘੀ ਨਜ਼ਰ ਨਾਲ ਸੀਰਤ ਵੱਲ ਤੱਕਦਿਆਂ ਫਿਰ ਰੋ ਪਈ ਤੇ ਕਿਹਾ, "ਮੇਰੇ ਭੋਲੇ ਨੰਨ੍ਹੇ ਬੱਚੇ! ਤੂੰ ਨਹੀਂ ਸਕਝ ਸਕਣਾ। ਇਹ ਘੋਰ ਦੁੱਖ ਦੀ ਗੱਲ ਹੈ। ਤੇਰੇ ਪਾਪਾ ਮੈਨੂੰ ਸ਼ਾਮ ਨੂੰ ਦਵਾਈ ਲੈਣ ਲਈ ਲੈ ਕੇ ਜਾਣਾ ਚਾਹੁੰਦੇ ਹਨ। ਤੂੰ ਦੱਸ ਮੈਂ ਕਿਵੇਂ ਜਿਸ ਦਾ ਨਾਂ ਤੂੰ ਹੋਰ ਸੋਹਣਾ ਰੱਖ ਦਿੱਤਾ ਹੈ, 'ਸੁਕੀਰਤ' ਨੂੰ ਛੱਡ ਕੇ ਇਕੱਲੀ ਘਰ ਆਵਾਂ, ਉਸ ਨਾਲ ਵੀ ਮੇਰੇ ਤੇਰੇ ਵਾਂਗ ਪਿਆਰ ਹੈ।

ਪਰਮ ਸੀਰਤ ਨੂੰ ਨਾਲ ਲੈ ਕੇ ਮੁੜ ਲੰਮੀ ਪੈ ਗਈ, "ਸੀਰਤ! ਮੈਂ ਤੁਹਾਨੂੰ ਦੋਹਾਂ ਨੂੰ ਡਾਕਟਰ ਜਾਂ ਵਕੀਲ ਬਣਾਉਣਾ ਚਾਹੁੰਦੀ ਹਾਂ। ਤੂੰ ਬਹੁਤ ਜ਼ਿਹਨੀ ਹੈ।



Academy of the Punjab in North America: http://www.apnaorg.com

ਸੁਕੀਰਤ ਦਾ ਦਿਮਾਗ਼ ਵੀ ਤੇਰੇ ਵਰਗਾ ਹੀ ਹੋਵੇਗਾ। ਮੈਂ ਅੱਜ ਤੇਰੇ ਪਾਪਾ ਨਾਲ ਨਹੀਂ ਜਾਣਾ ਚਾਹੁੰਦੀ।"

ਪਰਮ ਨੇ ਸਿਰ ਉਤਾਂਹ ਚੁੱਕਿਆ, "ਜਾਹ, ਸਾਹਮਣੇ ਨਰੇਸ਼ ਅੰਕਲ ਨੂੰ ਕਹੁ ਸਾਨੂੰ ਛੱਡ ਆਵੇ। ਮੈਂ ਅੱਧਾ ਦਿਨ ਡਿਊਟੀ ਕਰ ਲਵਾਂਗੀ। ਉਥੋਂ ਅਸੀਂ ਤੇਰੀ ਨਾਨੀ ਦੇ ਘਰ ਚਲੀਆਂ ਜਾਵਾਂਗੀਆਂ। ਮੈਂ ਅੱਜ ਘਰ ਨਹੀਂ ਜਾਣਾ ਚਾਹੁੰਦੀ। ਮੈਨੂੰ ਡਰ ਲੱਗਦਾ ਤੇਰੇ ਪਾਪਾ ਮੈਨੂੰ ਦਵਾਈ ਲਈ ਲੈ ਜਾਣਗੇ। ਮੇਰੇ ਬੱਚੇ! ਮੈਂ ਮਸਾਂ ਤੈਨੂੰ ਬਚਾਇਆ ਸੀ। ਹੁਣ ਮੈਂ ਸੁਕੀਰਤ ਨੂੰ ਵੀ ਬਚਾਉਣਾ ਚਾਹੁੰਦੀ ਹਾਂ।" ਕਹਿੰਦਿਆਂ ਪਰਮ ਨੇ ਮੱਥੇ ਨੂੰ ਜ਼ੋਰ ਦੀ ਹੱਥ ਮਾਰਦਿਆਂ ਕਿਹਾ, "ਹਾਏ ਰੱਬਾ! ਮੈਂ ਕਿੱਥੇ ਮਰ ਜਾਵਾਂ?"

ਪਰਮ ਨੂੰ ਰੋਂਦਿਆਂ ਵੇਖ ਕੇ ਸੀਰਤ ਦਾ ਚਿਹਰਾ ਗੁੱਸੇ ਵਿਚ ਬਦਲ ਗਿਆ। ਉਸ ਨੇ ਭੋਲੇ-ਭਾਅ ਕਮਰੇ ਵਿਚੋਂ ਬੈਟ ਚੁੱਕ ਲਿਆਂਦਾ ਤੇ ਤੇਜ਼ੀ ਨਾਲ ਪਰਮ ਵੱਲ ਵਧਦਿਆਂ ਕਿਹਾ, "ਮੰਮੀ! ਉੱਠ ਜਾਵੋ। ਮੇਰੇ ਮਾਮਾ ਜਲਦੀ ਉਠੋ, ਮੈਂ ਅੱਜ ਇਹ ਦੀਵਾਨ ਤੋੜ ਕੇ ਜਾਣਾ। ਮੈਂ ਆਪਣੇ ਪਾਪਾ ਨੂੰ ਪਿਆਰ ਨਹੀਂ ਕਰਨਾ। ਮੈਂ ਆਪਣੇ ਪਾਪਾ ਨਾਲ ਕਦੀ ਨਹੀਂ ਬੋਲਣਾ। ਮੈਂ ਡਾਕਟਰ ਨੂੰ ਵੀ ਮਾਰ ਦੇਊਂਗਾ। ਮੈਂ ਅੱਜ ਇਹ ਦੀਵਾਨ ਤੋੜ ਦੇਣਾ। ਮੇਰੇ ਮਾਮਾ! ਮੈਂ ਇਹ ਦੀਵਾਨ ਅੱਜ ਤੋੜ ਕੇ ਨਾਨੀ ਘਰ ਜਾਣਾ। ਮੇਰੇ ਕੱਪੜੇ ਲੈ ਲਓ। ਅਸੀਂ ਇਥੇ ਕਦੀ ਨਹੀਂ ਆਵਾਂਗੇ। ਮੈਂ ਰੋਜ਼-ਹੋਮ ਵਰਕ ਕਰਿਆ ਕਰਾਂਗੀ। ਮੈਂ ਤੁਹਾਨੂੰ ਕਦੀ ਤੰਗ ਨਹੀਂ ਕਰਨਾ। ਮੈਂ ਪਾਪਾ ਨਾਲ ਕੱਟੀ ਕਰ ਦਿੱਤੀ ਹੈ। ਮੈਂ ਕਦੀ ਨਹੀਂ ਬੋਲਾਂਗੀ। ਉਹ ਮੇਰੇ ਪਾਪਾ ਨਹੀਂ। ਉਹ ਸੁਕੀਰਤ ਦੇ ਵੀ ਪਾਪਾ ਨਹੀਂ।"

"ਮੰਮੀ.....ਮੰਮੀ.....ਮੇਰੀ ਮੰਮੀ.....।" ਸੀਰਤ ਹਟਕੋਰੇ ਲੈਂਦੀ ਬੇਸੁਧ ਹੁੰਦੀ ਜਾਪ ਰਹੀ ਸੀ। ਭੁਆਂਟਣੀ ਆਉਣ ਲੱਗੀ। ਪਰਮ, ਜੋ ਅੱਜ ਹਿੰਮਤ ਹਾਰ ਚੁੱਕੀ ਸੀ, ਨੇ ਛੇਤੀ ਨਾਲ ਫੜ ਕੇ ਗਲ ਨਾਲ ਲਾਇਆ ਪਾਣੀ ਦਾ ਗਿਲਾਸ ਫੜ ਕੇ ਉਸ ਨੂੰ ਪਿਆਇਆ ਤੇ ਉਸ ਦੇ ਹੱਥਾਂ ਪੈਰਾਂ ਦੀਆਂ ਤਲੀਆਂ ਝੱਸਣ ਲੱਗੀ।



Academy of the Punjab in North America: http://www.apnaorg.com

# ਗੋਰਾ

ਸਾਰੇ ਦਿਨ ਦੀ ਥੱਕੀ-ਟੁੱਟੀ ਕਿਰਪਾ ਅਜੇ ਸਾਹ ਲੈਣ ਲਈ ਮੰਜੇ 'ਤੇ ਪੈਣ ਹੀ ਲੱਗੀ ਸੀ ਕਿ ਹੇਠੋਂ ਦਰਵਾਜ਼ੇ ਦੀ ਘੰਟੀ ਖੜਕ ਪਈ। ਉਸ ਨੇ ਕਾਹਲੀ ਨਾਲ ਦੂਸਰੇ ਕਮਰੇ ਵਿਚ ਸੌਂ ਰਹੇ ਪੁੱਤਰ ਰਾਜਨ ਨੂੰ ਜਗਾਇਆ ਤੇ ਹੇਠਾਂ ਜਾ ਕੇ ਗੇਟ ਖੋਲ੍ਹਣ ਲਈ ਕਿਹਾ।

ਰਾਜਨ ਛੇਤੀ-ਛੇਤੀ ਪੌੜੀਆਂ ਉਤਰਿਆ। ਇੰਨੇ ਚਿਰ ਵਿਚ ਉਹ ਮਨ ਵਿਚ ਸੋਚਣ ਲੱਗ ਪਈ, "ਏਸ ਵੇਲੇ ਕੋਈ ਓਪਰਾ ਤੇ ਹੋਣ ਨਹੀਂ ਲੱਗਾ। ਛੋਟੀ ਭੈਣ ਨੀਲਮ ਹੋ ਸਕਦੀ ਹੈ ? ਉਹਨੂੰ ਪਤਾ ਸੀ ਤੇ ਕਲ੍ਹ ਦਾ ਇਧਰ ਧਿਆਨ ਸੀ। ਅੱਜ ਦੋ ਵੇਰਾਂ ਉਸ ਦਾ ਫ਼ੋਨ ਵੀ ਆਇਆ ਹੈ। ਨਿੱਕੀ ਭੈਣ ਰੱਜੀ ਵੀ ਹੋ ਸਕਦੀ ਹੈ, ਉਹਨੇ ਕਲ੍ਹ ਸੁਰੇਸ਼ ਰਾਹੀਂ ਪੁੱਛ ਭੇਜਿਆ ਸੀ। ਜਾਂ ਰੇਨੂ ਦੇ ਮੰਮੀ-ਡੈਡੀ ਹੋਣਗੇ ? ਪਹਿਲੇ ਬੱਚੇ ਕਰਕੇ ਉਸ ਦੀ ਮਾਂ ਨੂੰ ਵੀ ਫ਼ਿਕਰ ਹੈ। ਵਿਚਾਰੇ ਥੁੜ੍ਹੇ ਆ। ਇਕ ਧੀ ਆ ਉਹਦੇ ਮੂੰਹ ਵੱਲ ਵੇਖਦੇ ਆ। ਧਿਆਨ ਤੇ ਹੁੰਦਾ ਈ ਏ ਨਾ।"

ਕਿਰਪਾ ਨੇ ਉੱਠ ਕੇ ਹੇਠਾਂ ਝਾਕ ਕੇ ਵੇਖਿਆ। ਉਸ ਦੇ ਪਿਤਾ ਜੀ ਰਾਜਨ ਨਾਲ ਪੌੜੀਆਂ ਚੜ੍ਹਦੇ ਆ ਰਹੇ ਸਨ। ਕਿਰਪਾ ਚੁੰਨੀ ਲੈਣ ਲਈ ਕਮਰੇ ਵਿਚ ਚਲੀ ਗਈ। ਰਾਜਨ ਨੇ ਉਹਨਾਂ ਨੂੰ ਡਰਾਇੰਗ ਰੂਮ ਵਿਚ ਬਿਠਾਇਆ ਤੇ ਆਪ ਅੰਦਰ ਪਾਣੀ ਆਦਿ ਲੈਣ ਚਲਾ ਗਿਆ।

ਕਿਰਪਾ ਅੰਦਰ ਆ ਕੇ ਪਿਤਾ ਜੀ ਨੂੰ ਜੱਫੀ ਪਾ ਕੇ ਮਿਲੀ। ਪਿਤਾ ਜੀ ਨੇ ਵੀ ਧੀ ਨੂੰ ਘੁੱਟ ਕੇ ਗਲ ਨਾਲ ਲਾਇਆ। ਰਾਜਨ ਦੋ ਗਲਾਸਾਂ ਵਿਚ ਕੋਲਡ ਡਰਿੰਕ ਲੈ ਆਇਆ। ਉਹ ਰਾਜਨ ਨੂੰ ਕੁਝ ਕਹਿਣ ਲੱਗੀ ਸੀ ਪਰ ਫਿਰ ਆਪ ਹੀ ਉੱਠ ਕੇ ਨਾਲ ਕੁਝ ਖਾਣ ਲਈ ਲਿਆਉਣ ਲੱਗੀ।

ਉਸ ਦੇ ਪਿਤਾ ਜੀ ਨੇ ਕਿਰਪਾ ਦੀ ਬਾਂਹ ਫੜ ਕੇ ਬਿਠਾ ਲਿਆ ਅਤੇ ਕਿਹਾ, "ਕੁੜੇ ! ਅਜੇ ਮੈਂ ਕੁਝ ਨਹੀਂ ਖਾਣਾ-ਪੀਣਾ, ਤੂੰ ਬਹਿ ਜਾ ਆਪਣੀ ਰਾਜ਼ੀ-ਖ਼ੁਸ਼ੀ ਸੁਣਾ। ਰੇਨੂ ਕਿੱਦਾਂ ?" ਕਿਰਪਾ ਹਾਂ-ਹੂੰ ਕਰੀ ਗਈ, ਪਰ ਅੰਦਰੋਂ ਉਸ ਦਾ ਮਨ ਟਿਕਾਅ ਵਿਚ ਨਹੀਂ ਸੀ। ਉਹ ਆਨੇ-ਬਹਾਨੇ ਉੱਠਣ ਦਾ ਯਤਨ ਕਰ ਰਹੀ ਸੀ



Academy of the Punjab in North America: http://www.apnaorg.com

ਪਰ ਉਸ ਦੇ ਪਿਤਾ ਜੀ ਨੇ ਉਸ ਦੀ ਬੇਚੈਨੀ ਨੂੰ ਭਾਂਪਦਿਆਂ ਕਿਹਾ, "ਕਿਰਪਾ! ਤੂੰ ਰਾਜ਼ੀ ਤੇ ਹੈਂ, ਤੇਰਾ ਮੂੰਹ ਕਿਉਂ ਏਨਾ ਉੱਤਰਿਆ, ਸੁੱਖ ਤਾਂ ਹੈ? ਕੁਝ ਮੈਥੋਂ ਲੁਕਾਉਂਦੀ ਏਂ, ਮੈਂ ਕੋਈ ਓਪਰਾ ਹਾਂ? ਰੇਨੂ ਠੀਕ ਹੈ? ਧੀਏ! ਤੇਰਾ ਮੂੰਹ ਵੇਖ ਕੇ ਮੈਨੂੰ ਫ਼ਿਕਰ ਲੱਗ ਗਿਆ।"

"ਨਹੀਂ ਪਿਤਾ ਜੀ, ਕੋਈ ਗੱਲ ਨਹੀਂ, ਸਭ ਠੀਕ ਹੈ। ਗ੍ਰਹਿਸਤ ਵਿਚ ਫ਼ਿਕਰ-ਫਾਕਾ ਤਾਂ ਚੱਲਦਾ ਰਹਿੰਦਾ ਹੈ। ਚਾਹ ਬਣਾ ਕੇ ਲਿਆਵਾਂ?" ਕਹਿੰਦੀ ਕਿਰਪਾ ਫਿਰ ਉੱਠਣ ਲੱਗੀ ਪਰ ਪਿਤਾ ਦੇ ਕਹਿਣ ਉੱਤੇ ਮੁੜ ਬੈਠ ਗਈ। ਮਾਈ ਨੂੰ ਆਵਾਜ਼ ਦਿੱਤੀ ਤੇ ਚਾਹ ਲਿਆਉਣ ਲਈ ਕਹਿ ਦਿੱਤਾ। ਚਿਹਰਾ ਉਸ ਦਾ ਅਜੇ ਤਨਾਉ ਵਿਚ ਸੀ। ਪਿਤਾ ਵੀ ਸਮਝ ਰਿਹਾ ਸੀ ਕਿ ਮੇਰੀ ਬੱਚੀ ਕੁਝ ਲੁਕਾ ਰਹੀ ਹੈ।

ਦੋਵੇਂ ਪਾਸੇ ਚੁੱਪ ਨੂੰ ਤੋੜਦਿਆਂ ਕਿਰਪਾ ਨੇ ਪੁੱਛਿਆ, "ਪਿਤਾ ਜੀ, ਰਾਤ ਨੂੰ ਕੀ ਬਣਾਵਾਂ, ਕੀ ਖਾਉਗੇ?"

"ਪੁੱਤ! ਮੈਂ ਕੁਝ ਨਹੀਂ ਖਾਣਾ, ਤੇਰੀ ਬੀਜੀ ਦੇ ਬਣੇ ਦੁਪਹਿਰ ਦੇ ਖਾਧੇ ਆਲੂਆਂ ਵਾਲੇ ਪਰੌਂਠੇ ਅਜੇ ਤਕ ਥੱਲੇ ਨਹੀਂ ਉੱਤਰੇ। ਤੂੰ ਦੱਸ! ਕੁਲਦੀਪ ਤੇ ਨਹੀਂ ਗੁੱਸੇ ਹੋਇਆ? ਹੈ ਤਾਂ ਬੜੇ ਸਾਊ ਸੁਭਾਅ ਦਾ, ਅੱਜ ਤਕ ਕੋਈ ਉੱਚੀ ਨੀਵੀਂ ਨਹੀਂ ਸੁਣੀ। ਸਾਡੇ ਸਾਰੇ ਕੰਮ ਵੱਡਾ ਜਵਾਈ ਹੋਣ ਕਰਕੇ ਇਸ ਨੇ ਆਪ ਅੱਗੇ ਹੋ ਕੇ ਨਿਭਾਏ। ਨੀਸ਼ਾ ਤੇ ਰਿਤੂ ਦਾ ਫ਼ੋਨ ਆਉਂਦਾ ਜਾਂਦਾ ਰਹਿੰਦਾ? ਸਭ ਰਾਜ਼ੀ ਖ਼ੁਸ਼ੀ ਆ? ਜੇ ਕੋਈ ਗੱਲ ਨਹੀਂ ਤਾਂ ਤੂੰ ਇੰਨੀ ਘਬਰਾਈ ਕਿਉਂ ਏਂ?"

"ਨਹੀਂ, ਪਿਤਾ ਜੀ, ਕੋਈ ਗੱਲ ਨਹੀਂ। ਆਹ ਗਰਮੀ ਵਾਹ ਨਹੀਂ ਜਾਣ ਦਿੰਦੀ, ਕਿੰਨਾ ਹੁੱਸੜ ਏ, ਇਹ ਦੋ ਮਹੀਨੇ ਰੱਬ ਬੰਦੇ ਨੂੰ ਹੋਸ਼ ਚੇਤੇ ਕਰਾ ਦਿੰਦਾ। ਤੁਸੀਂ ਦੱਸੋ, ਸਵੀਟੀ ਨੂੰ ਕਦੋਂ ਦੇ ਮਿਲੇ ਓ? ਮਿਲ ਕੇ ਜਾਇਆ ਕਰੋ। ਉਸ ਦੇ ਸੌਹਰੇ ਗੁੱਸਾ ਕਰਦੇ ਆ, ਕਹਿੰਦੇ ਉਧਰੋਂ ਹੋ ਕੇ ਚਲੇ ਜਾਂਦੇ। ਅੱਜ ਮਿਲ ਕੇ ਜਾਇਓ। ਕਹਿਣਗੇ ਤਾਂ ਅੱਜ ਰਾਤ ਰਹਿ ਪਇਉ। ਰਾਣੀ ਨੂੰ ਵੀ ਮਿਲ ਕੇ ਜਾਇਓ। ਰੱਜੀ ਤੇ ਨੀਲਮ ਤੇ ਲੰਘਦੀਆਂ ਜਾਂਦੀਆਂ ਮੈਨੂੰ ਮਿਲ ਹੀ ਜਾਂਦੀਆਂ ਨੇ।"

ਕਿਰਪਾ ਥੋੜ੍ਹੀ ਦੇਰ ਲਈ ਚੁੱਪ ਬੈਠੀ ਰਹੀ। ਪਿਤਾ ਉਸ ਵੱਲ ਹੀ ਵੇਖੀ ਜਾ ਰਿਹਾ ਸੀ। ਫਿਰ ਕਹਿਣ ਲੱਗੀ, "ਕੁਝ ਤੇ ਖਾਉ, ਥੋੜ੍ਹੇ ਨਮਕੀਨ ਚੌਲ ਬਣਾ ਦਿਆਂ?"

"ਮੇਰੀਏ ਧੀਏ! ਖਾਣ-ਪੀਣ ਦੀਆਂ ਗੱਲਾਂ ਤੂੰ ਛੱਡ, ਭੁੱਖ ਹੋਵੇ ਮੈਂ ਆਪ ਮੰਗ ਸਕਦਾਂ। ਤੂੰ ਆ ਮੇਰੇ ਕੋਲ ਬਹੁ, ਦੱਸ ਵਿਚੋਂ ਘੁੰਡੀ ਕੀ ਹੈ? ਦਾਲ ਵਿਚ



Academy of the Punjab in North America: http://www.apnaorg.com

ਕੁਝ ਕਾਲਾ-ਕਾਲਾ ਜਾਪਦਾ ਏ। ਤੂੰ ਤੇ ਹਮੇਸ਼ਾ ਹੱਸ-ਹੱਸ ਗੱਲਾਂ ਕਰਦੀ ਹੁੰਦੀ ਸੈਂ। ਤੈਨੂੰ ਕਾਹਦਾ ਫ਼ਿਕਰ ਆ, ਡਾਕਟਰ ਨੇ ਤੇ ਨਹੀਂ ਕੋਈ ਵਹਿਮ ਪਾ ਦਿੱਤਾ ?"

ਕਿਰਪਾ ਨੇ, ਜੋ ਹੁਣ ਤਕ ਸੋਚਾਂ ਵਿਚ ਘਿਰੀ ਬੈਠੀ ਸੀ, ਆਪਣਾ ਮਨ ਖੋਲ੍ਹ ਹੀ ਦਿੱਤਾ। ਕਹਿਣ ਲੱਗੀ, "ਪਿਤਾ ਜੀ ! ਸਭ ਠੀਕ ਆ, ਮੈਂ ਹੀ ਗ਼ਲਤ ਹਾਂ। ਉਹ ਘਟਨਾ ਮੇਰਾ ਪਿੱਛਾ ਨਹੀਂ ਛੱਡਦੀ। ਹਰ ਵੇਲੇ ਪਰਛਾਵੇਂ ਵਾਂਗ ਮੇਰੇ ਨਾਲ ਰਹਿੰਦੀ ਹੈ, ਜਦੋਂ ਮੇਰੇ ਬੱਚਿਆਂ ਦੇ ਘਰ ਕੋਈ ਵਿਅੰਮ ਪੈਣ ਲੱਗਦਾ ਤਾਂ ਮੇਰਾ ਜੀਅ ਘਬਰਾਉਣ ਲੱਗ ਪੈਂਦਾ। ਮੈਨੂੰ ਉਹ ਕਾਲੀ-ਬੋਲੀ ਰਾਤ ਚੇਤੇ ਆ ਜਾਂਦੀ ਹੈ। ਜਦੋਂ ਅਜ ਤੋਂ ਪੈਂਤੀ ਸਾਲ ਪਹਿਲਾਂ ਤੁਸੀਂ ਗੋਰਾ ਨੂੰ ਮੇਰੇ ਕੋਲੋਂ ਖੋਹ ਲਿਆ ਸੀ। ਕੀ ਨਿੱਕੇ ਬੱਚੇ ਰੋਂਦੇ ਨਹੀਂ ਹੁੰਦੇ ? ਉਸ ਦਿਨ ਉਹ ਅਲੋਕਾਰ ਨਹੀਂ ਸੀ ਰੋਈ। ਤੁਸੀਂ ਜਬਰਦਸਤੀ ਮੇਰੇ ਕੋਲੋਂ ਚੁੱਕ ਕੇ ਕਿਹਾ ਸੀ, "ਮਰਨੀ, ਮੇਰੀ ਧੀ ਨੂੰ ਸੌਣ ਨਹੀਂ ਦਿੰਦੀ। ਲਿਆ ! ਅੱਜ ਮੈਂ ਇਹਨੂੰ ਚੁੱਪ ਕਰਾਵਾਂ। ਬਾਹਰ ਅੱਡੇ 'ਤੇ ਲੈ ਜਾਨਾਂ।" ਕਿਰਪਾ ਖੜੀ ਹੋ ਗਈ, ਅਗਲੇ ਪਲ ਤੁਸੀਂ ਮੁੜ ਆਏ ਤੇ ਕਿਹਾ ਸੀ, "ਮਰਨੀ ! ਹੋਰ ਬਾਘਾ ਅੱਡਦੀ ਆ।" ਮੈਂ ਫੜਨ ਲੱਗੀ, ਤੁਸਾਂ ਫੁਰਤੀ ਨਾਲ ਕਿਹਾ, "ਜਾ ਪਾਣੀ ਦਾ ਚਮਚ ਲਿਆ, ਮੈਂ ਇਹਨੂੰ ਦਵਾ ਦੇ ਕੇ ਵੇਖਾਂ। ਤੇਰੀ ਦਾਦੀ ਜਦੋਂ ਖੰਘ ਖੰਘੂਰਾ ਵਧ ਜਾਂਦਾ ਸੀ ਤਾਂ ਇਹ ਮਾਵੇ ਦਾ ਗੋਲਾ ਅੰਦਰ ਸੁੱਟ ਲੈਂਦੀ ਸੀ ਤੇ ਚੈਨ ਆ ਜਾਂਦਾ ਸੀ। ਇਹਨੂੰ ਤਾਂ ਰਸ ਦੇ ਦਾਣੇ ਜਿੰਨੀ ਦੇਣੀ ਆ।"

ਪਿਤਾ ਜੀ ! ਤੁਸੀਂ ਉਹ ਚੀਜ਼ ਚਮਚ ਵਿਚ ਘੋਲ ਕੇ ਮੇਰੀ ਗੋਰਾ ਦੇ ਸੰਘ ਅੰਦਰ ਪਾ ਦਿੱਤੀ ਤੇ ਕਿਹਾ, "ਹੁਣ ਇਹ ਸੌਂ ਜਾਵੇਗੀ।"

ਕਿਰਪਾ ਹੁਣ ਹੋਰ ਫਿੱਸ ਪਈ। ਰੋ-ਰੋ ਕੇ ਦੱਸਣ ਲੱਗੀ, "ਪਿਤਾ ਜੀ ! ਮੇਰੀ ਗੋਰਾ ਉਸੇ ਪਲ ਲਾਲ, ਫਿਰ ਪੀਲੀ ਤੇ ਮੁੜ ਸਫੈਦ ਚਿੱਟੀ ਹੋ ਗਈ। ਉਸ ਦੀਆਂ ਲੱਤਾਂ, ਬਾਹਵਾਂ ਲਮਕ ਗਈਆਂ। ਮੈਂ ਘਬਰਾ ਕੇ ਚੀਕਾਂ ਮਾਰਨ ਲੱਗ ਪਈ, "ਮੇਰੀ ਗੋਰਾ—ਗੋਰਾ, ਤੂੰ ਚੁੱਪ ਕਿਉਂ ਹੋ ਗਈ ਏਂ ? ਤੂੰ ਤੇ ਮੇਰੇ ਦਿਲ ਦਾ ਟੁਕੜਾ ਸੈਂ। ਮੈਂ ਤੈਨੂੰ ਖਿਡਾਉਂਦੀ ਥੱਕਦੀ ਨਹੀਂ ਸਾਂ। ਤੂੰ ਕਿਥੇ ਚਲੀ ਗਈ.....ਹਾਏ ! ਮੇਰੇ ਰੱਬਾ ! ਤੂੰ ਇਹ ਕੀ ਕੀਤਾ ? ਮੈਂ ਕਿਥੇ ਜਾਊਂਗੀ ? ਰੱਬਾ ! ਤੂੰ ਇਹ ਕੀ ਕਹਿਰ ਕਮਾਇਆ ?" ਦੱਸਦਿਆਂ ਕਿਰਪਾ ਦੇ ਅੱਥਰੂ ਛਮ-ਛਮ ਵਹਿ ਤੁਰੇ।

ਕਿਰਪਾ ਦੇ ਪਿਤਾ ਦੀਆਂ ਅੱਖਾਂ ਵੀ ਅੱਜ ਮੁੜ ਇਹ ਗੱਲਾਂ ਸੁਣ ਕੇ ਨਮ ਹੁੰਦੀਆਂ ਗਈਆਂ, ਕਹਿਣ ਲੱਗੇ, "ਕੁੜੇ ! ਮੈਂ ਤੈਨੂੰ ਬਹੁਤ ਪਿਆਰ ਕੀਤਾ ਸੀ। ਤੂੰ ਸਾਢੇ ਬਾਰਾਂ ਸਾਲ ਬਾਅਦ ਸਾਡੇ ਘਰ ਜੰਮੀ। ਅਸੀਂ ਕਹੀਏ ਪੁੱਤ ਨਾ ਸਹੀ ਧੀ ਤਾਂ ਆਈ। ਘਰ ਵਿਚ ਕੋਈ ਨਿਆਣਾ ਤਾਂ ਖੇਡੂ। ਪ੍ਰਭੂ ਨੇ ਸਾਡੇ 'ਤੇ ਕਿਰਪਾ



Academy of the Punjab in North America: http://www.apnaorg.com

ਕੀਤੀ ਹੈ। ਮੁੜ ਹੇਠਾਂ ਉੱਤੇ ਤੇਰੀਆਂ ਚਾਰ ਭੈਣਾਂ ਆ ਗਈਆਂ। ਕਈ ਸਾਲਾਂ ਦੀ ਉਡੀਕ ਪਿੱਛੋਂ ਤੇਰੇ ਵੀਰਾਂ ਦੇ ਮੂੰਹ ਵੇਖਣੇ ਨਸੀਬ ਹੋਏ।"

ਕਿਰਪਾ ਨੇ ਅੱਜ ਜੋ ਮਨ ਵਿਚ ਸੀ ਪਿਤਾ ਨੂੰ ਸਾਫ਼-ਸਾਫ਼ ਦੱਸਣ ਦਾ ਮਨ ਬਣਾ ਲਿਆ ਸੀ। ਰੋਂਦੀ-ਰੋਂਦੀ ਕੋਲ ਹੋ ਕੇ ਬੈਠ ਗਈ, "ਪਿਤਾ ਜੀ! ਸੱਚ ਦੱਸੋ, ਤੁਸੀਂ ਇਹ ਕਿਉਂ ਕੀਤਾ? ਤੁਸੀਂ ਮੇਰੀ ਗੋਰਾ ਕਿਉਂ ਖੋਹ ਲਈ? ਤੁਹਾਡੇ ਮਨ ਵਿਚ ਹੋਣਾ, ਅੱਗੇ ਮੈਂ ਪੰਜ ਪੱਥਰ ਪਾਲਦਾ ਰਿਹਾਂ, ਹੁਣ ਮੇਰੀ ਧੀ ਇਸ ਚੱਕਰ ਵਿਚ ਆ ਗਈ। ਪਿਤਾ ਜੀ! ਸੱਚ ਬੋਲੋ! ਅਸੀਂ ਤੁਹਾਨੂੰ ਕੀ ਨੁਕਸਾਨ ਪਹੁੰਚਾਇਆ? ਮਿਹਨਤ ਨਾਲ ਪੜ੍ਹ ਕੇ ਅਸੀਂ ਹੁਸ਼ਿਆਰ ਹੋ ਗਈਆਂ। ਅੱਗੋਂ ਸਹੁਰੇ ਚੰਗੇ ਮਿਲ ਗਏ। ਤੁਹਾਡੀਆਂ ਸਾਰੀਆਂ ਧੀਆਂ ਸੁਖੀ ਵੱਸਦੀਆਂ ਹਨ। ਕਿਸੇ ਨੇ ਕੁਝ ਨਹੀਂ ਮੰਗਿਆ। ਨਾ ਤੁਸੀਂ ਦਿੱਤਾ। ਸਗੋਂ ਤੁਹਾਡੇ ਦੁਖ-ਸੁੱਖ ਵਿਚ ਸਹਾਈ ਹੋਈਆਂ।

ਕਿਰਪਾ ਨੇ ਪਿਤਾ ਦੀ ਬਾਂਹ ਘੁੱਟ ਕੇ ਫੜ ਲਈ, ਅਸੀਂ ਪੱਥਰ ਕਿਸ ਤਰ੍ਹਾਂ ਹੋਈਆਂ? ਬੋਲੋ! ਹੁਣ ਚੁੱਪ ਕਿਉਂਜੇ? ਮੇਰਾ ਜੀਅ ਕਰਦੈ ਮੈਂ ਉੱਚੀ-ਉੱਚੀ ਰੋਵਾਂ, ਤੁਸਾਂ ਮੇਰੀ ਗੋਰਾ ਖੋਹ ਲਈ। ਮੈਂ ਦੁਹਾਈਆਂ ਪਾਈਆਂ, ਮੇਰੀ ਗੋਰਾ ਮੈਨੂੰ ਛੱਡ ਕੇ ਨਾ ਜਾਵੀਂ, ਮੇਰੀ ਗੋਰਾ ਦੀਆਂ ਹਰਨੋਟੀਆਂ ਅੱਖਾਂ, ਗੁਲਾਬੀ ਹੋਂਠ, ਭਖਦੀਆਂ ਲਾਲ ਗੱਲ੍ਹਾਂ, ਨਿਛੋਹ ਚਿੱਟਾ ਰੰਗ। ਮੈਂ ਉਸ ਨੂੰ ਕੁਤਕੁਤਾਉਣਾ, ਉਹਨੇ ਖਿੜ-ਖਿੜ ਹੱਸਣਾ। ਸਾਰਾ ਵਿਹੜਾ ਖਿੜਾਅ ਦੇਣਾ। ਬੀਜੀ, ਭਰਾ, ਚਾਚੇ, ਤਾਏ ਤੁਸੀਂ ਮੈਨੂੰ ਬਥੇਰਾ ਸਾਂਭਦੇ ਸਮਝਾਉਂਦੇ ਸੀ ਪਰ ਮੈਂ ਆਪਣਾ-ਆਪ ਬੇਹਾਲ ਕਰ ਲਿਆ।

ਪਿਤਾ ਵੱਲ ਵੇਖਦਿਆਂ, "ਯਾਦ ਜੇ! ਮੈਂ ਤੁਹਾਡੀ ਖ਼ਾਤਰ ਆਪਣੇ ਪਤੀ ਕੋਲ ਝੂਠ ਬੋਲਿਆ ਸੀ, "ਗੋਰਾ ਪੇਚਸ ਨਾਲ ਮਰੀ ਹੈ।" ਪਰ ਮੈਨੂੰ ਅੰਦਰੋਂ ਪਤਾ ਸੀ, ਗੋਰਾ ਦੀ ਕਾਤਿਲ ਮੈਂ ਹਾਂ। ਮੈਂ ਤੁਹਾਡੇ ਕੋਲੋਂ ਆਪਣੀ ਧੀ ਨੂੰ ਕਿਉਂ ਨਾ ਬਚਾਅ ਸਕੀ? ਤੁਹਾਨੂੰ ਫ਼ਿਕਰ ਸੀ ਕਿ ਮੇਰੀ ਧੀ, ਧੀ ਦੀ ਮਾਂ ਬਣ ਗਈ ਹੈ, ਸਾਰੀ ਉਮਰ ਦਾ ਭਾਰ ਏ। ਇਹ ਪੁੱਤਰ ਦੀ ਮਾਂ ਕਿਉਂ ਨਹੀਂ ਬਣ ਸਕੀ? ਤੁਸੀਂ ਗੋਰਾ ਨੂੰ ਹਨੇਰੀ ਵਿਚ ਦੱਬ ਆਏ। ਉਹ ਮੁੱਕ ਗਈ। ਉਹ ਚਲੀ ਗਈ ਪਰ ਮੈਨੂੰ ਦੱਸੋ ਮੈਂ ਕੀ ਕਰਾਂ? ਉਹ ਸਦਾ ਮੇਰੇ ਨਾਲ ਹੈ। ਉਹਦੀ ਸੂਰਤ ਮੇਰੀਆਂ ਅੱਖਾਂ ਅੱਗੋਂ ਕਦੇ ਨਹੀਂ ਹਟਦੀ।"

ਕਿਰਪਾ ਦੇ ਵੱਸ ਨਾ ਰਿਹਾ ਤੇ ਉਸ ਦੀਆਂ ਭੁੱਬਾਂ ਨਿਕਲ ਗਈਆਂ। ਅੰਦਰੋਂ ਫ਼ਿਕਰ ਵੀ ਸੀ ਕਿ ਰੇਨੂ ਸੁਣ ਕੇ ਫ਼ਿਕਰਮੰਦ ਹੋ ਜਾਵੇਗੀ। ਕਿਰਪਾ ਦਾ ਪਿਤਾ, ਧੀ ਨੂੰ ਏਸ ਹਾਲ ਵੇਖ ਕੇ ਆਪ ਜ਼ਾਰੋ-ਜ਼ਾਰ ਰੋਣ ਲੱਗ ਪਿਆ, ਨਾਲ ਹੀ ਧੀ



Academy of the Punjab in North America: http://www.apnaorg.com

ਦਾ ਸਿਰ ਪਲੋਸਣ ਲੱਗ ਪਿਆ। ਉਹ ਸਾਂਭੀ ਨਹੀਂ ਸੀ ਜਾ ਰਹੀ। "ਤੁਹਾਨੂੰ ਪਤਾ ਹੈ ਸਵੀਟੀ ਦੇ ਬੱਚੇ ਦਾ ਜੰਮਦਿਆਂ ਪੈਰ ਵਿੰਗਾ ਹੈ, ਨੀਟੂ ਦੀ ਸਿਹਤ ਖ਼ਰਾਬ ਹੋ ਗਈ ਹੈ। ਮੈਨੂੰ ਇਹ ਡਰ ਅੰਦਰੇ-ਅੰਦਰ ਲੱਗਾ ਰਹਿੰਦਾ, ਰੱਬ ਸਾਨੂੰ ਸਜ਼ਾ ਦੇ ਰਿਹਾ ਹੈ। ਉਸ ਨੇ ਸਾਡੇ ਗੁਨਾਹ ਨੂੰ ਮੁਆਫ਼ ਨਹੀਂ ਕੀਤਾ। ਅਸੀਂ ਵੱਡੇ ਗੁਨਾਹਗਾਰ ਹਾਂ। ਰੱਬ ਦੀ ਦਰਗਾਹ ਵਿਚ ਜੀਵ-ਹੱਤਿਆ ਵਰਗਾ ਘਿਣਾਉਣਾ ਜੁਰਮ ਕਦੀ ਮੁਆਫ਼ ਨਹੀਂ ਕੀਤਾ ਜਾ ਸਕਦਾ।

ਪਿਤਾ ਨਾਲ ਚੰਬੜ ਗਈ, "ਮੈਂ ਗੋਰਾ ਨੂੰ ਤੁਹਾਡੇ ਕੋਲੋਂ ਕਿਉਂ ਨਾ ਬਚਾ ਸਕੀ। ਮੇਰੇ ਕੋਲੋਂ ਵੱਡਾ ਪਾਪ ਹੋਇਆ ਹੈ। ਮੈਨੂੰ ਇਹ ਫ਼ਿਕਰ ਅੰਦਰੋ-ਅੰਦਰ ਖਾਂਦਾ ਰਹਿੰਦਾ ਹੈ, ਰੱਬ ਸਾਨੂੰ ਨਹੀਂ ਬਖ਼ਸ਼ੇਗਾ। ਜਦੋਂ ਕਿਸੇ ਬੱਚੇ ਦੇ ਵਿਅੰਮ ਦੇ ਦਿਨ ਨੇੜੇ ਢੁੱਕਦੇ, ਮੈਂ ਅਰਦਾਸਾਂ ਕਰ-ਕਰ ਦਿਨ ਲੰਘਾਉਂਦੀ ਹਾਂ, ਕਿਤੇ ਮੇਰੇ ਘਰ ਕਿਸੇ ਨਾ ਕਿਸੇ ਰੂਪ ਵਿਚ ਅਪਾਹਜ ਬੱਚਾ ਨਾ ਪੈਦਾ ਹੋ ਜਾਵੇ। ਇਹ ਵੀ ਰੱਬ ਵੱਲੋਂ ਸਜ਼ਾ ਹੁੰਦੀ ਆ। ਪਿਤਾ ਜੀ ਮੇਰਾ ਪਿੱਛਾ ਉਹ ਘਟਨਾ, ਉਹ ਗ਼ਲਤੀ ਨਹੀਂ ਛੱਡਦੀ, ਦੱਸੋ, ਮੈਂ ਕੀ ਕਰਾਂ?"

ਕਿਰਪਾ ਅਤੇ ਪਿਤਾ ਦੇ ਰੋਣ ਦੀ ਆਵਾਜ਼ ਤੇ ਚਿਹਰਿਆਂ ਉੱਤੇ ਪੱਸਰੀ ਉਦਾਸੀ ਨੂੰ ਵੇਖ ਕੇ ਰਾਜਨ ਚੁੱਪ-ਚੁਪੀਤਾ ਪੌੜੀਆਂ ਉੱਤਰ ਗਿਆ।



Academy of the Punjab in North America: http://www.apnaorg.com

# ਬਟਵਾਰਾ

ਕਲ੍ਹ ਦੀਆਂ ਘਟਨਾਵਾਂ ਨਾਲ ਝੰਬੇ, ਸਰਦਾਰ ਨੂੰ ਕੁਰਸੀ ਉੱਤੇ ਸੁਸਤਾਉਂਦਿਆਂ ਵੇਖ ਕੇ ਚਿੰਤਤ ਸੁਰਜਨ ਸਿੰਘ ਮੁੜਦੇ ਪੈਰੀਂ ਹੀ ਚੁਬਾਰੇ ਵਿਚੋਂ ਹੇਠਾਂ ਉੱਤਰ ਆਇਆ ਤੇ ਬੀਬੀ ਕੋਲ ਰੁਕ ਗਿਆ। ਗੱਲਾਂ-ਗੱਲਾਂ ਵਿਚ ਬੀਬੀ ਗੁਰਨਾਮ ਕੌਰ ਨੇ ਕਲ੍ਹ ਰਾਤ ਦੀ ਘਟਨਾ ਦਾ ਦੁੱਖ ਜ਼ਾਹਰ ਕਰਦਿਆਂ ਕੱਲ੍ਹ ਸਵੇਰ ਦੀ ਘਟਨਾ ਦਾ ਜ਼ਿਕਰ ਛੇੜ ਦਿੱਤਾ, "ਸਵੇਰੇ ਤਾਂ ਇਹਨਾਂ ਨੂੰ ਤਸੱਲੀ ਸੀ ਕਿ ਅਸੀਂ ਸਕੀਨਾਂ ਨਾਂ ਦੀ ਕੁੜੀ ਨੂੰ ਸੁਰੱਖਿਅਤ ਉਸ ਦੇ ਮਾਪਿਆਂ ਨਾਲ ਰਲਾ ਆਏ ਹਾਂ ਪਰ ਜਿਸ ਤਰ੍ਹਾਂ ਉਹ ਰਾਹ ਵਿਚ ਘੋੜੀ ਉੱਤੇ ਸਾਡੇ ਨਾਲ ਵੀ ਠਠੰਬਰੀ ਰਹੀ, ਉਹ ਗੱਲ ਨਹੀਂ ਭੁੱਲਦੀ।"

"ਬੀਬੀ ਜੀ! ਇਹ ਬਹੁਤ ਚੰਗਾ ਹੋਇਆ, ਨਹੀਂ ਤੇ ਇਹ ਨਿਰਾ ਪਾਪ ਸੀ ਪਾਪ। ਇਹ ਹਾਰੀ-ਸਾਰੀ ਦਾ ਕੰਮ ਨਹੀਂ। ਇਹ ਕਰਨੀਆਂ ਸਰਦਾਰ ਹੀ ਕਰ ਸਕਦਾ।"

"ਨੰਬਰਦਾਰ ਜੀ! ਲਉ ਚਾਹ ਪੀਓ, ਇਹ ਜਾਗ ਪੈਣਗੇ, ਮਿਲ ਕੇ ਹੀ ਜਾਇਓ।" ਸਰਦਾਰ ਜੀ ਦੱਸਦੇ ਸੀ, "ਸਰਪੰਚ ਨੂੰ ਪਛਤਾਵਾ ਸੀ ਕਿ ਉਹਨੇ ਸੰਤਾਨ ਦੀ ਘਾਟ ਕਰ ਕੇ ਸਰੀਕਾਂ ਦੇ ਮਿਹਣਿਆਂ ਦੁੱਖੋਂ ਇਹ ਕੰਮ ਕਿਉਂ ਕਰ ਲਿਆ? ਜਦੋਂ ਉਹ ਆਪਣੀ ਪੈਲੀ ਕੋਲੋਂ ਲੰਘਦੇ ਕਾਫ਼ਲੇ ਵਿਚੋਂ ਪਾਣੀ ਪੀਣ ਉਰੇ ਹੋਈ, ਉਸ ਵਿਚਾਰੀ ਨੂੰ ਧੂਹ ਕੇ ਲੈ ਆਇਆ। ਘਰਦਿਆਂ ਦੱਸਿਆ, ਉਸ ਗਊ ਨੇ ਸਾਰੀ ਰਾਤ ਅੰਨ ਨੂੰ ਮੂੰਹ ਨਹੀਂ ਲਾਇਆ ਤੇ ਰੋ-ਰੋ ਕੇ ਬੇਹਾਲ ਹੁੰਦੀ ਰਹੀ ਹੈ। ਹੁਣ ਉਹ ਉਸ ਨੂੰ ਉਸ ਦੇ ਘਰ ਦਿਆਂ ਨਾਲ ਰਲਾਉਣਾ ਚਾਹੁੰਦਾ ਸੀ।" ਉਹ ਸਰਦਾਰ ਜੀ ਦਾ ਬੜਾ ਦੇਣਦਾਰ ਹੈ ਕਿ ਉਹ ਉਸੇ ਵੇਲੇ ਉਹਦੇ ਨਾਲ ਤੁਰ ਪਏ।"

"ਬੀਬੀ ਜੀ! ਇਹੋ ਜਿਹੇ ਸੂਰਮੇ ਭਗਤ ਕਿਥੇ ਜੰਮਣੇ ਆ?"

"ਨੰਬਰਦਾਰ ਜੀ! ਆ ਕੇ ਇਹੋ ਸੋਚਦੇ ਰਹੇ, ਧੀਆਂ ਧੀਆਂ ਹੀ ਹੁੰਦੀਆਂ ਆ। ਉਧਰ ਕਿੰਨੀਆਂ ਦੀ ਪੱਤ ਲੁੱਟੀ ਗਈ, ਕਈਆਂ ਨੇ ਬੁਰਛਿਆਂ ਦੇ ਡਰੋਂ ਨੇੜੇ ਖੂਹਾਂ ਵਿਚ ਛਾਲਾਂ ਮਾਰ ਦਿੱਤੀਆਂ। ਜਦੋਂ ਧਾੜਾਂ ਦੀਆਂ ਧਾੜਾਂ ਆ ਪਈਆਂ,



Academy of the Punjab in North America: http://www.apnaorg.com

ਟੱਬਰਾਂ ਦੇ ਟੱਬਰਾਂ ਨੇ ਆਪਣੀਆਂ ਧੀਆਂ-ਭੈਣਾਂ ਨੂੰ ਆਪਣੇ ਹੱਥੀਂ ਖੂਹਾਂ ਵਿਚ ਧੱਕੇ ਦੇ ਦਿੱਤੇ। ਇਧਰ ਵੀ ਉਹੋ ਕੁਝ ਵਾਪਰਿਆ। ਕਹਿੰਦੇ ਉਹਦਾ ਆਪਣੀ ਨਵਜੋਤ ਵਾਂਗ ਭੋਲਾ ਜਿਹਾ ਚਿਹਰਾ ਨਹੀਂ ਭੁੱਲਦਾ, ਜਦੋਂ ਉਸ ਨੇ ਸਰਪੰਚ ਤੇ ਮੈਨੂੰ ਆਪਣੀ ਜਾਨ ਬਖ਼ਸ਼ੀ ਲਈ ਤਿੰਨ-ਚਾਰ ਵੇਰਾਂ ਝੁਕ ਕੇ ਆਦਾਬ ਕੀਤੀ। ਰਾਤ ਰੋ-ਰੋ ਕੇ ਉਸ ਦੀ ਘਿੱਗੀ ਬੱਝੀ ਸੀ।" ਕਲ੍ਹ ਰਾਤ ਵਾਲੀ ਗੱਲ ਨੇ ਇਹਨਾਂ ਨੂੰ ਕੁਝ ਕਮਜ਼ੋਰ ਕਰ ਦਿੱਤਾ, ਕਹਿੰਦੇ ਹੁਣ ਜ਼ੁਲਮ ਦੀ ਹਨੇਰੀ ਵਗ ਤੁਰੀ ਏ। ਰਾਤ ਦੇ ਬਹੁਤ ਪਰੇਸ਼ਾਨ ਨੇ।

"ਬੀਬੀ ਜੀ! ਕਹਿੰਦੇ ਕਲ੍ਹ ਰਾਹ ਵਿਚ ਰੋਕ ਕੇ ਇਹਨਾਂ ਨੂੰ ਬੁਰਾ ਭਲਾ ਵੀ ਕਿਹਾ ਗਿਆ ਸੀ? ਤੁਹਾਨੂੰ ਦੱਸਿਆ?"

"ਹਾਂ ਜੀ! ਦੱਸਿਆ ਸੀ ਪਰ ਇਹਨਾਂ ਨੂੰ ਆਪਣੀ ਜਾਨ ਦਾ ਫ਼ਿਕਰ ਨਹੀਂ। ਕਹਿੰਦੇ ਕਿਵੇਂ ਹੋ ਸਕਦਾ, ਲੋਕ ਮਰਦੇ ਜਾਣ ਤੇ ਮੈਂ ਆਪਣੀ ਚਮੜੀ ਬਚਾ ਕੇ ਇਕ ਪਾਸੇ ਹੋ ਜਾਵਾਂ।"

"ਲਉ ਉੱਤਰ ਆਏ। ਨੀਂਦ ਕਿਥੇ ਆਉਂਦੀ?"

ਨੰਬਰਦਾਰ ਨੇ ਚਿੰਤਾ ਨਾਲ ਕਿਹਾ, "ਸਰਦਾਰ ਜੀ! ਰਾਤੀਂ ਪਿੰਡ ਦੇ ਬਾਹਰਲੇ ਪਹੇ 'ਤੇ ਲੱਭੂ ਘੁਮਿਆਰ ਨੂੰ ਵੱਢਣ ਦੀ ਘਟਨਾ ਕਿਸੇ ਬਾਹਰਲੇ ਬੰਦੇ ਦੀ ਸ਼ਰਾਰਤ ਹੋਣੀ ਆ? ਕਿੰਨੀ ਬੇਰਹਿਮੀ ਨਾਲ ਵੱਢ-ਟੁੱਕ ਕੀਤੀ ਕਿ ਰੱਬ ਵੀ ਵੇਖ ਕੇ ਕੁਰਲਾਅ ਉੱਠਿਆ ਹੋਣਾ"

"ਸੁਰਜਨ ਸਿੰਹਾਂ! ਸ਼ਰਾਰਤ ਹੀ ਵੱਡੇ-ਵੱਡੇ ਭਾਂਬੜ ਬਾਲ ਦਿੰਦੀ ਆ। ਕੀ ਕੁਝ ਨਹੀਂ ਵੇਖਿਆ, ਦੋਪਾਸੀਂ ਬਰਾਬਰ ਦੇ ਨਾਹਰੇ, ਬਰਛੇ, ਟਕੂਏ, ਬੰਦੂਕਾਂ। ਇਹ ਤਾਂ ਜ਼ੁਲਮ ਦੀ ਇੰਤਹਾ ਹੋ ਗਈ! ਦੱਸੋ, ਉਹ ਵਿਚਾਰੇ ਨੇ ਕਿਸੇ ਦਾ ਕੀ ਗਵਾਇਆ? ਮੂਰਖੋ! ਕੀ ਮਿਲ ਗਿਆ ਤੁਹਾਨੂੰ ਬੇਦੋਸ਼ੇ ਦੀ ਹੱਤਿਆ ਕਰ ਕੇ? ਤੁਸੀਂ ਉਧਰ ਦਾ ਬਦਲਾ ਲੈਂਦੇ ਓ, ਉਹ ਵੀ ਨਿਹੱਕੇ ਮਾਰੇ ਗਏ, ਆਹ ਤੁਸੀਂ ਵੀ ਨਿਹੱਕ ਕਰ ਰਹੇ ਹੋ।"

"ਸਰਦਾਰ ਜੀ! ਕਹਿੰਦੇ, ਹੱਥ ਵਿਚ ਤੇਲ ਦੀ ਸ਼ੀਸ਼ੀ ਤੇ ਪਰਨਾ ਸੀ, ਵਿਚਾਰਾ ਨਹਾਉਣ ਗਿਆ ਹੋਣਾ? ਖ਼ੌਰੇ ਹੋਣੀ ਖਿੱਚ ਕੇ ਲੈ ਗਈ ਉਥੇ? ਵਿਚਾਰੇ ਦੀਆਂ ਦੋ ਧੀਆਂ ਈ ਧੀਆਂ ਨੇ। ਇਕੱਲਾ-ਕਾਰਾ ਪਾਲਣ ਵਾਲਾ ਸੀ। ਲੋਕ ਵਹਿਸ਼ੀ ਹੋ ਗਏ ਵਹਿਸ਼ੀ। ਰੱਬ ਤੋਂ ਵੀ ਨਹੀਂ ਡਰਦੇ ਇਹੋ ਜਿਹੇ ਕਾਰੇ ਕਰਨ ਵਾਲੇ। ਕਹਿੰਦੇ ਕੋਈ ਡਰਦਾ ਲਾਸ਼ ਕੋਲ ਨਹੀਂ ਗਿਆ ਬਈ ਕੋਈ ਵੇਖ ਨਾ ਲਵੇ ਨਹੀਂ ਤਾਂ ਉਹਦਾ ਵੀ ਫਸਤਾ ਨਾਲ ਹੀ ਵੱਢਿਆ ਜਾਊ। ਸਾਰੀ ਰਾਤ ਵੱਢੀ-ਟੁੱਕੀ ਲਾਸ਼ ਉਥੇ ਪਈ



Academy of the Punjab in North America: http://www.apnaorg.com

ਰਹੀ। ਕਿੰਨੀ-ਕਿੰਨੀ ਰਾਤ ਤਕ ਵਾਹੁਣ ਵਾਲੀਆਂ ਜੋਗਾਂ, ਗੱਡਿਆਂ ਤੇ ਹਾਲੀਆਂ ਪਾਲੀਆਂ ਦੀ ਆਵਾਜ਼ ਆਉਂਦੀ ਰਹਿੰਦੀ ਸੀ, ਰਾਤੀਂ ਤਾਂ ਜਿਵੇਂ ਸਾਰੇ ਪਿੰਡ 'ਚ ਸੁੰਨ-ਮਸਾਨ ਪੈ ਗਈ। ਜਾਪੇ, ਪੱਤੇ ਵੀ ਡਰਦੇ ਹਿੱਲਣੋਂ ਹਟ ਗਏ। ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਨੇ ਪਿੰਡ ਵਾਲਿਆਂ ਦਾ ਸਾਹ ਸੂਤ ਰੱਖਿਆ। ਦੂਰੋਂ ਹਨੇਰੇ ਵਿਚ ਟਾਹਲੀਆਂ ਇੱਦਾਂ ਜਾਪਣ ਜਿੱਦਾਂ ਮੌਤ ਦੇ ਸਾਏ ਖਲੋਤੇ। ਲੋਕ ਘਰਾਂ ਵਿਚ ਦੜੇ ਬੈਠੇ ਰਹੇ। ਕੋਈ ਕੁਸਕਿਆ ਨਹੀਂ। ਜਿਸ ਕਿਸੇ ਦੇ ਕੰਨੀਂ ਇਹ ਗੱਲ ਪਈ, ਉਹਨੇ ਈ ਬੁੱਲ੍ਹ ਸੀ ਲਏ। ਰਾਤ ਨਾ ਕਿਸੇ ਪੱਕਾਈਆਂ ਨਾ ਖਾਧੀਆਂ।"

"ਭਾਈ! ਇਹ ਮਜ਼ਹਬੀ ਜਨੂੰਨ ਆ। ਉਧਰ ਦੀ ਮਾਰ-ਧਾੜ ਤੇ ਦਿਲ-ਕੰਬਾਊ ਕਤਲੇਆਮ ਵੀ ਬੇਦੋਸ਼ਿਆਂ ਦਾ ਘਾਣ ਸੀ। ਇਧਰ ਦੀ ਵੱਢ-ਟੁੱਕ ਵੀ ਨਿਰਦੋਸ਼ਾਂ ਦੀ ਹੱਤਿਆ ਹੈ। ਕੋਈ ਸ਼ਕਤੀ ਦੋ-ਪਾਸੀਂ ਸੁਮੱਤ ਬਖ਼ਸ਼ੇ! ਚੰਗਾ ਕੀਤਾ! ਅਸੀਂ ਅੰਦਰੋ-ਅੰਦਰੀ ਤਿਆਰੀ ਕਰਵਾਉਣ ਦਾ ਸੋਚ ਲਿਆ। ਸਮਝ ਨਹੀਂ ਆਉਂਦੀ ਅਗਲੇ ਪਲ ਕੀ ਕਾਰਾ ਵਾਪਰ ਜਾਣਾ? ਲੋਕ ਘਰਾਂ ਵਿਚ ਰੇਡੀਓ ਤੋਂ ਖ਼ਬਰਾਂ ਸੁਣ-ਸੁਣ ਕੇ ਘਬਰਾਏ ਹੋਏ ਆ। ਕਿਸੇ ਟਾਂਵੇਂ-ਟਾਂਵੇਂ ਨੇ ਸਮਾਨ ਵੀ ਥੋੜ੍ਹਾ-ਬਹੁਤਾ ਬੰਨ੍ਹਣ ਦੀ ਕੋਸ਼ਿਸ਼ ਕੀਤੀ ਸੀ ਪਰ ਸਭ ਨੂੰ ਆਸ ਸੀ ਕਿ ਆਪਣੀ ਜੰਮਣ-ਭੋਂ ਛੱਡਣ ਦੀ ਨੌਬਤ ਨਹੀਂ ਆਉਣੀ। ਠੰਡ-ਠੰਡੌਲਾ ਹੋ ਜਾਣਾ, ਜਿਹੜੇ ਹਿੱਲ ਪਏ, ਸਭਨਾਂ ਘਰੀਂ ਮੁੜ ਆਉਣਾ। ਆਹ ਰਾਤ ਦੀ ਘਟਨਾ ਨੇ ਸਭ ਨੂੰ ਬੇਆਸ ਕਰ ਦਿੱਤਾ ਹੈ। ਹੁਣ ਸਾਨੂੰ ਢਿੱਲ ਨਹੀਂ ਕਰਨੀ ਚਾਹੀਦੀ। ਕੋਸ਼ਿਸ਼ ਕਰੀਏ ਅੱਜ ਰਾਤ ਤਕ ਸਭ ਬੰਦੋਬਸਤ ਹੋ ਜਾਵੇ। ਰਾਤ ਜਾਗ ਕੇ ਕੱਟੀਏ।"

"ਸਰਦਾਰਾ! ਚੱਲ, ਜਿੱਦਾਂ ਆਖੇਂ ਤੇਰੇ ਨਾਲ ਆਂ। ਪਰ ਅਜੇ ਹੌਂਸਲਾ ਨਹੀਂ ਪੈਂਦਾ। ਆਹ ਜੁੰਮੇ ਦੀ ਲਾਲ ਹਨੇਰੀ ਵੇਖ ਕਿੱਦਾਂ ਚੜ੍ਹੀ ਆ! ਇਹ ਸੁੱਖ ਨਹੀਂ ਲਿਆਉਂਦੀ ਹੁੰਦੀ। ਕੋਈ ਨਾ ਕੋਈ ਤਬਾਹੀ ਕਰ ਕੇ ਜਾਂਦੀ ਹੁੰਦੀ ਆ। ਵੇਖ ਲਈਂ, ਹੁਣ ਸੁੱਖ ਨਹੀਂ ਰਹਿਣੀ। ਸਮਾਂ ਮਾੜਾ ਈ ਮਾੜਾ ਚੱਲਣਾ।" ਸੁਰਜਨ ਸਿੰਘ ਜਿਆਦਾ ਹੀ ਘਬਰਾ ਗਿਆ ਸੀ।

ਸਰਦਾਰ ਨੇ ਹੰਭਲਾ ਮਾਰ ਕੇ ਸੁਰਜਨ ਸਿੰਘ ਨੂੰ ਥਾਪੀ ਦੇ ਕੇ ਉਠਾਇਆ, "ਚੱਲ ਭਾਈ! ਹੁਣ ਦਿਲ ਨਾ ਛੱਡੋ। ਹਰ ਘੜੀ ਇਮਤਿਹਾਨ ਹੁੰਦੀ ਹੈ। ਰੱਬ ਵੀ ਅੱਜ ਸਾਡਾ ਇਮਤਿਹਾਨ ਲੈ ਰਿਹਾ। ਸਰਪੰਚ, ਦੋਵੇਂ ਨੰਬਰਦਾਰ, ਲੰਮੀ ਵੀਹ ਵਾਲਾ ਮਹੈਣ ਸਿੰਘ, ਕਰਤਾਰ ਸਿੰਘ, ਬਾਬਾ ਪੂਰਨ ਸਿੰਘ, ਸੁਲੱਖਣ ਸਿੰਘ, ਦਿੱਤ ਸਿੰਘ, ਚੰਨਣ ਸਿੰਘ, ਰਾਮਦੇਵ, ਹਜ਼ਾਰਾ ਸਿੰਘ, ਹਰਦਿੱਤ ਸਿੰਘ, ਪੰਡਤਾਂ ਦਾ ਜੈਪਾਲ, ਨਾਤੀ ਮਿਸ਼ਰ ਸਾਰੇ ਨਾਲ ਆ। ਤਕੜਾ ਹੋ।"



Academy of the Punjab in North America: http://www.apnaorg.com

"ਸਰਦਾਰ ਜੀ! ਜੇ ਬਾਬਾ ਗੁਰਦੁਆਰੇ ਬੋਲ ਦੇਵੇ ਤਾਂ ਸਾਰੇ ਇਕੱਠੇ ਹੋ ਜਾਣਗੇ। ਮੈਂ ਭੱਜ ਕੇ ਬਾਬੇ ਨੂੰ ਸੱਦ ਲਿਆਵਾਂ?" ਸੁਰਜਨ ਸਿੰਘ ਤੁਰਨ ਲੱਗਾ।

"ਓ ਸਿੰਘਾ! ਸੁਣ ਐਧਰ, ਇਹ ਤੇ ਘਬਰਾਹਟ ਪੈਦਾ ਕਰਨ ਵਾਲੀ ਗੱਲ ਆ। ਚੁੱਪ-ਚੁਪੀਤੇ ਘਰੋ-ਘਰੀ ਜਾ ਕੇ ਪਹਿਲਾਂ ਲੋਕਾਂ ਨੂੰ ਹੌਂਸਲਾ ਬੰਨ੍ਹਾਓ। ਵੰਡ ਕਰ ਲਓ, ਕਿਹੜੇ-ਕਿਹੜੇ ਘਰੀਂ ਜਾਣਾ, ਮੈਂ ਬੇਬੇ ਉਮਰੀ ਹੋਰਾਂ ਦੇ ਟੱਬਰਾਂ ਵੱਲ ਜਾਨਾਂ, ਉਧਰੋਂ ਸੁਲਤਾਨ ਹੋਰਾਂ ਵੱਲ ਤੇ ਫਿਰ ਹਕੀਮ ਜੀ ਵੱਲ। ਨਿਕਲ ਪਓ। ਕਹਿੰਦੇ ਸਭ ਰੋਈ ਜਾਂਦੇ। ਤਕੜੇ ਕਰੋ ਜਾ ਕੇ।"

ਕਾਹਲੇ ਕਦਮੀਂ ਪਹਿਲਾਂ ਸਰਦਾਰ ਲੰਮੀ ਵੀਹ ਵੱਲ ਪੁਰ ਪਿਆ। ਸਭ ਬੰਦੇ ਜਨਾਨੀਆਂ, ਘਬਰਾਏ ਘਰਾਂ ਤੋਂ ਬਾਹਰ ਇਕੱਠੇ ਹੋਏ, ਰੋ-ਰੋ ਬੇਹਾਲ ਹੋਏ ਸਨ। ਬੇਬੇ ਉਮਰੀ ਦੂਰੋਂ ਸਰਦਾਰ ਨੂੰ ਵੇਖ ਕੇ ਬਿਨ ਲੀੜਿਉਂ ਭੱਜੀ ਆ ਕੇ ਗੱਲ ਨੂੰ ਚੰਬੜ ਗਈ। ਰੋ-ਰੋ ਰਹਿੰਦੇ ਵੀ ਰੁਆ ਦਿੱਤੇ। ਜਾਪੇ ਜਿਵੇਂ ਗਲੀ ਦਾ ਇਕ-ਇਕ ਕੱਖ ਫਿੱਸ ਪਿਆ। ਦਿਲ-ਚੀਰਵੀਆਂ ਦੁਹਾਈਆਂ ਨੇ ਕੰਧਾਂ ਕੰਬਾ ਦਿੱਤੀਆਂ, "ਵੇ ਸਰਦਾਰਾ! ਤੂੰ ਭਾਵੇਂ ਸਾਨੂੰ ਦੱਸ ਨਾ ਦੱਸ, ਸਾਨੂੰ ਸਮਝ ਲੱਗ ਗਈ ਏ। ਤੂੰ ਸਾਡੀ ਹੁਣ ਬਾਂਹ ਨਹੀਂ ਫੜਨੀ। ਤੂੰ ਸਾਨੂੰ ਭੇਜਣ ਲਈ ਤਿਆਰ ਕਰਨ ਆਇਆਂ। ਤੂੰ ਘਬਰਾ ਗਿਆ ਏਂ। ਮੇਰੇ ਸਿਰ ਉੱਤੇ ਹੱਥ ਰੱਖ ਵੇ ਵੀਰਾ! ਕਿੱਦਾਂ ਜਿਗਰਾ ਕੱਢ ਲਿਆ ਈ ਸਾਨੂੰ ਭੇਜਣ ਦਾ। ਜਾਨ 'ਚ ਜਾਨ ਸੀ। ਮੇਰਿਆ ਭਰਾਵਾ! ਬੀਬੀ ਨੇ ਦੋਹਾਂ ਨਿੱਕੀਆਂ ਨੂੰ ਮਾਤਾ ਨਰੈਣਦਈ ਵੱਲ ਰੋਟ ਪੱਕਣ ਲਈ ਰਸਤ ਦੇ ਭੇਜਣਾ, ਉਹਨਾਂ ਝੱਬਦੇ ਦੇ ਕੇ ਇਧਰ ਆ ਵੜਨਾ, ਰਲ ਕੇ ਸੇਵੀਆਂ ਖਾਣੀਆਂ, ਇਥੇ ਈ ਸੌਂ ਜਾਣਾ। ਤੂੰ ਰਾਤ ਪਈ ਖੂਹ ਤੋਂ ਮੁੜਦਿਆਂ ਖੜਨਾ। ਵੇ ਮੇਰਿਆ ਵੀਰਾ! ਕੂੰਜਾਂ ਨੂੰ ਨਾ ਵਿਛੋੜੀਂ। ਸਾਡੀਆਂ ਧੀਆਂ ਕੀ ਤੇ ਤੇਰੀਆਂ ਕੀ। ਸਾਡਿਆ ਰਾਖਿਆ! ਇਹਨਾਂ ਨੂੰ ਰੱਖ ਲਾ। ਪਾਲ ਕੇ ਵੱਡੀਆਂ ਹੋਣਗੀਆਂ, ਵਿਆਹ ਛੱਡੀਂ। ਵੇ ਧਰਮੀਆ! ਤੇਰਾ ਬਾਬਾ ਤੈਨੂੰ ਕਿੱਦਾਂ ਭੁੱਲੂ? ਵੇ ਵੀਰੋ! ਸਾਨੂੰ ਇਥੇ ਮਾਰ ਦਿਉ, ਸਾਡੇ ਗਲ ਘੁੱਟ ਦਿਉ, ਆਪਣੇ ਹੱਥੀਂ ਦਫ਼ਨਾਅ ਦਿਉ। ਵੇ ਰੱਬਾ! ਅਸੀਂ ਲੁੱਟੇ ਮਾਰੇ ਗਏ।"

ਬੇਬੇ ਨੇ ਪਿੱਟ-ਪਿੱਟ ਦੇ ਦੁਹੱਥੜਾਂ ਨਾਲ ਸਰੀਰ ਨੀਲਾ ਕਰ ਲਿਆ। ਬਾਕੀ ਵੀ ਜ਼ੋਰ ਨਾਲ ਪਿੱਟੀਆਂ, "ਵੇ ਸਰਦਾਰਾ! ਵੇ ਮੇਰਿਆ ਪੁੱਤਾ! ਕਿਥੇ ਭੇਜਣ ਲੱਗਾ ਏਂ? ਕੀਹਦੇ ਆਸਰੇ? ਵੇ ਲੋਕੋ! ਉਥੇ ਸਾਡਾ ਕੌਣ ਏਂ? ਇਥੇ ਜੰਮੇ ਪਲੇ। ਦੱਸੋ ਉਥੇ ਕੌਣ ਏ ਸਾਡਾ?" ਸਾਰੇ ਚੀਕ-ਚਿਹਾੜਾ ਪੈ ਗਿਆ।

ਬਾਬੇ ਫੱਤੇ ਨੇ ਸਰਦਾਰ ਨੂੰ ਮੰਜੀ 'ਤੇ ਬਿਠਾ ਲਿਆ, ਉਹਦੇ ਅੱਥਰੂ ਥੰਮੇ ਨਹੀਂ ਸੀ ਜਾ ਰਹੇ। "ਸਰਦਾਰਾ! ਮੁਲਕ ਦਿਆ ਰਾਖਿਆ! ਸਾਡਾ ਕੀ ਸੋਚਿਆ



Academy of the Punjab in North America: http://www.apnaorg.com

ਈ ? ਪੁੱਤ ! ਨਾ ਭੇਜੀਂ ਸਾਨੂੰ ਇਥੋਂ। ਧਰਮੀਆਂ ! ਕਿਉਂ ਕੱਢਦਾਂ ਸਾਨੂੰ ਪਿੰਡੋਂ, ਪਿੰਡ ਸਾਡਾ ਆਪਣਾ ਨਹੀਂ ?'

ਸਰਦਾਰ ਦਾ ਆਪਣਾ ਮਨ ਕਾਬੂ ਵਿਚ ਨਾ ਰਿਹਾ। ਨੀਵੀ ਪਾਈ ਬੇਬੇ ਨੂੰ ਕਲਾਵੇ ਵਿਚ ਲੈ ਕੇ ਭਰੀ ਆਵਾਜ਼ ਨਾਲ ਕਹਿ ਕੇ ਤੁਰਨ ਲੱਗਾ ਸੀ ਕਿ ਸੁਲਤਾਨ ਨੇ ਆ ਕੇ ਕੰਨ ਵਿਚ ਕਿਹਾ, "ਬੇਬੇ, ਰੱਜੋ ਫ਼ੌਤ ਹੋ ਗਈ ਏ।" ਸਰਦਾਰ ਦੱਬੇ ਪੈਰੀਂ ਗਲੀ ਤੋਂ ਬਾਹਰ ਆ ਗਿਆ। ਸਾਰੇ ਉਥੇ ਇਕੱਠੇ ਹੋਏ ਸਨ।

"ਸਰਦਾਰ ਜੀ ! ਉਹਨੇ ਦਿਲ 'ਤੇ ਲਾ ਲਈ। "ਕਹਿੰਦੀ, ਬੰਦੇ ਕਿਉਂ ਭੱਜੇ ਫਿਰਦੇ ਨੇ ? ਸੁੱਖ ਤੇ ਹੈ ? ਕਹਿੰਦੇ ਜਾਣਾ ਕਿਥੇ ਜਾਣਾ ? ਇਹ ਸਾਡੇ ਘਰ ਨਹੀਂ ? ਅਸੀਂ ਆਪ ਛੱਤੇ ਆ। ਇਹ ਸਾਡਾ ਮੁਲਕ ਨਹੀਂ।" ਸਾਹ ਉੱਖੜ ਗਿਆ। ਸਰਦਾਰ ਨੇ ਡੂੰਘਾ ਹਉਕਾ ਲਿਆ। ਉਰੇ ਹੋ ਕੇ ਸੁਲਤਾਨ ਨੂੰ ਗਲ ਨਾਲ ਲਾਇਆ, "ਭਈ, ਹੁਣ ਧਿਆਨ ਰੱਖਿਓ। ਬੇਬੇ ਰੱਜੋ ਵੱਲੀ ਗੱਲ ਨਿਕਲੇ ਨਾ। ਕਹਿੰਦੇ ਤਾਇਆ ਰਸ਼ੀਦ ਵੀ ਮਾਂਦਾ ਪਿਆ ?"

"ਸੂਬੇਦਾਰਾ ! ਤੂੰ ਹਰਸ਼ੇ ਨੂੰ ਨਾਲ ਲੈ ਜਾ, ਜਾਵੇਦ ਤੇ ਫਰੂਕ ਨੂੰ ਨਾਲ ਲੈ ਜਾਓ। ਪਹਿਲਾਂ ਕਬਰ ਪੁੱਟ ਆਉ। ਮਸੀਤੋਂ ਦੋ-ਚਾਰ ਫੁੱਲ ਲੱਗੇ ਹੋਣੇ, ਲੈ ਆਉ। ਚੌਂਕੀਦਾਰਾ ! ਤੂੰ ਘਰੋਂ ਗੁਰਨਾਮ ਕੌਰ ਕੋਲੋਂ ਦੋ ਨਵੀਆਂ ਚੱਦਰਾਂ ਫੜ ਲਿਆ। ਧਿਆਨ ਰੱਖਿਉ, ਕਾਹਲੀ ਵਾਲਾ ਕੰਮ ਨਾ ਕਰਿਉ। ਪੂਰੇ ਅਦਬ ਨਾਲ ਦਫ਼ਨਾਉਣਾ ਜੇ।"

ਭੀੜ ਵੱਲ ਵੇਖ ਕੇ ਕਿਹਾ, "ਓ ਭਰਾਵੋ ! ਦਿਲ ਰੱਖੋ। ਜ਼ਰੂਰੀ ਸਮਾਨ ਕੱਢ ਲਉ, ਬਹੁਤਾ ਭਾਰ ਨਹੀਂ ਚੁੱਕ ਹੋਣਾ। ਕੁੰਜੀਆਂ ਰਾਜੇ ਚਰਨ ਸੋਂਹ ਨੂੰ ਫੜਾ ਦਿਉ, ਠੰਡ-ਠੰਡੌਲਾ ਹੋ ਜਾਊ, ਖ਼ੌਰੇ ਕੋਈ ਇਧਰੋਂ ਉਧਰ ਆਉਣ-ਜਾਣ ਦਾ ਢੰਗ ਤਰੀਕਾ ਨਿਕਲ ਆਵੇ। ਅਜੇ ਜਾਨਾਂ ਬਚਾ ਕੇ ਜਾਈਏ। ਸ਼ਾਹਾਂ ਦੇ ਬੰਦਿਆਂ, ਗੱਡੇ, ਘੋੜੀਆਂ, ਸਾਈਕਲ ਸਭ ਤਿਆਰ ਰੱਖੇ ਆ। ਗੰਗਾ ਸੋਂਹ ਤੇ ਸੋਹਣੂ ਨੇ ਉਸੇ ਵੇਲੇ ਟਾਂਗੇ ਜੋਅ ਲੈਣੇ।'

ਧਰਮੇ ਨੂੰ ਭੱਜਾ ਆਉਂਦਾ ਵੇਖ ਸਰਦਾਰ ਰੁਕ ਗਿਆ, "ਸਰਦਾਰ ਜੀ, ਮਾਸਟਰਾਂ ਦੇ ਟੱਬਰ ਬੜੇ ਘਬਰਾਏ, ਕਹਿੰਦੇ ਕੋਈ ਦਾਬਾ ਮਾਰ ਗਿਆ, "ਵੇਖੋ ! ਤੁਹਾਡਾ ਕੀ ਹਾਲ ਕਰਦੇ ਆਂ।" "ਲੈ ਸਲੀਮ ਵੀ ਭੱਜ ਆਉਂਦਾ।" ਸੁਖਦੇਵ ਨੇ ਵੇਖ ਕੇ ਕਿਹਾ, "ਸਰਦਾਰ ਜੀ ! ਸਰਦਾਰ ਜੀ ! ਉਸਤਾਨੀ ਜੀ ਤੇ ਉਹਦੀਆਂ ਤਿੰਨੇ ਧੀਆਂ ਪੁਰਾਣੇ ਖੂਹ ਵੱਲ ਡੁੱਬਣ ਲਈ ਭੱਜ ਗਈਆਂ।"

ਸਰਦਾਰ, ਚਰਨ ਸਿੰਹੁ ਤੇ ਸੁਲੱਖਣ ਸਨਤੋੜ ਉਧਰ ਭੱਜ ਉੱਠੇ, ਪਿੱਛੇ ਹੀ ਸਕੂਲ ਦੇ ਮੁੰਡੇ। ਛੇਤੀ ਨਾਲ ਉਹਨਾਂ ਦੀਆਂ ਚੁੰਨੀਆਂ ਫੜ ਕੇ ਮਣ ਤੋਂ ਉਰੇ



Academy of the Punjab in North America: http://www.apnaorg.com

ਧੂਹੀਆਂ। "ਓ ਭੈਣੋ ਸਾਡੀਓ! ਇਹ ਕਹਿਰ ਨਾ ਕਰਿਓ! ਸਾਰਾ ਪਿੰਡ ਤੁਹਾਡਾ ਰਾਖਾ ਏ। ਵੇਖੋ ਕਿੱਦਾਂ ਸਾਰਾ ਪਿੰਡ ਢਾਲ ਬਣ ਕੇ ਆਇਆ। ਪਹਿਲਾਂ ਕੋਈ ਸਾਨੂੰ ਮਾਰੂ ਫੇਰ ਤੁਹਾਡੇ ਵੱਲ ਅੱਖ ਚੁੱਕੂ। ਉਸਤਾਦ ਜੀ! ਸਭ ਸਕੂਲੇ ਇਕੱਠੇ ਹੋ ਜਾਉ।" ਲੰਮਾ ਸਾਹ ਭਰਦਿਆਂ, "ਇੰਨਾ ਜ਼ੁਲਮ, ਸਾਨੂੰ ਚਾਨਣ ਦੇਣ ਵਾਲੇ, ਅੱਜ ਬੇਆਸਰਾ ਹੋ ਗਏ। ਕਦੇ ਇਲਮ ਦੇ ਦਾਤਿਆਂ ਨੂੰ ਵੀ ਕਿਸੇ ਬਾਹਰ ਧੱਕਾ ਦਿੱਤਾ ਏ? ਸਾਡੀ ਬਦਕਿਸਮਤੀ! ਅਸੀਂ ਆਪ ਹੀਰੇ ਰੋਲ ਰਹੇ ਹਾਂ। ਮੇਰੀਆਂ ਸਾਰੀਆਂ ਧੀਆਂ ਇਹਨਾਂ ਕੋਲੋਂ ਪੜ੍ਹੀਆਂ।"

ਅਕਾਸ਼ ਵੱਲ ਵੇਖਦਿਆਂ, "ਅਸਾਂ ਪੱਟੀਆਂ ਗਲਤ ਪੋਚ ਲਈਆਂ, ਸ਼ਾਂਤੀ ਦੇ ਅੱਖਰ ਮੇਟ ਕੇ ਲੜਾਈਆਂ, ਜੰਗਾਂ ਤੇ ਜ਼ੁਲਮਾਂ ਦੇ ਅੱਖਰ ਗੂੜ੍ਹੇ ਕਰ ਲਏ। ਕਮਲਿਉ! ਧਰਤੀ ਵੰਡ ਲਈ, ਦਿਲਾਂ ਨੂੰ ਕਿੱਦਾਂ ਵੰਡੋਗੇ?"

"ਸਰਦਾਰਾ! ਅਸੀਂ ਇਹਨਾਂ ਨੂੰ ਚਾਹ-ਪਾਣੀ ਪਿਆਉਂਦੇ ਹਾਂ, ਤੂੰ ਛੇਤੀ ਮੁੜ ਕੇ ਘਰੋਂ ਹੋ ਕੇ ਆ।" ਮੁਖ਼ਤਿਆਰ ਸਿੰਘ ਨੇ ਦਲੇਰੀ ਨਾਲ ਕਿਹਾ। ਸਰਦਾਰ ਤੁਰ ਪਿਆ। ਜਾ ਕੇ ਹੌਲੀ ਜਿਹੀ ਹੋੜਾ ਉਤਾਂਹ ਕਰ ਕੇ ਘਰ ਦੀ ਲੰਮੀ ਗਲੀ ਵਿਚੋਂ ਲੰਘ ਕੇ ਵੱਡੀ ਡਿਉੜੀ ਵਿਚ ਜਾ ਵੜਿਆ। ਇਹ ਸਿਲਸਿਲਾ ਰੌਲੇ ਪੈਣ ਤੋਂ ਹੀ ਸ਼ੁਰੂ ਹੋ ਗਿਆ ਸੀ ਕਿ ਅੰਦਰੋਂ ਜਿੰਦਰੇ ਨਹੀਂ ਮਾਰਨੇ। ਖੜਾਕ ਨਾਲ ਬੱਚੇ, ਮਾਂ ਜੀ ਤੇ ਆਂਢ-ਗੁਆਂਢ ਜਾਗ ਪੈਣਗੇ। ਬੇਬੇ ਉਮਰੀ ਦੇ ਟੱਬਰ ਵਿਚ ਇਹਨਾਂ ਬੱਚਿਆਂ ਦੀ ਜਾਨ ਸੀ। ਗੁਰਨਾਮ ਕੌਰ ਨੇ ਚੀਜ਼ਾਂ ਦੀ ਤਿਆਰੀ ਤਾਂ ਪਹਿਲਾਂ ਹੀ ਕਰ ਲਈ ਸੀ। ਦੱਸਦੀ ਦਾ ਮੁੜ-ਮੁੜ ਗਲਾ ਭਰ ਆਉਂਦਾ।

"ਸਰਦਾਰ ਜੀ! ਤਿੰਨ ਪੀਪੇ ਲੂਣ ਵਾਲੀਆਂ ਤੇ ਤਿੰਨ ਮਿੱਠੀਆਂ ਮੱਠੀਆਂ ਦੇ ਨੇ। ਵੀਹ ਸੇਰ ਆਟਾ ਖੰਡ ਪਾ ਕੇ ਭੁੰਨ ਦਿੱਤਾ। ਵੱਡੀ ਨਵਜੋਤ ਬੜੀ ਉਦਾਸ ਆ। ਸੌਣ ਲੱਗਿਆਂ ਕਹਿੰਦੀ ਸੀ, "ਬੀਜੀ ਜੀ, ਕੱਲ ਜ਼ਾਹਿਦਾ ਕਹਿੰਦੀ ਸੀ, ਉਹਦੀ ਹਮਸ਼ੀਰਾ ਵੀ ਦੱਸਦੀ ਸੀ, ਅਸੀਂ ਇਥੋਂ ਦੂਰ ਚਲੇ ਜਾਣਾ, ਮੁੜ ਕੇ ਨਹੀਂ ਆਉਣਾ। ਬਹੁਤ ਰੋਂਦੀਆਂ ਸਨ ਕਹਿੰਦੀਆਂ, "ਇਹ ਕਿਉਂ ਸਾਡਾ ਵਤਨ ਨਹੀਂ? ਤੇਰਾ ਵੀ ਇਹ ਵਤਨ ਨਹੀਂ? ਫਿਰ ਤੂੰ ਵੀ ਜਾਵੇਂਗੀ ਸਾਡੇ ਨਾਲ? ਅਸਾਂ 'ਕੱਠੀਆਂ ਪੜ੍ਹਨਾ ਤੋੜ ਤਕ।' ਬੀਜੀ ਉਹ ਰੋਂਦੀਆਂ ਕਿਉਂ ਨੇ? ਤੁਸੀਂ ਨਹੀਂ ਰੱਖੋਗੇ ਉਹਨਾਂ ਨੂੰ ਆਪਣੇ ਕੋਲ? ਬੀਜੀ! ਜ਼ਰੀਨਾ ਤੇ ਨਜ਼ਮਾਂ ਹੁਣ ਇਸ ਸਕੂਲ ਨਹੀਂ ਪੜ੍ਹਣਗੀਆਂ?"

ਸਰਦਾਰ ਕਈ ਦਿਨਾਂ ਤੋਂ ਉਨੀਂਦਰਾ ਸੀ। ਮੰਜੇ ਦੀ ਪੈਂਦ 'ਤੇ ਬੈਠ ਗਿਆ, "ਗੁਰਨਾਮ ਕੌਰ, ਤੂੰ ਸਮਝਦਾਰ ਏਂ। ਇਹੋ ਜਿਹੇ ਵੇਲੇ ਜਜ਼ਬਾਤੀ ਹੋਇਆਂ ਕੰਮ ਨਹੀਂ ਚੱਲਦਾ। ਇਸ ਵੇਲੇ ਮੈਂ ਡੋਲ ਗਿਆ, ਸਾਰਾ ਪਿੰਡ ਡੋਲ ਜਾਊ। ਇਕੋ ਕੋਸ਼ਿਸ਼



Academy of the Punjab in North America: http://www.apnaorg.com

ਆ ਸਭ ਠੀਕ-ਠਾਕ ਪਹੁੰਚ ਜਾਣ। ਕੀਹਦਾ ਕੀਹਦੇ ਨਾਲ ਪਿਆਰ ਨਹੀਂ। ਪੜਦਾਦਿਆਂ ਤੋਂ ਇਥੇ ਵਸੇਬਾ। ਘਰ-ਬਾਰ, ਮਾਲ-ਅਸਬਾਬ ਤੇ ਡੂੰਘੀਆਂ ਸਾਂਝਾਂ ਛੱਡਣੀਆਂ ਬਹੁਤ ਔਖੀਆਂ।"

"ਰਾਜਾ! ਆਹ ਚਾਹ ਦੀਆਂ ਡੋਹਣੀਆਂ ਚੁੱਕ। ਪਾਣੀ ਦੇ ਘੜੇ ਗੱਡਿਆਂ 'ਤੇ ਰੱਖ ਲਉ। ਸੁਲਤਾਨ ਨੇ ਮਸ਼ਕਾਂ ਵੀ ਭਰ ਲਈਆਂ।"

"ਗੁਰਨਾਮ ਕੌਰ! "ਪੈਸੇ ਜਿੰਨੇ ਹੈਗੇ ਫੜਾ ਦਿਉ।" "ਚਰਨ ਸਿੰਹਾਂ! ਜਾ ਕੇ ਥੋੜ੍ਹੇ ਥੋੜ੍ਹੇ ਹਰ ਇਕ ਦੀ ਜੇਬ ਵਿਚ ਪਾ ਦਿਉ। ਵਿਚਾਰਿਆਂ ਨੂੰ ਸਦਾ ਲਈ ਵਿਦਾ ਕਰਨ ਲੱਗੇ ਆਂ। ਜਾਹ ਜਾ ਕੇ ਦੋਹਾਂ ਨੰਬਰਦਾਰਾਂ ਨੂੰ ਕਹੋ, ਮੁੰਡਿਆਂ ਨੂੰ ਨਾਲ ਲੈ ਕੇ ਸਭ ਨੂੰ ਚਾਹ ਤੇ ਲੰਗਰ ਛਕਾ ਦੇਣ।"

"ਸਰਦਾਰ ਜੀ! ਮੈਂ ਚੱਲਾਂ, ਸਾਰਿਆ ਨੂੰ ਮਿਲ ਆਵਾਂ, ਫੇਰ ਨਦੀ ਨਾਮ ਸੰਯੋਗੀ ਮੇਲੇ।"

"ਮੈਂ ਕਿੱਦਾਂ ਸਮਝਾਵਾਂ, ਸਾਡੇ ਲਈ ਇਹ ਵਕਤ ਬਹੁਤ ਕਠਿਨ ਆ। ਮੈਂ ਤੇਰੇ ਮਨ ਦੀ ਗੱਲ ਸਮਝਦਾਂ। ਸਾਥੋਂ ਤੇ ਅੱਗੇ ਸਾਰੇ ਰੋਂਦੇ ਨਹੀਂ ਸਾਂਭੇ ਜਾਂਦੇ। ਮਾਹੌਲ ਹੋਰ ਗ਼ਮਗ਼ੀਨ ਹੋ ਗਿਆ ਤਾਂ ਨੁਕਸਾਨ ਹੋ ਜਾਣਾ। ਉਹਨਾਂ ਦੀਆਂ ਜਾਨਾਂ ਬਚ ਜਾਣ ਇਹ ਹੀ ਪਿਆਰ ਹੈ। ਯਾਦ ਆਇਆ, ਕੁਝ ਦਵਾਈ ਦੀਆਂ ਪੁੜੀਆਂ ਤੇ ਚੁਅਰਕਾ ਬੋਤਲਾਂ ਵਿਚ ਪਾ ਕੇ ਨਾਲ ਦੇ ਦਿਉ।"

"ਹੱਛਾ! ਇਹ ਸੂਟ ਤੇ ਚਾਦਰਾਂ, ਛੇ ਬਿਸਤਰਿਆਂ ਦੀਆਂ ਵੱਡੀਆਂ ਚਾਦਰਾਂ, ਇਹ ਵੀ ਬੇਬੇ ਨੂੰ ਫੜਾ ਦਿਉ, ਰਾਹ ਵਿਚ ਕੱਪੜੇ ਲੀੜੇ ਦੀ ਲੋੜ ਪੈ ਸਕਦੀ ਹੈ। ਰੱਬਾ ਸੁੱਖ ਰਹੇ।" ਗੁਰਨਾਮ ਕੌਰ ਰੋਣ ਲੱਗ ਪਈ। ਸਰਦਾਰ ਭਰੇ ਮਨ ਨਾਲ ਤੁਰ ਪਿਆ।

ਅੱਧਿਉਂ ਵੱਧ ਪਿੰਡ ਨਾਲ ਹੋ ਤੁਰਿਆ। ਸਿਸਕੀਆਂ, ਹੌਕੇ, ਭੁੱਬਾਂ, ਕਿਸੇ ਕੋਲੋਂ ਵੀ ਮਨ ਕਾਬੂ ਵਿਚ ਨਾ ਰਿਹਾ। ਸਿਆਣੇ ਹੱਥਾਂ ਵਿਚ ਲਾਲਟੈਣਾਂ ਫੜੀ ਪਹੁੰਚਦੇ ਗਏ। ਪਿੰਡ ਵਿਚ ਕੁੱਤੇ ਭੌਂਕਣ ਲੱਗ ਪਏ। ਮਾਤਮ ਵਰਗੀ ਚੁੱਪ ਪੱਸਰ ਗਈ। ਹਨੇਰੇ ਵਿਚ ਜਿਸ-ਜਿਸ ਦਾ ਵੀ ਮੂੰਹ ਨਜ਼ਰ ਆਉਂਦਾ, ਛਮ-ਛਮ ਅੱਥਰੂ ਵਹਿੰਦੇ ਈ ਦਿਸਦੇ।

ਪਿੰਡ ਵਾਲੇ ਬਚਾਅ ਲਈ ਦੋਹੀਂ ਪਾਸੀ ਨਾਲ-ਨਾਲ ਤੁਰ ਪਏ। ਉਹਨਾਂ ਨੂੰ ਵਿਚ-ਵਿਚ ਤੋਰਿਆ। ਸਭ ਸਹਿਮੇ ਹੋਏ ਪਿੰਡ ਦੇ ਆਸਰੇ ਤੁਰ ਪਏ ਪਰ ਦਿਲਾਂ ਨੂੰ ਪਿੱਛੇ ਛੱਡ ਚੱਲੇ । ਨਾ ਯਾਦਾਂ ਮੁੱਕਣ, ਨਾ ਦਿਲ ਮੁੜਨ। ਝੋਰੇ ਨਾਲ ਵੱਡੇ ਸਰੀਰ ਉਥੇ ਹੀ ਮੁੱਕ ਜਾਣਗੇ। ਰੂਹਾਂ ਆਪਣੇ ਇਸ ਵਤਨ ਵਿਚ ਘੁੰਮਦੀਆਂ



Academy of the Punjab in North America: http://www.apnaorg.com

ਫਿਰਨਗੀਆਂ। ਅਸੀਂ ਸੌ ਮੰਨਤਾਂ ਮੰਨ ਕੇ ਵੀ ਉਹਨਾਂ ਰੂਹਾਂ ਤੋਂ ਨਿਜਾਤ ਨਹੀਂ ਪਾ ਸਕਣੀ।

ਭਲਵਾਨ ਨੇ ਬਾਬੇ ਅਕਰਮ ਨੂੰ ਚੁੱਕਿਆ ਸੀ। ਸਰਦਾਰ ਬੇਬੇ ਉਮਰੀ ਨੂੰ ਕੰਧਾੜੇ ਚੁੱਕੀ ਲਈ ਜਾਂਦਾ ਹੌਂਸਲਾ ਬੰਨ੍ਹਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, "ਬੇਬੇ! ਅਸੀਂ ਵਿੱਛੜੇ ਨਹੀਂ, ਮਿਲਾਂਗੇ। ਮੈਂ ਤੇਰੀ ਬੀਬੀ ਨੂੰ, ਤੇਰੇ ਕੋਲੋਂ ਨਿਸ਼ਾਨੀ ਲੈਣ ਲਈ ਉਥੇ ਲੈ ਕੇ ਆਵਾਂਗਾ। ਤੂੰ ਰੱਜ ਕੇ ਉਹਨੂੰ ਮਿਲ ਲਵੀਂ। ਉਹ ਪਾਉਂਦੀ ਤੇ ਨਹੀਂ, ਪਰ ਤੇਰੇ ਵੱਲੋਂ ਦਿੱਤੀ ਛਾਪ ਜ਼ਰੂਰ ਲਵੇਗੀ। ਨਿਸ਼ਾਨੀ ਰੱਖਣ ਲਈ ਹੁੰਦੀ ਏ ਨਾ ਬੇਬੇ !" ਚਿਹਰਾ ਪਿਛਾਂਹ ਕਰ ਕੇ ਬੇਬੇ ਵਾਲ ਵੇਖਦਿਆਂ, "ਬੇਬੇ! ਤੇਰੇ ਲਈ ਵੀ ਨਿਸ਼ਾਨੀ ਲੈ ਕੇ ਆਵੇਗੀ। ਉੱਤਰ ਪਾਣੀ ਪੀ ਲਈਏ, ਤੇਰਾ ਤਾਂ ਤਾਲੂ ਸੁੱਕਾ ਹੋਣਾ।" ਬੇਬੇ ਥੱਕੀ ਸੀ, ਕੰਧਾੜਿਉਂ ਉੱਤਰ ਕੇ ਗੱਡੇ ਵਿਚ ਬਹਿ ਗਈ। ਸਰਦਾਰ ਅੱਗੇ ਤੋਂ ਪਿੱਛੇ ਤਕ ਭੱਜ-ਭੱਜ ਕੇ ਰੋਂਦੀਆਂ ਜ਼ਨਾਨੀਆਂ, ਮੁਟਿਆਰਾਂ ਕੁੜੀਆਂ ਤੇ ਬੱਚਿਆਂ ਨੂੰ ਹੌਂਸਲਾ ਦਿੰਦਾ ਜਾਂਦਾ।

ਪਿੰਡੋਂ ਬਾਹਰ ਸੜਕ 'ਤੇ ਪਹੁੰਚ ਕੇ ਮੁੜ ਸਾਰੇ ਗਲੇ ਮਿਲੇ। ਸਿਸਕੀਆਂ, ਲੇਰਨੀਆਂ, ਉੱਚੀਆਂ ਹੋ ਗਈਆਂ। ਗੱਡਿਆਂ ਤੋਂ ਉੱਤਰ-ਉੱਤਰ ਕੇ ਸਭ ਨੇ ਗੁਰਦੁਆਰੇ, ਮੰਦਰ ਤੇ ਮਸੀਤ ਵੱਲ ਮੂੰਹ ਕਰ ਕੇ ਮੱਥੇ ਟੇਕੇ। ਸਰਦਾਰ ਨੂੰ, ਸਭ ਇਕ ਦੂਸਰੇ ਦੇ ਗਲੋਂ ਤੋੜ-ਤੋੜ ਕੇ ਲਾਹੁਣੇ ਪਏ। ਜਾਣ ਵਾਲੇ ਭੌਂ-ਭੌਂ ਕੇ ਦੂਰ ਪਿੰਡ ਦੀ ਹੱਦ ਵੇਖ ਕੇ ਰੋਂਦੇ ਰਹੇ।

ਮੀਲ ਕੁ ਦੀ ਵਾਟ ਰਹਿੰਦੀ ਸੀ। ਕੁਝ ਚਾਨਣ ਜਿਹਾ ਦਿਸਿਆ। ਸਭ ਡਰ ਕੇ ਕੁੰਗੜ ਗਏ। ਸਰਦਾਰ ਨੇ ਧਿਆਨ ਨਾਲ ਵੇਖ ਕੇ ਕਿਹਾ, "ਮਿਲਟਰੀ ਦਾ ਟਰੱਕ ਜਾਪਦਾ। ਭਾਈ! ਗੱਡੇ, ਘੋੜੀਆਂ ਕੱਚੇ ਲਾਹ ਲਉ। ਨੀਵੇਂ ਹੋ ਕੇ 'ਕੱਠੇ ਹੋ ਕੇ ਬਹਿ ਜਾਓ। ਪਤਾ ਨਹੀਂ ਕਿਸ ਬਿੱਜ ਆ ਪੈਣਾ ?" ਸਭ ਸਾਹ ਸੂਤ ਕੇ ਰੁਕ ਗਏ। ਗੱਡੀ ਲੰਘ ਗਈ। ਕੈਂਪ ਨੇੜੇ ਸੀ। "ਭਾਈ ਹੁਣ ਪਹੁੰਚ ਗਏ ਹਾਂ। ਥੋੜ੍ਹਾ-ਥੋੜ੍ਹਾ ਹੋਰ ਖਾ ਪੀ ਲਉ। ਨਿਆਣਿਆਂ ਨੂੰ ਦੁੱਧ ਪਿਆ ਦਿਉ। ਖ਼ੌਰੇ ਕਿੰਨਾ ਚਿਰ ਬੁਰੇ ਹਾਲੀਂ ਰਹਿਣਾ। ਰਾਜਿਆ! ਕੱਢ ਬੀਬੀ ਵਾਲੀਆਂ ਮੱਠੀਆਂ। ਭਲਿਓ! ਪਰਸ਼ਾਦ ਵਾਂਗ ਲੈ ਜਾਓ। ਪਾਓ ਮੂੰਹ ਵਿਚ।" ਸਭ ਨੇ ਮੱਠੀਆਂ ਲੈ ਲਈਆਂ।

ਕੈਂਪ ਆ ਗਿਆ। ਕੈਂਪ ਇੰਚਾਰਜ ਦਾ ਮੂੰਹ ਕੱਸਿਆ ਹੋਇਆ ਸੀ। ਸਾਰਿਆਂ ਦੀਆਂ ਧਾਈਂ ਨਿਕਲ ਗਈਆਂ। "ਓਏ ਡਾਢਿਆ! ਕਿਹੜੇ ਮਾੜੇ ਕਰਮ ਕੀਤੇ ਸੀ ? ਅਸੀਂ ਜੜ੍ਹੋਂ ਉੱਖੜ ਗਏ।" ਸਰਦਾਰ ਨੇ ਬੇਬੇ ਉਮਰੀ ਨੂੰ ਅੱਗੇ ਕਰ ਕੇ, ਵਲ੍ਹੇ ਅਹਾਤੇ ਕੋਲ ਉਤਾਰਿਆ। ਬੇਬੇ ਮੁੜ ਸਰਦਾਰ ਦੇ ਗਲ ਨਾਲ ਚੰਬੜ ਗਈ। ਉਸ ਦੀਆਂ ਦਰਦੀਲੀਆਂ ਆਹੀਂ ਅਸਮਾਨ ਚੀਰ ਗਈਆਂ। ਕੈਂਪ ਇੰਚਾਰਜ ਨੇ



Academy of the Punjab in North America: http://www.apnaorg.com

ਸਮਝਾਇਆ। ਫ਼ੌਜੀਆ ਨੇ ਸੁਰੱਖਿਆ ਕਾਰਨ ਵਾਰੀ-ਵਾਰੀ ਸਭ ਨੂੰ ਬਾਹਵਾਂ ਖਿੱਚ-ਖਿੱਚ ਕੇ ਛੇਤੀ-ਛੇਤੀ ਕੈਂਪ ਦੇ ਅੰਦਰ ਕਰ ਲਿਆ।

ਹੁਣ ਸਰਦਾਰ ਨੇ ਪਿੰਡ ਵਾਲਿਆਂ ਨੂੰ ਬਚ-ਬਚਾ ਕੇ ਛੇਤੀ ਪਿੰਡ ਮੁੜਨ ਲਈ ਇਸ਼ਾਰਾ ਕੀਤਾ ਤੇ ਆਪ ਕੈਂਪ ਵਿਚ ਦਿਸਦੇ ਸਾਰੇ ਵਿੱਛੜੇ ਸਿਰਾਂ ਨੂੰ ਬਾਹਵਾਂ ਉੱਚੀਆਂ ਕਰ ਕੇ ਆਪਣੀ ਬੇਬਸੀ ਪ੍ਰਗਟ ਕਰਨ ਲਈ ਤੇ ਹਾਲਾਤ ਦਾ ਸ਼ੁਕਰਾਨਾ ਕਰਨ ਲਈ ਪਲ ਕੁ ਲਈ ਹੱਥ ਜੋੜੀ ਰੱਖੇ।

ਮੁੜਦਿਆਂ ਨੰਬਰਦਾਰ ਸਮਝ ਗਿਆ ਸੀ ਕਿ ਸਰਦਾਰ ਹੁਣ ਉਦਾਸ ਹੋ ਗਿਆ ਹੈ। "ਸਰਦਾਰ ਜੀ ! ਸ਼ੁਕਰ ਆ ਰੱਬ ਦਾ, ਕੰਮ ਬੜਾ ਵੱਡਾ ਸੀ, ਫ਼ਤਹ ਹੋ ਗਿਆ। ਹੁਣ ਦਿਲ ਨਾ ਛੱਡੋ।"

"ਭਾਈ ਸਿੰਘਾ ! ਅੱਜ ਆਪਣਿਆ ਨੂੰ ਬਿਗਾਨੀ ਧਰਤੀ ਲਈ ਤੋਰ ਆਏ ਆਂ। ਉਥੇ ਉਹਨਾਂ ਦਾ ਕੌਣ ਏ ? ਉਹ ਸ਼ਰਨਾਰਥੀ ਬਣਨਗੇ। ਪਨਾਹਗੀਰ ਅਖਵਾਉਣਗੇ, ਜਿੱਦਾਂ ਉਧਰੋਂ ਆਉਣ ਵਾਲਿਆਂ ਰਿਫ਼ਿਊਜ਼ੀਆਂ ਨਾਲ ਹੋਇਆ, ਆਪਣੇ ਵੀ ਨਹੀਂ ਪਛਾਣਦੇ। ਚੱਲ, ਚੱਲ, ਉਹ ਉਡੀਕਦੇ ਹੋਣਗੇ।" ਸਰਦਾਰ ਉਦਾਸੀ ਵਿਚ ਗੱਲਾਂ ਕਰੀ ਜਾ ਰਿਹਾ ਸੀ। ਉਦੋਂ ਪਤਾ ਲੱਗਾ ਜਦੋਂ ਹੇਠਾਂ ਮੁੱਢੀ ਨਾਲ ਅੜ ਕੇ ਸਾਈਕਲ ਹੱਥੋਂ ਡਿੱਗ ਪਿਆ ਤੇ ਉਹ ਚੌਫ਼ਾਲ ਜਾ ਪਿਆ।

ਨੰਬਰਦਾਰ ਨੇ ਵੇਖਿਆ, ਸਰਦਾਰ ਦੀਆਂ ਅੱਖਾਂ ਬੰਦ ਸਨ, ਸਾਹ ਤੇਜ਼ ਸੀ। ਨੰਬਰਦਾਰ ਅੱਖਾਂ ਪੁੱਟ ਕੇ ਵੇਖ ਕੇ ਬੇਕਾਬੂ ਮਨ ਨਾਲ ਡਾਡਾਂ ਮਾਰਨ ਲੱਗ ਪਿਆ, "ਸਾਰਿਆਂ ਦਿਆ ਰਾਖਿਆ ! ਉੱਠ ! ਰੱਬਾ ! ਇਹ ਨਾ ਕਹਿਰ ਹੁਣ ਕਮਾਵੀਂ।"

ਨੇੜੇ ਕੋਈ ਚਿੜੀ ਪਰਿੰਦਾ ਨਹੀਂ ਸੀ। ਦੂਰੋਂ ਹਟਵਿਉਂ ਪਿੰਡੋਂ 'ਮਾਰ ਦਿਉ-ਮਾਰ ਦਿਉ, ਲੋਕੋ ! ਮਾਰੇ ਗਏ' ਦੀਆਂ ਆਵਾਜ਼ਾਂ ਕੰਨੀਂ ਪਈਆਂ। ਨੰਬਰਦਾਰ ਡਰ ਗਿਆ, ਕਿਤੇ ਹਮਲਾ ਹੋ ਗਿਆ ਏ, ਕਿਹੜਾ ਪਿੰਡ ਲੁੱਟਿਆ ਗਿਆ ? ਕੁਝ ਸੁੱਝੇ ਨਾ, ਅੱਖਾਂ ਭਰ ਆਈਆਂ। ਸਰਦਾਰ ਦੀਆਂ ਲੱਤਾਂ-ਬਾਹਵਾਂ ਹਿਲਾਈਆਂ, "ਓ ਸੂਰਮਿਆ ! ਉੱਠ ਬਹਾਦਰਾ ! ਤੇਰੀਆਂ ਕਰਨੀਆਂ ਕੌਣ ਭੁੱਲੂ ? ਪਿੰਡ ਦੇ ਮੱਥੇ 'ਤੇ ਕਲੰਕ ਲੱਗਣੋ ਬਚਾ ਲਿਆ। ਧੰਨ ਤੈਨੂੰ ਜੰਮਣ ਵਾਲੀ ਮਾਂ, ਸ਼ੇਰਾ ! ਚੱਲ ਉਹ ਗੁਰਦੁਆਰੇ ਇਕੱਠੇ ਹੋਏ ਉਡੀਕਦੇ ਹੋਣਗੇ। ਪਰਸ਼ਾਦ ਕਰਾਉਣਾ ਸੀ। ਇਸ ਧਰਤੀ ਨੂੰ ਬਖ਼ਸ਼ਿਸ਼ ਏ ਇਥੇ ਨਿਦੋਸ਼ਿਆਂ ਦਾ ਘਾਣ ਨਹੀਂ ਹੋਇਆ।"

ਸਰਦਾਰ ਨੇ ਥੋੜ੍ਹੀ ਜਿਹੀ ਅੱਖ ਖੋਲ੍ਹੀ। ਨੰਬਰਦਾਰ ਨੂੰ ਪਛਾਣਿਆ। ਦੋਵੇਂ ਹੱਥ ਜੋੜੇ। ਪਤਾ ਨਹੀਂ ਇਹ ਉਸ ਵੇਲੇ ਦੇ ਸੰਗੀ ਨੰਬਰਦਾਰ ਪ੍ਰਤਿ ਅਹਿਸਾਨ ਜਤਾਉਣ ਦੀ ਮੁਦਰਾ ਸੀ ਜਾਂ ਕਿਸੇ ਰੱਬੀ ਰਹਿਮਤ ਦਾ ਸ਼ੁਕਰਾਨਾ। ਮਿਸ਼ਨ ਨੂੰ ਆਂਚ ਨਹੀਂ ਆਈ। ਹੱਥ ਨਾਲ ਨੰਬਰਦਾਰ ਨੂੰ ਪਾਣੀ ਦੀ ਚੁਲੀ ਮੂੰਹ ਵਿਚ ਪਾਉਣ ਲਈ ਇਸ਼ਾਰਾ ਕੀਤਾ। ਨੇੜੇ ਕੋਈ ਖੂਹ, ਟੋਬਾ ਜਾਂ ਢਾਬ ਨਹੀਂ ਸੀ। ਨੰਬਰਦਾਰ



Academy of the Punjab in North America: http://www.apnaorg.com

ਨੂੰ ਇਕ ਆਡ ਦਿਸੀ। ਦੋਵੇਂ ਚੁਲੀਆਂ ਭਰ ਲਿਆਇਆ, ਸਰਦਾਰ ਦੇ ਮੂੰਹ ਵਿਚ ਪਾਈਆਂ। ਸਰਦਾਰ ਦੀਆਂ ਅੱਖਾਂ ਖੁੱਲ੍ਹੀਆਂ, "ਮੇਰਾ ਫ਼ਿਕਰ ਨਾ ਕਰ, ਮੈਂ ਜਾਂਦਾ ਨਹੀਂ, ਅਜੇ ਜੀਊਣਾ ਏ।"

ਅੱਖਾਂ ਵਿਚੋਂ ਪਰਲ-ਪਰਲ ਨੀਰ ਵਹਿ ਰਿਹਾ ਸੀ। ਨੰਬਰਦਾਰ ਨੂੰ ਉਸ ਹੋਰ ਉਰੇ ਹੋਣ ਲਈ ਇਸ਼ਾਰਾ ਕੀਤਾ। ਹੌਲੀ-ਹੌਲੀ ਗੋਡਿਆਂ ਨੂੰ ਹੱਥ ਪਾਏ। ਨੰਬਰਦਾਰ ਨੇ ਸਹਾਰਾ ਦੇ ਕੇ ਨਾਲ ਖਲਾਰਿਆ, "ਹੌਲੀ-ਹੌਲੀ ਪਹੁੰਚ ਜਾਵਾਂਗੇ। ਸਾਈਕਲ ਇਥੇ ਛੱਡ ਦੇ। ਚੱਲ ਫੜ ਬਾਂਹ ਮੇਰੀ ਪਹਿਲਾਂ ਪਿੰਡ ਦੀ ਧੂੜ ਮੱਥੇ 'ਤੇ ਲਾਈਏ। ਮਨਾਂ ਦੇ ਕੜ ਪਾਟੇ ਆ। ਹੋਈਆਂ ਬੀਤੀਆਂ ਸਾਂਝੀਆਂ ਕਰੀਏ। ਦਰਿੰਦਗੀ ਦਾ ਕਾਂਡ ਵਾਪਰਨੋਂ ਬਚ ਗਿਆ ਨਹੀਂ ਤੇ ਇਤਿਹਾਸ ਨੇ ਸਾਨੂੰ ਕਦੇ ਮਾਫ਼ ਨਹੀਂ ਸੀ ਕਰਨਾ। ਮੈਨੂੰ ਗੁਰਦੁਆਰੇ ਛੱਡ ਕੇ ਘਰੋਂ ਬਾਰਾ ਸਿੰਗਾਂ ਦੀਆਂ ਪੁੜੀਆਂ ਫੜ ਲਿਆ, ਸਰੀਰ ਗਰਮ ਹੋ ਜਾਵੇ।"

ਸਰਦਾਰ ਗੁਰਦੁਆਰੇ ਦੇ ਅੰਦਰ ਲੰਘਿਆ। ਦਰੀਆਂ 'ਤੇ ਬੈਠੇ ਪਿੰਡ ਵਾਸੀਆਂ ਦੀਆਂ ਅੱਖਾਂ ਭਰ ਆਈਆਂ। ਕਿਸੇ-ਕਿਸੇ ਦੇ ਡੁਸਕਣ ਦੀ ਵੀ ਆਵਾਜ਼ ਆਈ। ਸਰਦਾਰ ਨੇ ਕੋਲ ਖਲੋਤੇ ਬੀਰੇ ਦੇ ਮੋਢੇ ਲਟਕਦੇ ਪਰਨੇ ਨਾਲ ਅੱਖਾਂ ਪੂੰਝੀਆਂ। "ਨੰਬਰਦਾਰਾ! ਚੇਤੇ ਆਇਆ, ਆਹ ਸਵਾ ਰੁਪਈਆ ਵੀ ਵਿਚ ਪਾ ਦਿਉ। ਬੇਬੇ ਉਮਰੀ ਨੇ ਫੜਾਇਆ ਸੀ।"

ਬਹਾਦਰ ਸਿੰਘ ਆਸਰਾ ਦੇ ਕੇ ਬਿਠਾਉਣ ਹੀ ਲੱਗਾ ਸੀ ਕਿ ਲਹਿੰਬਰ ਭੱਜਾ-ਭੱਜਾ ਆ ਕੇ ਸਰਦਾਰ ਦੇ ਕੋਲ ਖਲੋ ਗਿਆ। ਸਰਦਾਰ ਨੇ ਮੋਢਾ ਨਿਵਾਇਆ। ਉਹਦੇ ਕੰਨ ਵਿਚ ਹੌਲੀ ਦਿੱਤੀ ਕਿਹਾ, "ਬੀਬੀ ਜੀ ਕਹਿੰਦੇ ਹਨ, ਅਜੇ ਘਰ ਨਾ ਆਉਣਾ, ਪੰਜ-ਸੱਤ ਲੰਮੇ-ਲੰਮੇ, ਵੱਡੇ ਜੁੱਸਿਆਂ ਵਾਲੇ ਰਫ਼ਲਾਂ ਨਾਲ ਪਿੰਡ ਵਿਚ ਤੁਰੇ ਫਿਰਦੇ ਆ। ਦੋ ਜਣਿਆਂ ਘਰੋਂ ਪੁੱਛਿਆ ਵੀ ਸੀ, ਸਰਦਾਰ ਘਰ ਆ ? ਉਹਨਾਂ ਨੂੰ ਜਾ ਲੈਣ ਦਿਉ।"

ਸਾਰੇ ਸਰਦਾਰ ਦੇ ਚਿਹਰੇ ਵੱਲ ਹੈਰਾਨਗੀ ਨਾਲ ਵੇਖਣ ਲੱਗ ਪਏ। ਸਰਦਾਰ ਨੇ ਸਭ ਵੱਲ ਵੇਖਿਆ, "ਭੋਲਿਓ ਅੱਜ ਚਲੇ ਜਾਣਗੇ, ਕਲ੍ਹ ਫੇਰ ਆ ਜਾਣਗੇ। ਮੈਂ ਕਿਹੜਾ ਮਾੜਾ ਕੰਮ ਕਰ ਰਿਹਾਂ ? ਮੈਂ ਕੀਹਦਾ ਹੱਕ ਮਾਰਿਆ, ਕਿਸ ਨੂੰ ਨੁਕਸਾਨ ਪਹੁੰਚਾਇਆ ? ਜੇ ਇਹਨਾਂ ਫਿਰ ਵੀ ਮੇਰੀ ਜਾਨ ਲੈਣੀ ਆ ਤਾਂ ਇਹਨਾਂ ਦੀ ਮਰਜ਼ੀ। ਮੈਥੋਂ ਕਿਤੇ ਭੱਜ ਨਹੀਂ ਹੋਣਾ। ਮੇਰੇ ਵਰਗੇ ਹੋਰ ਵੀ ਇਹਨਾਂ ਗੱਡੀ ਚਾੜ੍ਹਨੇ। ਕਿਹੜੇ ਧਰਮ ਵਿਚ ਲਿਖਿਆ ਲੋਕਾਂ ਨੂੰ ਅਣਆਈ ਮੌਤੇ ਮਾਰਨਾ ? ਕਿੰਨੇ ਦਿਨ ਘਰ ਬੈਠਾਂਗਾ। ਉਹਨਾਂ ਦੀ ਮੈਨੂੰ ਖ਼ਤਮ ਕਰਨ ਦੀ ਪਲੈਨਿੰਗ ਪੱਕੀ ਜਾਪਦੀ ਹੈ। ਤੁਸੀਂ ਬੈਠੋ! ਉੱਠ ਕਿਉਂ ਗਏ ਜੇ ? ਬੈਠੋ! ਧਰਮੀਓ! ਮੈਂ ਤੁਹਾਡਾ ਦੇਣ ਕਿੱਥੇ ਦਊਂ ? ਸੂਰਮਿਉਂ!"



Academy of the Punjab in North America: http://www.apnaorg.com

# ਚਾਂਦਨੀ

ਹਾਣੀ ਮੁੰਡੇ ਜਸਮੇਰ ਸਿੰਘ ਦਾ ਭੋਲਾ ਸਾਊ ਸੁਭਾਅ ਹੋਣ ਕਰਕੇ ਉਸ ਨੂੰ ਸੰਤ-ਸੰਤ ਆਖਣ ਡਹਿ ਪਏ ਸਨ। ਵੇਖਾ-ਵੇਖੀ ਸਾਰਾ ਪਿੰਡ ਹੀ ਉਹਨੂੰ ਕਦੀ 'ਸੰਤ' ਕਦੀ 'ਭਗਤਾ' ਬੁਲਾਉਣ ਲੱਗ ਪਿਆ।

ਜਦੋਂ ਸ਼ੀਤਲ ਵਿਆਹੀ ਆਈ ਤਾਂ ਪਹਿਲਾਂ ਤਾਂ ਉਹਨੂੰ ਬਹੁਤ ਅਜੀਬ ਲੱਗਾ ਕਿ ਜਸਮੇਰ ਸਿੰਘ ਘਰ ਗ੍ਰਿਹਸਤੀ ਵਾਲਾ ਬੰਦਾ ਹੈ, ਕਿਉਂ ਲੋਕੀਂ ਉਸ ਦੇ ਖ਼ਾਵੰਦ ਨੂੰ ਸਾਧੂ-ਸਾਧੂ ਕਹਿਣ ਲੱਗ ਪਏ ਹਨ। ਪਰ ਮਹੀਨੇ ਖੰਡ ਵਿਚ ਉਹ ਉਸ ਦੇ ਸੁਭਾਅ ਤੋਂ ਜਾਣੂ ਹੋ ਗਈ ਤੇ ਅਕਸਰ ਘਰਦਿਆਂ ਤੇ ਆਂਢ-ਗੁਆਂਢ ਨੂੰ ਖ਼ੁਸ਼ੀ-ਖ਼ੁਸ਼ੀ ਕਹਿੰਦੀ, 'ਭਈ ਮੇਰਾ ਤੇ ਘਰ ਵਾਲਾ ਸਾਈਂ ਲੋਕ ਆ।

ਇਕ ਦਿਨ ਉਹਦੇ ਮੂੰਹੋਂ ਅਚੇਤ ਹੀ ਨਿਕਲ ਗਿਆ ਕਿ ਇਹ ਤਾਂ ਸੱਚੀਂ ਦਰਵੇਸ਼ ਆ। ਤੁਰਦੀ-ਤੁਰਦੀ ਗੱਲ ਸਾਰੇ ਪਿੰਡ ਵਿਚ ਅੱਪੜ ਗਈ ਤੇ ਜਸਮੇਰ ਸੋਂਹ ਦੀ ਅੱਲ ਹੀ 'ਦਰਵੇਸ਼' ਪੈ ਗਈ। ਦੋਵੇਂ ਜੀਅ ਘਰ ਵਿਚ ਮਿਹਨਤ ਕਰਦੇ। ਵਾਹੀ-ਜੋਤੀ ਵਿਚ ਵੀ ਪੂਰਾ ਧਿਆਨ ਲਾਉਂਦੇ।

ਨਿੱਕੇ-ਨਿੱਕੇ ਨਿਆਣੇ ਵੱਡੇ ਹੁੰਦੇ ਗਏ। ਤਿੰਨਾਂ ਨੂੰ ਹੀ ਜਿੰਨੀ ਵਾਹ ਗਈ ਪੜ੍ਹਾ ਕੇ ਨੇਪਰੇ ਚੜ੍ਹਾ ਦਿੱਤਾ।

ਮੁੰਡਾ ਘਰ-ਬਾਰੀ ਹੋ ਕੇ ਆਪਣੇ ਟੱਬਰ ਵਿਚ ਰੁੱਝ ਗਿਆ। ਵੱਡੀ ਕੁੜੀ ਨੂੰ ਵੀ ਵਾਹਿਗੁਰੂ ਨੇ ਭਾਗ ਲਾ ਦਿੱਤੇ, ਉਹ ਆਪਣੇ ਕੰਮੀਂ-ਧੰਦੀਂ ਰੁੱਝ ਗਈ। ਨਿੱਕੀ ਚਾਂਦਨੀ ਜਿਹਦੇ ਨਾਲ ਦੋਹਾਂ ਜੀਆਂ ਦਾ ਸ਼ੁਰੂ ਤੋਂ ਬਹੁਤ ਪਿਆਰ ਸੀ। ਉਹਨੂੰ ਝੱਟ-ਪਟ ਰਿਸ਼ਤਾ ਮਿਲਣ 'ਤੇ ਵਿਆਹ ਕੇ ਬਾਹਰ ਭੇਜ ਦਿੱਤਾ। ਪਤਾ ਨਹੀਂ ਕੀ ਗੱਲ ਬਣੀ ਜਦੋਂ ਦੀ ਨਿੱਕੀ ਵਿਆਹੀ, ਇਹਨਾਂ ਨੂੰ ਕੁਝ ਧੁੜਕੂ ਜਿਹਾ ਲੱਗ ਗਿਆ। ਚੱਤੇ ਪਹਿਰ ਉਸੇ ਦੀਆਂ ਗੱਲਾਂ ਕਰ ਕਰ ਕੇ ਝੂਰਦੇ ਰਹਿੰਦੇ।

ਅੱਜ ਅੱਧੀ ਰਾਤ ਤੋਂ ਵੱਧ ਦਾ ਸਮਾਂ ਲੰਘ ਚੁੱਕਾ ਸੀ ਪਰ ਦੋਵੇਂ ਜੀ ਆਪੋ ਆਪਣਿਆਂ ਮੰਜਿਆਂ 'ਤੇ ਪਏ ਉੱਸਲਵੱਟੇ ਭੰਨ ਰਹੇ ਸਨ। ਬਰਾਂਡੇ ਵਿਚ ਸੌਂ ਕੇ ਵੀ ਉਹ ਅਨੀਂਦਰੇ ਹੀ ਰਹੇ। ਅੰਦਰ ਉਹਨਾਂ ਨੂੰ ਹੁੱਸੜ ਜਿਹਾ ਜਾਪਦਾ ਸੀ। ਤਾਜ਼ੀ



Academy of the Punjab in North America: http://www.apnaorg.com

ਹਵਾ ਦੇ ਬੁੱਲ੍ਹੇ ਵੀ ਉਹਨਾਂ ਦੇ ਮਨ ਨੂੰ ਚੈਨ ਵਿਚ ਨਹੀਂ ਸੀ ਆਉਣ ਦਿੰਦੇ। ਕਦੀ ਉਹ ਤਾਰਿਆਂ ਵੱਲ ਧਿਆਨ ਕਰਦੇ, ਕਦੇ ਚੰਦਰਮਾ ਦੀ ਰੌਸ਼ਨੀ ਨੂੰ ਨਿਹਾਰਨ ਦੀ ਕੋਸ਼ਿਸ਼ ਕਰਦੇ। ਦਰਵੇਸ਼ ਵਿਹੜੇ ਵਿਚ ਲੰਮਾ ਗੇੜਾ ਵੀ ਕੱਢ ਲੈਂਦਾ। ਜੀ-ਭਿਆਣੇ ਨੇ ਰਾਤ ਹੀ ਵਿਹੜੇ ਵਿਚ ਲੱਗੇ ਬੂਟਿਆਂ ਨੂੰ ਪਾਣੀ ਵੀ ਛੱਡ ਦਿੱਤਾ। ਹਰਿਆਵਲ ਉਸ ਨੂੰ ਕਾਲਿੱਤਣੀ ਭਾਅ ਮਾਰਨ ਲੱਗੀ। ਚੁਬੱਚੇ ਵਿਚੋਂ ਕਿਆਰੀ ਵਿਚ ਡਿੱਗਦੇ ਪਾਣੀ ਦੀ ਆਵਾਜ਼ ਉਸ ਨੂੰ ਬੇਆਰਾਮ ਕਰਨ ਲੱਗੀ। ਪਾਣੀ ਬੰਦ ਕਰ ਕੇ ਉਹ ਮੁੜ ਆਪਣੇ ਮੰਜੇ ਉੱਤੇ ਆ ਬੈਠਾ। ਸ਼ੀਤਲ ਪਾਸੇ ਮਾਰੀ ਜਾਂਦੀ ਸੀ। ਜਾਪਦਾ ਸੀ ਨੀਂਦ ਤਾਂ ਜਿਵੇਂ ਉਹਨਾਂ ਦੀਆਂ ਅੱਖਾਂ ਵਿਚੋਂ ਸਦਾ ਲਈ ਉੱਡ ਗਈ ਹੋਵੇ।

ਦੋਵੇਂ ਮੁੜ ਮੰਜੀਆਂ ਉੱਤੇ ਰੁਣ-ਝੁਣ ਕਰਨ ਲੱਗ ਪਏ। ਕੋਈ ਨਾ ਕੋਈ ਗੱਲ ਯਾਦ ਆ ਜਾਂਦੀ ਸੀ। ਦਰਵੇਸ਼ ਨੇ ਵੇਖਿਆ ਸ਼ੀਤਲ ਅੱਜ ਕੋਈ ਜ਼ਿਆਦਾ ਓਦਰੀ ਸੀ। ਮੰਜੇ ਉੱਤੋਂ ਉੱਠ ਕੇ ਕਹਿਣ ਲੱਗਾ, "ਸ਼ੀਤਲ, ਸੌਂ ਜਾ, ਘੜੀ ਅੱਖ ਲੱਗ ਗਈ ਤਾਂ ਸਵੇਰੇ ਉੱਠ ਹੋਊ। ਨਹੀਂ ਤਾਂ ਸਾਰਾ ਦਿਨ ਸਰੀਰਾਂ ਨੇ ਟੁੱਟਦੇ-ਭੱਜਦੇ ਰਹਿਣਾ ਏ।"

"ਦਰਵੇਸ਼, ਪਤਾ ਏ, ਜਦ ਤਕ ਜੀਣਾ ਏ, ਇਹ ਧੰਦੇ-ਕਾਰ ਵੀ ਨਾਲ ਚੱਲਣੀ ਏ। ਪਰ ਇਹ ਚੇਤੇ ਵੀ ਨਾਲ ਹੀ ਰਹਿਣੇ ਨੇ। ਕੀ ਕਰਾਂ ? ਧਿਆਨ ਉਧਰ ਚਲਾ ਜਾਵੇ ਤਾਂ ਚੰਦਰਾ ਐਸਾ ਮੁੜ, ਮੁੜਦਾ ਨਹੀਂ। ਸੋਚਾਂ ਵਿਚ ਡੁੱਬ ਜਾਂਦੀ ਆਂ। ਤੂੰ ਕਿਹੜਾ ਘੱਟ ਹੇਰਵਾ ਕਰਦਾ ਏਂ। ਤੈਨੂੰ ਵੇਖ ਕੇ ਮੈਂ ਹੋਰ ਡੋਲ ਜਾਂਦੀ ਆਂ।" ਸ਼ੀਤਲ ਨੇ ਦੁਪੱਟੇ ਦੇ ਪੱਲੇ ਨਾਲ ਅੱਖਾਂ ਪੂੰਝਦਿਆਂ ਕਿਹਾ।

"ਸ਼ੀਤਲ, ਕੀ ਕਰਾਂ ? ਚਾਂਦਨੀ ਬੜੀ ਮੋਹ ਵਾਲੀ ਕੁੜੀ ਸੀ। ਮਰ ਜਾਣੀ ! ਘਰ ਵਿਚ ਉੱਡਦੀ ਫਿਰਦੀ। ਹੌਲਾ ਫੁੱਲ ਸਰੀਰ ਅਜੇ ਵੱਡੀ ਸਿਮਰਤ ਤੇਰੇ 'ਤੇ ਗਈ ਸੀ। ਚਾਂਦਨੀ ਦਾ ਗੱਲਬਾਤ ਦਾ ਸਲੀਕਾ ਸਭ ਨੂੰ ਮੋਹ ਲੈਂਦਾ ਸੀ। ਜਿਹੜਾ ਅੰਗ-ਸਾਕ ਆਉਣਾ ਉਸੇ ਦੀਆਂ ਸਿਫ਼ਤਾਂ ਸਾਰੇ ਕਰਦੇ ਸਨ।"

"ਦਰਵੇਸ਼, ਮੈਨੂੰ ਕਿਹੜੀ ਭੁੱਲ ਆ, ਜਿਸ ਭੈਣ-ਭਰਾ ਆਉਣਾ ਡੁੱਬ ਜਾਣੀ ਨੇ ਉਹਦੇ ਢਿੱਡ ਵਿਚ ਵੜ ਜਾਣਾ। ਮਰਨੀ ਭੁੱਲਦੀ ਨਹੀਂ। ਡੁੱਬਣੀ ਤੋੜ ਤਾਈਂ ਸਾਰਾ ਘਰ ਸੁੰਬਰ ਦੇਂਦੀ ਸੀ। ਜਦੋਂ ਛੁੱਟੀ ਵਾਲੇ ਦਿਨ ਡਹਿ ਪੈਂਦੀ ਸੀ। ਨਿੱਕੀ ਸੀ ਸਾਰਿਆਂ ਨਿਆਣਿਆਂ ਤੋਂ ਪਰ ਮਰਨੀ ਸਿਆਣੀ ਬੜੀ ਸੀ। ਪਤਾ ਈ ਕਈ ਵੇਰਾਂ ਬੜੀ ਮੱਤ ਦੀਆਂ ਗੱਲਾਂ ਦੱਸਦੀ ਹੁੰਦੀ ਸੀ।"

ਦਰਵੇਸ਼ ਦਾ ਆਪਣਾ ਮਨ ਭਰ ਆਇਆ ਤੇ ਉਹ ਹੇਠਾਂ ਨੂੰ ਮੂੰਹ ਕਰ ਕੇ ਸੋਚਾਂ ਸੋਚਣ ਲੱਗ ਪਿਆ। ਮਨ ਵਿਚ ਬਹੁਤ ਉਦਾਸ ਹੋ ਗਿਆ ਪਰ ਉਹਨੂੰ



Academy of the Punjab in North America: http://www.apnaorg.com

ਡਰ ਸੀ ਕਿਤੇ ਸ਼ੀਤਲ ਉਸ ਨੂੰ ਇਸ ਹਾਲ ਵਿਚ ਵੇਖ ਕੇ ਹੋਰ ਨਾ ਝੂਰਨ ਲੱਗ ਪਏ। ਉਸ ਨੇ ਦੂਸਰੇ ਪਾਸੇ ਮੂੰਹ ਕਰ ਲਿਆ। ਪਲ ਭਰ ਲਈ ਦੋਹਾਂ ਨੇ ਚੁੱਪ ਵੱਟ ਲਈ।

ਸ਼ੀਤਲ ਕੋਲੋਂ ਕੀ ਗੁੱਝਾ ਸੀ, ਲੱਕ ਸਿੱਧਾ ਕਰਨ ਲਈ ਮੁੜ ਮੰਜੀ 'ਤੇ ਪੈ ਗਈ ਪਰ ਸੋਚਾਂ ਦੀ ਲੜੀ ਟੁੱਟਦੀ ਨਾ ਵੇਖ ਕੇ ਮੁੜ ਉੱਠ ਬੈਠੀ। "ਦਰਵੇਸ਼, ਬਹੁਤਾ ਮਨ ਨਹੀਂ ਡੁਲਾਈਦਾ। ਆਖ਼ਰ ਧੀਆਂ ਘਰ ਨਹੀਂ ਰੱਖ ਹੁੰਦੀਆਂ। ਰਾਜੇ ਰਾਣੇ ਵੀ ਧੀਆਂ ਤੋਰਦੇ ਆਏ ਨੇ। ਸਾਡੀ ਕੋਈ ਅਲੋਕਾਰ ਬਿਗਾਨੇ ਘਰ ਗਈ ਆ ? ਆਖ਼ਰ ਮਾਪਿਆਂ ਨੂੰ ਧੀਆਂ ਭਾਰ ਲੱਗਣ ਲੱਗ ਪੈਂਦੀਆਂ ਹਨ। ਇਹੋ ਸੋਚੀਦਾ ਕਿਹੜਾ ਵੇਲਾ ਆਵੇ ਕੋਈ ਵਰ-ਘਰ ਲੱਭੇ ਤੇ ਇਹਨਾਂ ਨੂੰ ਘਰੋਂ ਉਠਾਈਏ। ਅਗਲੇ ਘਰ ਤੋਰੀਏ। ਇਹ ਤਾਂ ਜੱਗ ਦੀ ਰੀਤ ਆ। ਮਰਨੀ ! ਜਦੋਂ ਵੀ ਮੇਰੇ ਚੇਤੇ ਵਿਚ ਆ ਜਾਂਦੀ ਏ, ਜੀ ਕਰਦਾ ਉੱਡ ਕੇ ਆ ਮਿਲੇ। ਪਰ ਆ ਕਿੱਦਾਂ ਜਾਵੇ, ਦੂਰੀ ਦੇ ਮਾਮਲੇ ਆ। ਇਹ ਕਿਹੜਾ ਜਲੰਧਰ ਅੰਬਰਸਰ ਆ ?"

ਸ਼ੀਤਲ ਗੱਲਾਂ ਕਰੀ ਗਈ। ਦਰਵੇਸ਼ ਵੱਲ ਵੇਖਿਆ, ਉਸ ਨੇ ਅੱਖਾਂ ਮੀਟੀਆਂ ਸਨ, ਇਹ ਸੋਚ ਕੇ ਉਹ ਘੜੀ ਅੱਖ ਲਾ ਲਵੇ, ਚੁੱਪ ਹੋ ਗਈ। ਦਰਵੇਸ਼ ਨੇ ਭਾਵੇਂ ਅੱਖਾਂ ਤਾਂ ਮੀਟੀਆਂ ਸਨ ਪਰ ਇਹ ਨੀਂਦ ਨਹੀਂ ਸੀ। ਉਹਦਾ ਧਿਆਨ ਤਾਂ ਸਮੁੰਦਰੋਂ ਪਾਰ ਪਹੁੰਚ ਚੁੱਕਾ ਸੀ।

ਉਸ ਨੇ ਸਿਰ ਝਟਕਦਿਆਂ ਕਿਹਾ, "ਸ਼ੀਤਲ, ਸੌਂ ਜਾ। ਸਵੇਰੇ ਫਿਰ ਕੰਮ-ਧੰਦਿਆਂ ਵਿਚ ਜੁੱਟਣਾ ਏਂ। ਰੋਜ਼ ਦਫ਼ਤਰ ਜਾਣ ਦੀ ਪਾਬੰਦੀ ਤੋਂ ਤਾਂ ਹੁਣ ਛੁੱਟੀ ਪੈ ਗਈ ਪਰ ਟੱਬਰਾਂ ਦੇ ਫ਼ਿਕਰ ਤੇ ਕੰਮ-ਧੰਦੇ ਤੇ ਨਹੀਂ ਨਾ ਜੀਉਂਦਿਆਂ ਮੁੱਕਦੇ। ਬੌਲਦ ਦਾ ਜੀਵਨ ਆ ਬੰਦੇ ਦਾ, ਬੌਲਦ ਦਾ, ਬੰਦੇ ਦਾ ਸਰੀਰ ਭਾਵੇਂ ਨਿਭ ਜਾਵੇ ਇਹ ਨਿੱਤ-ਦਿਹਾੜੀ ਦੇ ਕੰਮ ਨਹੀਂ ਸਾਹ ਲੈਣ ਦਿੰਦੇ। ਬੰਦਾ ਸੋਚਦਾ, ਮੈਂ ਆਹ ਕਰ ਜਾਵਾਂ, ਔਹ ਕਰ ਜਾਵਾਂ। ਜਿੱਦਾਂ ਅਸਮਾਨ ਇਹਨੇ ਹੀ ਸਿਰ 'ਤੇ ਥੰਮ੍ਹਿਆ ਹੋਇਆ। ਪਤਾ ਵੀ ਏ, ਫੂਕ ਨਿਕਲੀ ਨਹੀਂ ਤੇ ਔਹ ਗਿਆ। ਐਵੇਂ ਜਾਨ ਮਾਰਦਾ ਰਹਿੰਦਾ। ਬੰਦਾ ਬੜਾ ਢੀਠ ਆ। ਯਾਦਾਂ ਮਾਰ ਦਿੰਦੀਆਂ ਨੇ। ਚਾਂਦਨੀ ! ਪਿਆਰੀ ਧੀ ਦੀ ਹੌਲੀ ਜਿਹੀ ਉਮਰ ਸੀ ਅਜੇ ਬਾਲੜੀ ਕਿਤੇ ਤੋਰਨ ਵਾਲੀ ਸੀ ? ਉੱਠ ਚਾਹ ਪੀਈਏ। ਵਾਹੀ-ਜੋਤੀ ਵੀ ਹੌਸਲੇ ਨਾਲ ਹੁੰਦੀ ਏ।"

"ਦਰਵੇਸ਼, ਚਾਂਦਨੀ ਦਾ ਨਿਛੋਹ ਚਿੱਟਾ ਰੰਗ ਹੁੰਦਾ ਗਿਆ। ਨਿੱਕੇ ਹੁੰਦਿਆਂ ਕਿਸੇ ਨਾਲ ਰਲੇ ਈ ਨਾ। ਜਿਉਂ-ਜਿਉਂ ਵੱਡੀ ਹੁੰਦੀ ਗਈ, ਲੋਹੜੇ ਦਾ ਰੰਗ ਨਿੱਖਰ ਗਿਆ। ਆਪਣੀ ਸੰਭਾਲ ਬੜੀ ਕਰਦੀ ਸੀ। ਅਕਲਾਂ ਵਾਲੀ, ਚੱਤੇ-ਪਹਿਰ ਆਪਣਾ ਮੂੰਹ-ਸਿਰ ਸੰਵਾਰਦੀ ਰਹਿੰਦੀ ਸੀ। ਸਾਡੀ ਪਿਆਰੀ ਧੀ ਦੂਰ ਚਲੀ ਗਈ।



Academy of the Punjab in North America: http://www.apnaorg.com

ਨੇੜੇ ਹੁੰਦੀ ਕਿਤੇ ਦੁੱਖ-ਸੁੱਖ ਨੂੰ ਅੱਪੜ ਜਾਂਦੀ। ਹੁਣ ਦੂਰਾਂ ਦੇ ਮਾਮਲੇ। ਅੱਛਾ ਰਾਜ਼ੀ-ਖ਼ੁਸ਼ੀ ਰਹੇ ਸਾਨੂੰ ਠੰਡੀ ਵਾ ਆਵੇ। ਯਾਦ ਈ, ਇਕ ਵੇਰਾਂ ਮਾਸੀ ਗਿਆਨੋ ਨੇ ਸਾਕ ਦੀ ਗੱਲ ਕੀਤੀ ਸੀ ਤੇ ਮੈਂ ਭੱਜ ਕੇ ਪਈ ਸਾਂ। ਤੂੰ ਆਪਣੀ ਭੈਣ, ਚਵਿੰਡੇ ਵਾਲੀ ਬੀਬੀ ਨਰਾਜ਼ ਕਰ ਲਈ ਸੀ ਕਿ ਅਜੇ ਨਹੀਂ ਅਸੀਂ ਗੱਲ ਤੋਰਨੀ। ਸਾਨੂੰ ਕਾਹਦੀ ਕਾਹਲੀ ਆ। ਕਿੰਨੇ ਈ ਸਾਕ ਆਏ। ਉਹ ਵੀ ਆਖੇ ਅਜੇ ਮੈਂ ਨੌਕਰੀ ਕਰਨੀ ਆ। ਇੰਨੇ ਸਾਲ ਲਾ ਕੇ ਪੜ੍ਹਾਈ ਕੀਤੀ।"

ਦਰਵੇਸ਼ ਨੇ ਠੰਡਾ ਸਾਹ ਭਰਿਆ। ਮੁੜ ਚੇਤਾ ਆ ਗਿਆ, "ਨਿੱਕੀ ਜਿਹੀ ਉਮਰ ਸੀ ਚਾਂਦਨੀ ਦੀ, ਅੰਬਰਾਂ ਦੇ ਤਾਰੇ ਤੋੜਨ ਵਾਲੀ, ਅਕਾਸ਼ਾਂ ਵਿਚ ਪੀਂਘਾਂ ਪਾਉਣ ਵਾਲੀ, ਵਿੱਛੜ ਗਈ ਮਰਨੀ, ਦੂਰ ਚਲੀ ਗਈ। ਅਸਾਂ ਆਪ ਭੇਜੀ। ਅੱਛਾ! ਜਿੱਥੇ ਸੰਜੋਗ ਸੀ।"

ਸ਼ੀਤਲ ਨੂੰ ਚੇਤਾ ਆ ਗਿਆ, "ਦੂਸਰੇ ਦੋਵੇਂ ਵਿਆਹੇ ਗਏ। ਘਰ ਵਿਚ ਇਹੋ ਹੀ ਨਿਆਣਾ ਸੀ। ਦੂਸਰੀ ਜਮਾਤ ਤਕ ਤੇ ਤੂੰ ਤਰਕਾਲਾਂ ਨੂੰ ਬਾਹਰ ਖੁੱਲ੍ਹੀ ਹਵਾ ਵਿਚ ਇਹਨੂੰ ਆਪਣੇ ਗੋਡਿਆਂ 'ਤੇ ਚੜ੍ਹਾ ਕੇ ਨਿਆਣਿਆਂ ਵਾਂਗ ਹੂਟੇ ਮਾਟੇ ਕਰਨੇ। ਫਿਰ ਨਾਲ ਲੰਮਿਆਂ ਪਾ ਕੇ ਗੁਣਗੁਣਾਉਣ ਲੱਗ ਪੈਣਾ, 'ਸਾਡੀ ਚੰਦਾ ਧੀ.....ਸਾਡੀ ਤਾਰਾ ਧੀ! ਸਾਡੀ ਬੀਬੀ ਧੀ! ਸਾਡੀ ਲਾਡੋ ਧੀ!' ਇਹਨੂੰ ਉਥੇ ਹੀ ਨੀਂਦ ਆ ਜਾਣੀ।"

"ਸ਼ੀਤਲ! ਤੂੰ ਕਹਿੰਦੀ ਏਂ ਤੇਰੀ ਮਾਂ ਕਹਿੰਦੀ ਹੁੰਦੀ ਸੀ ਵੱਗ ਵਿਚ ਆਪਣਾ ਵੱਛਾ ਕੱਟੀ ਹੋਵੇ ਤਾਂ ਵੱਗ ਚੰਗਾ ਲੱਗਦਾ। ਤੇਰੀ ਮਾਂ ਬੜੀ ਸਿਆਣੀ ਸੀ, ਬਹੁਤ ਚੰਗੀ ਸੀ। ਮੈਨੂੰ ਤੇ ਇੰਜ ਜਾਪਦਾ ਸਾਡੀ ਚਾਂਦਨੀ ਦਾ ਮੜੰਗਾ ਉਸੇ 'ਤੇ ਪੈਂਦਾ ਹੈ। ਉਸੇ ਤਰ੍ਹਾਂ ਸਭ ਨੂੰ ਚੰਬੜ ਕੇ ਮਿਲਦੀ ਏ। ਤੂੰ ਸੱਚੀਂ ਏਂ ਤੈਨੂੰ ਵੀ ਸੁਨੱਖੀਆਂ ਕੁੜੀਆਂ ਵੇਖ ਕੇ ਆਪਣੀ ਚਾਂਦਨੀ ਯਾਦ ਆ ਜਾਂਦੀ ਏ। ਢਿੱਡ ਦੀ ਆਂਦਰ ਜੁ ਹੋਈ। ਮੈਂ ਤੇ ਆਪ ਹੈਰਾਨ ਆਂ ਸਾਰੇ ਬੱਚੇ ਵਿਆਹੇ। ਹੋਰ ਕੰਮ ਕੀਤੇ। ਇਸ ਡੁੱਬਣੀ ਦਾ ਚੇਤਾ ਨਹੀਂ ਭੁੱਲਦਾ। ਦਿਲ ਏਡਾ ਕਮਜ਼ੋਰ ਹੋ ਗਿਆ ਏ।"

"ਸਭ ਦੀਆਂ ਧੀਆਂ ਸੌਹਰੇ ਜਾਂਦੀਆਂ ਨੇ, ਆਪਣੀ ਸਿਮਰਤ ਵੀ ਆਪ ਤੋਰੀ। ਇਹ ਮਰਨੀ ਸਾਡੇ ਚੇਤੇ ਵਿਚ ਹੀ ਵੱਸ ਗਈ ਏ। ਉਹਦੇ ਨਾਲ ਦੀਆਂ ਵੇਖ ਕੇ ਚੇਤਾ ਹਟਦਾ ਈ ਨਹੀਂ। ਉੱਠ ਕਿੱਡਾ ਦਿਨ ਚੜ੍ਹ ਆਇਆ। ਘੁੱਟ ਚਾਹ ਪੀ ਕੇ ਜੁੱਟੀਏ ਕੰਮੀਂ, ਜਨੌਰ ਕਦੋਂ ਦੇ ਉੱਪਰ ਉੱਡਦੇ ਫਿਰਦੇ ਨੇ। ਜਾ ਤੂੰ ਦਾਣੇ ਪਾ ਆ, ਪਾਣੀ ਵੀ ਬਦਲ ਦੇਵੀਂ। ਚਾਹ ਪੀ ਕੇ, ਧਾਰਾਂ ਅਜੇ ਕੱਢਣੀਆਂ। ਇਹਨਾਂ ਚੇਤਿਆਂ ਨੇ ਮਾਰ ਦਿੱਤਾ ਸਾਨੂੰ। ਦਰਵੇਸ਼, ਕੱਲ ਹਰਸ਼ੀ ਨੂੰ ਆਖਾਂਗੇ ਟੈਲੀਫ਼ੂਨ ਕਰ ਕੇ ਪਤਾ ਕਰੇ। ਸੁੱਖ ਤੇ ਹੈ ਕਿਉਂ ਮਨ ਵਿਚ ਏਨੀਆਂ ਸੋਚਾਂ ਆਉਂਦੀਆਂ ਨੇ?"



Academy of the Punjab in North America: http://www.apnaorg.com

ਚਾਹ ਲਿਆਉਂਦੀ ਸ਼ੀਤਲ ਦੇ ਮਨ ਵਿਚ ਸੋਚਾਂ ਅੱਗੇ ਹੋਰ ਵਧ ਰਹੀਆਂ ਸਨ।

"ਦਰਵੇਸ਼! ਉੱਤੇ ਜਦੋਂ ਕਬੂਤਰ ਗੁਟਕਦੇ ਆ ਤਾਂ ਯਾਦ ਆਉਂਦਾ। ਸਾਡੀ ਦਾਦੀ ਕਹਿੰਦੀ ਹੁੰਦੀ ਸੀ ਪੁਰਾਣੇ ਜ਼ਮਾਨੇ ਵਿਚ ਲੋਕ ਕਬੂਤਰਾਂ ਰਾਹੀਂ ਚਿੱਠੀਆਂ ਭੇਜਦੇ ਸਨ। ਕਾਂ ਬੋਲਣਾ ਤੇ ਕਹਿਣਾ ਅੱਜ ਕੋਈ ਨਾ ਕੋਈ ਪ੍ਰਾਹੁਣਾ ਆਏਗਾ। ਪਰ ਉਹ ਪਿਛਲਾ ਜ਼ਮਾਨਾ ਸੀ। ਹੁਣ ਸਭ ਕੁਝ ਬਦਲ ਗਿਆ। ਬੰਦੇ ਵੀ ਬਦਲ ਗਏ। ਦਰਵੇਸ਼! ਤੂੰ ਨਾ ਖਾਂ ਏਦਾਂ ਕਰਿਆ ਕਰ। ਜਿਹੜਾ ਚਾਰ ਦਿਨ ਜੀਣਾ ਉਹ ਵੀ ਹੁਣ ਮੁਹਾਲ ਹੋ ਗਿਆ ਏ। ਇੱਦਾਂ ਢੇਰੀ ਢਾਹਿਆਂ ਨਹੀਂ ਗੁਜ਼ਾਰਾ ਹੋਣਾ। ਦਾਤੇ ਦੀ ਮਰਜ਼ੀ, ਤੇਰੇ ਮੇਰੇ ਕੀ ਵੱਸ ਆ। ਧੀਆਂ ਜਿਥੇ ਰਹਿਣ ਸੁਖੀ ਰਹਿਣ। ਇਹੋ ਹੱਥ ਜੋੜ। ਇਹਨਾਂ ਦਾ ਪੇੜਾ ਰੱਬ ਨੇ ਵੱਖਰਾ ਲਿਖਿਆ ਹੁੰਦਾ। ਔਹ ਹਰਸ਼ੀ ਆ ਈ ਗਿਆ, ਉਹਨੂੰ ਕਹੁ ਧਾਰਾਂ ਕੱਢ ਲਿਆਵੇ ਧੁੱਪ ਚੜ੍ਹ ਗਈ ਆ।"

"ਹਰਸ਼, ਬੀਬਾ ਪੁੱਤ! ਜਾਹ ਧਾਰਾਂ ਕੱਢ ਦੇ। ਤੇਰਾ ਚਾਚਾ ਅੱਜ ਰਾਤ ਸੁੱਤਾ ਨਹੀਂ। ਮੈਨੂੰ ਵੀ ਨੀਂਦ ਨਹੀਂ ਆਈ। ਜਦੋਂ ਵੀ ਤੇਰੀ ਭੈਣ ਨਿੱਕੀ, ਬਾਹਰ ਆਲੀ ਚੇਤੇ ਆ ਜਾਂਦੀ ਪਤਾ ਨਹੀਂ, ਸਾਰੀ-ਸਾਰੀ ਰਾਤ ਨੀਂਦ ਨਹੀਂ ਪੈਂਦੀ। ਜਾਹ ਬੀਬਾ ਪੁੱਤ! ਚੋਅ ਲਿਆ ਮੱਝਾਂ।"

ਦਰਵੇਸ਼ ਮੁੜ ਵਿਹੜੇ ਵਿਚ ਆ ਬੈਠਾ। "ਨੀਂਦ ਸੂਲੀ 'ਤੇ ਵੀ ਕਹਿੰਦੇ ਆ ਜਾਂਦੀ ਏ, ਪਤਾ ਨਹੀਂ ਸਾਡੇ ਤੋਂ ਕਿਉਂ ਪਾਸਾ ਵਟ ਗਈ ਏ? ਸਾਰਾ ਸਰੀਰ ਆਕੜਿਆ ਪਿਆ।"

"ਦਰਵੇਸ਼, ਨਾ ਏਦਾਂ ਕਰਿਆ ਕਰ। ਸਾਡੀ ਅਕਲਾਂ ਵਾਲੀ ਧੀ, ਇੰਨੀ ਪੜ੍ਹਾਈ, ਤੰਗੀ ਨਾਲ ਵੀ, ਪਰ ਨਛੱਤਰ ਦੇ ਟੱਬਰ ਨੂੰ ਕੀ। ਦੋਹਾਂ ਨਿਆਣਿਆਂ ਤੋਂ ਵੱਧ ਪੜ੍ਹ ਗਈ। ਚੜ੍ਹਤ ਇੰਨੀ ਜਦੋਂ ਉਹਨੇ ਤੇ ਵੱਡੀ ਦੋਹਾਂ ਭੈਣਾ ਘਰੋਂ ਨਿਕਲਨਾ ਮੈਂ ਦੂਰ ਵਾਟ ਤਕ ਵੇਖੀ ਜਾਣਾ। ਮੈਂ ਆਪਣਾ ਕੋਈ ਕੱਪੜਾ ਨਾ ਸੁਵਾਉਣਾ ਇਹਨਾਂ ਦੇ ਹੀ ਨਿੱਤ ਨਵੇਂ ਖ਼ਰੀਦ ਲਿਆਉਣੇ। ਇਹਨਾਂ ਨੂੰ ਵੇਖ ਕੇ ਮੇਰਾ ਚਾਅ ਥੰਮਿਆ ਨਹੀਂ ਸੀ ਜਾਂਦਾ। ਲੋਕਾਂ ਆਖਣਾ ਕੁੜੀਆਂ ਵੀ ਸਚਾਰੀਆਂ ਤੇ ਮਾਂ-ਪਿਉ ਨੇ ਤੰਗੀ-ਤੁਰਸ਼ੀ ਵਿਚ ਪੜ੍ਹਾ ਵੀ ਲਈਆਂ।"

"ਭਾਗਵਾਨੇ! ਬਲਕਾਰ ਦੇ ਕਿਹੜੇ ਅਸਾਂ ਚਾਅ ਘੱਟ ਕੀਤੇ। ਪੜ੍ਹਾਇਆ, ਲਿਖਾਇਆ, ਵਿਆਹਿਆ। ਐਸੀ ਕਰਮਾਂ ਵਾਲੀ ਆਈ, ਅਸੀਂ ਫਿਰ ਕੱਲੇ ਦੇ ਕੱਲੇ।"

ਸ਼ੀਤਲ ਕਹਿਣ ਲੱਗੀ, "ਦਰਵੇਸ਼! ਦੋਸ਼ ਕੀਹਨੂੰ ਦੇਈਏ? ਇਹ ਕਰਮਗਤੀ ਆ। ਬੰਦਾ ਸੋਚਦਾ ਕੁਛ ਹੋਰ ਆ, ਹੋ ਕੁਝ ਹੋਰ ਜਾਂਦਾ। ਸੋਚਦੇ ਸਾਂ ਹੁਣ ਪੜ੍ਹਾਈ



Academy of the Punjab in North America: http://www.apnaorg.com

ਪੂਰੀ ਹੋ ਗਈ ਏ, ਚੰਗੀ ਨੌਕਰੀ ਮਿਲ ਜਾਊਗੀ। ਇਥੇ ਕੋਈ ਸਾਕਾਂ ਦਾ ਘਾਟਾ ? ਇੰਨੀ ਮਿਹਨਤ ਕੀਤੀ। ਕਿਸੇ ਪਾਸੇ ਲੱਗ ਜਾਵੇ। ਜਿਥੇ ਸੰਜੋਗ ਹੋਏ ਆਪੇ ਹੋ ਜਾਣਾ ਏ। ਅਜੇ ਉਮਰ ਕਿਹੜੀ ਆ ਇਹਦੇ ਜਿੱਡੀਆਂ ਖੇਡਦੀਆਂ ਮੱਲਦੀਆਂ। ਪਹਿਲੇ ਜ਼ਮਾਨਿਆਂ ਵਿਚ ਲੋਕੀਂ ਦੂਰ ਨਹੀਂ ਸੀ ਸਾਕ ਕਰਦੇ। ਇਕ ਵਿਚਾਰ ਬਣ ਗਈ ਸੀ ਭਈ ਦੁਆਬਾ ਵੀ ਦੂਰ ਆ। ਮਾਲਵਾ ਤਾਂ ਹੈ ਈ ਦੂਰ। ਉਥੇ ਧੀ ਵਿਆਹੋ ਜਿਥੇ ਸਾਅ-ਦਿਨ ਮਿਲ ਕੇ ਮੁੜ ਆਈਏ। ਚਲੋ ! ਉਹ ਸਮਾਂ ਹੋਰ ਸੀ। ਹੁਣ ਇਹੋ ਜਿਹੀਆਂ ਨਿੰਦ-ਵਿਚਾਰਾਂ ਤੇ ਨਹੀਂ, ਪਰ ਫਿਰ ਵੀ ਧੀ ਪੁੱਤ ਨੇੜੇ ਹੋਏ, ਦੁੱਖ ਸੁੱਖ ਨੂੰ ਬਹੁੜ ਪਈਦਾ।

ਹਰਸ਼ੀ ਦੁੱਧ ਚੋ ਕੇ ਲੈ ਆਇਆ। ਹਰਸ਼ੀ ਨੂੰ ਵੇਖ ਕੇ ਸ਼ੀਤਲ ਉੱਠੀ, "ਬੀਬਾ ਪੁੱਤ, ਤੂੰ ਵੀ ਘੁੱਟ ਦੁੱਧ ਪੀ ਜਾ ਮੈਂ ਗਰਮ ਕਰ ਕੇ ਲਿਆਉਂਦੀ ਹਾਂ। ਤੇਰੇ ਚਾਚੇ ਨੇ ਤੇਰੀ ਨਿੱਕੀ ਭੈਣ ਦਾ ਬਹੁਤ ਹੀ ਹੇਰਵਾ ਕਰ ਲਿਆ ਏ। ਘੜੀ ਆ ਜਾਇਆ ਕਰ, ਮਨ ਬਦਲ ਜਾਂਦਾ ਏ। ਜਾਂਦਾ ਬਾਰੂ ਨੂੰ ਘਲਾ ਜਾਵੀਂ, ਕਈ ਕੰਮ ਕਰਨ ਵਾਲੇ ਪਏ ਆ।"

ਸ਼ੀਤਲ ਚੌਂਕੇ ਵਿਚ ਜਾ ਕੇ ਪਰੌਂਠੀਆਂ ਵੀ ਲਾਹ ਲਿਆਈ, ਪਰ ਦਰਵੇਸ਼ ਦਾ ਮਨ ਕੁਝ ਅਨਮਨਾ ਜਿਹਾ ਹੀ ਰਿਹਾ। ਸ਼ੀਤਲ ਕੋਲ ਬੈਠ ਗਈ, "ਦਰਵੇਸ਼ ! ਪ੍ਰਾਹੁਣੇ ਦੇ ਟੱਬਰ ਨੇ ਸਾਡੀ ਲਾਡਲੀ ਚਾਂਦਨੀ ਦੇ ਵਿਆਹ 'ਤੇ ਗਿੱਧੇ, ਭੰਗੜੇ ਪਾ-ਪਾ ਕੇ ਖ਼ੂਬ ਚਾਂਬੜਾਂ ਪਾਈਆਂ। ਮੁੜ-ਮੁੜ ਨਵੇਂ ਨੋਟਾਂ ਦੀ ਸੁੱਟ ਕਰਨ। ਵੇਖਣ ਵਾਲੇ ਲੋਕੀਂ ਆਖਣ ਇਹਨਾਂ ਦੀ ਤਾਂ ਲਾਟਰੀ ਨਿਕਲੀ ਆ। ਸੋਹਣੀ-ਸਿਆਣੀ ਅਕਲਮੰਦ ਫਿਰ ਇੰਨੀ ਪੜ੍ਹੀ ਲਿਖੀ ਕੁੜੀ ਮਿਲ ਗਈ ਆ ਤਾਈਉਂ ਇਹਨਾਂ ਦੇ ਪੈਰ ਭੋਇੰ 'ਤੇ ਨਹੀਂ ਲੱਗਦੇ। ਨਵੇਂ-ਨਵੇਂ ਲੀੜੇ-ਲੱਤੇ ਤੇ ਗਹਿਣੇ-ਗੱਟੇ ਦੀਆਂ ਲਿਸ਼ਕੋਰਾਂ ਮਾਰਦੇ ਫਿਰਨ।

ਹਿਰਖ਼ ਨਾਲ ਕਹਿਣ ਲੱਗੀ, "ਦਰਵੇਸ਼ ! ਆਪਾਂ ਭੋਲੇ ਸਾਂ ਉਹਨਾਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਵਿਚ ਆ ਗਏ। ਅਕਲ-ਮੱਤ ਨੇ ਕੰਮ ਨਾ ਕੀਤਾ। ਅਸੀਂ ਕਿਹੜਾ ਕੋਈ ਪੱਤਣ ਤਰੇ ਸਾਂ ? ਜਿਉਂ ਜੰਮੇ ਬੋਦੀਉਂ ਲੰਮੇ। ਜ਼ਮਾਨਾ ਹੇਰਾ-ਫੇਰੀ ਦਾ ਆ ਗਿਆ। ਆਪਾਂ ਤੇ ਕਿਸੇ ਨੂੰ ਗੱਲੀਂ ਬਾਤੀਂ ਨਹੀਂ ਰੱਖਿਆ। ਬਾਬੇ ਦੀ ਬਾਣੀ ਵਿਚ ਵੀ ਆਪਾਂ ਇਹੋ ਸੁਣਦੇ ਆਂ ਕਿ ਕਿਸੇ ਨਾਲ ਧੋਖਾ ਨਹੀਂ ਕਰਨਾ। ਝੂਠ ਨਹੀਂ ਬੋਲਣਾ।"

"ਚਲੋ ਅਸੀਂ ਕੋਈ ਮਾੜਾ ਕੰਮ ਨਹੀਂ ਕੀਤਾ। ਵਾਹਿਗੁਰੂ ਮਿਹਰ ਕਰੇਗਾ। ਜਿਥੇ-ਜਿਥੇ ਟੱਬਰ ਦੇ ਜੀਅ ਆ ਰਾਜ਼ੀ ਖ਼ੁਸ਼ੀ ਰੱਖੇ।" ਦਰਵੇਸ਼ ਨੇ ਮੰਜੀਆਂ ਚੁੱਕ ਕੇ ਇਕ ਪਾਸੇ ਕਰਦਿਆਂ ਕਿਹਾ।



Academy of the Punjab in North America: http://www.apnaorg.com

"ਦਰਵੇਸ਼! ਤੂੰ ਕਾਹਲਾ ਨਾ ਪਿਆ ਕਰ। ਮੈਂ ਆਪਣੇ ਢਿੱਡ ਦੀ ਸਾਰੀ ਗੱਲ ਤਾਂ ਕਰ ਲਵਾਂ। ਤੇਰੇ ਕੁੜਮਾਂ ਨੂੰ ਆਸ ਸੀ ਇੰਨੀ ਪੜ੍ਹੀ ਚਾਂਦਨੀ ਦੀ ਪੜ੍ਹਾਈ ਸਾਡੇ ਕੰਮ ਆਸੀ। ਖ਼ੂਬ ਖੱਟੀ ਹੋਸੀ। ਸਾਡਾ ਨਾਂ ਉੱਚਾ ਹੋਸੀ। ਦਰਵੇਸ਼! ਅਸੀਂ ਸਿੱਧੇ। ਹੁਣ ਤੇ ਗੁਰੂ 'ਤੇ ਓਟ ਆ। ਸਾਡਾ, ਸਾਡੀ ਧੀ ਨਾਲ ਮੇਲ ਹੋਵੇ ਤਾਂ ਦੱਸਸੀ ਕਿਸ ਹਾਲ ਹੈ। ਸਾਡੀ ਤਾਂ ਉਥੇ ਅਪੜਣ ਦੀ ਜਾਅ ਨਹੀਂ। ਕਿੰਨਾ ਪੈਸਾ। ਕਿਹੜਾ ਕੋਈ ਉਥੇ ਹਾਰੀ-ਸਾਰੀ ਜਾ ਸਕਦਾ। ਸਾਡੀ ਮੱਤ-ਅਕਲ ਉਦੋਂ ਕਿਥੇ ਚਲੀ ਗਈ। ਉਹਨਾਂ ਮੁਲਕਾਂ ਵਿਚ ਕੋਈ ਚਿੱਠੀ ਚਪਾਤੀ ਵੀ ਘੱਟ ਲਿਖਦਾ। ਫ਼ੂਨ 'ਤੇ ਗੱਲਾਂ ਹੁੰਦੀਆਂ। ਭਲਾ ਦਰਵੇਸ਼! ਫ਼ੂਨ ਮਨ ਦੀ ਕੀ ਗੱਲ ਦੱਸਸੀ?"

"ਤੂੰ ਮੁੜ ਮੁੜ ਵਹਿਣਾਂ ਵਿਚ ਵਗ ਤੁਰਦੀ ਏਂ, ਭਲੀਏ ਲੋਕੇ। ਏਸ ਵਹਿਣ ਵਿਚੋਂ ਨਿਕਲੀਏ। ਐਵੇਂ ਮੇਰਾ ਵੀ ਮਨ ਹੌਲਾ ਕਰ ਦਿੰਦੀ ਏਂ।"

"ਦਰਵੇਸ਼! ਮੇਰੀ ਗੱਲ ਸੁਣ! ਕੱਲ ਸੋਹਣ ਕੀ ਪੱਤੀ ਵਾਲਿਆਂ ਦੀ ਦੂਰੋਂ ਨੇੜਿਉਂ, ਸਾਕਾਂ ਵਿਚ ਵਿਆਹੀ ਕੁੜੀ ਤੋਂ ਸੁਣੀ ਸੁਣਾਈ ਗੱਲ ਤੋਂ ਪਤਾ ਲੱਗਾ, ਸਾਡੀ ਚਾਂਦਨੀ ਆਪਣੀ ਧੀ ਨਾਲ ਅਜੇ ਘਰੇ ਹੀ ਰਹਿੰਦੀ ਆ। ਪ੍ਰਾਹੁਣਾ ਰਾਤ-ਦਿਨ ਆਪਣੇ ਕੰਮ 'ਤੇ ਗਿਆ ਰਹਿੰਦਾ। ਦੋਵੇਂ ਉਹਨੂੰ ਉਡੀਕਦੀਆਂ ਰਹਿੰਦੀਆਂ। ਸੋਚਦੀ ਆਂ, ਭੋਲੀ ਚਾਂਦਨੀ ਉਸ ਮੁਲਕ ਦੀ ਹਵਾ-ਪਾਣੀ ਨਾਲ ਪਰਚੀ ਰਹਿੰਦੀ ਆ। ਨਛੱਤਰ ਨੇ ਕਦੀ ਸਾਨੂੰ ਸਾਬ-ਸਲਾਮ ਨਹੀਂ ਭੇਜੀ। ਉਦੋਂ ਕਹਿੰਦਾ ਸੀ ਤੁਸੀਂ ਮੇਰੇ ਉਹੋ ਜਿਹੇ ਮਾਪੇ ਹੋ ਜਿੱਦਾਂ ਮੇਰੇ।"

"ਭਲੀਏ! ਕਿਹਾ ਤੇ ਬਹੁਤ ਕੁਝ ਸੀ, ਸਮਝੋ ਤੁਹਾਡੀ ਧੀ ਸਵਰਗ ਵਿਚ ਆ ਹੁਣ। ਅਸੀਂ ਛੇਤੀ ਤੁਹਾਨੂੰ ਵੀ ਉਥੇ ਬੁਲਾ ਲੈਣਾ। ਸੁਖ ਅਰਾਮ ਦੀ ਜ਼ਿੰਦਗੀ ਭੋਗੋਗੇ। ਇਥੇ ਕੀ ਪਿਆ ਏ। ਸਾਰੀ ਉਮਰ ਮਿਹਨਤ ਕਰ ਕੇ ਪੱਲੇ ਕੁਝ ਨਹੀਂ ਪੈਂਦਾ। ਉਥੇ ਜਾਂਦਿਆਂ ਜੀਵਨ ਬਦਲ ਜਾਂਦਾ। ਪਰ ਜੀਊਣ ਜੋਗੀਏ, ਉਹ ਸਾਨੂੰ ਬੁਲਾਊ ਕਿ ਆਪਣੇ ਮਾਪਿਆਂ ਨੂੰ?"

"ਪਰ ਮਾਹਲਪੁਰ ਆਲੀ ਭੂਆ ਦੇ ਧੀ-ਜਵਾਈ ਤਾਂ ਉਹਨੂੰ ਸੱਦ ਘੱਲਿਆ। ਤੂੰ ਨਹੀਂ ਸੁਣਿਆ?" ਸ਼ੀਤਲ ਨੇ ਦਰਵੇਸ਼ ਦੇ ਕੋਲ ਹੋ ਕੇ ਕਿਹਾ।

"ਕਮਲੀਏ! ਵੱਡਿਆਂ ਦੀਆਂ ਵੱਡੀਆਂ ਗੱਲਾਂ। ਰੀਸ ਨਹੀਂ ਕਰੀਦੀ, ਕਰਮ ਤਾਂ ਆਪਣੇ ਲੈਣੇ। ਕਦੋਂ ਵਿਚਾਰੀ ਕੰਮ 'ਤੇ ਲੱਗੂ, ਬੱਚੀ ਅਜੇ ਫੁੱਲ ਭਰ, ਫੇਰ ਪੈਸੇ ਜਮ੍ਹਾ ਹੋਣਗੇ। ਫਿਰ ਸਾਨੂੰ ਬੁਲਾ ਸਕਦੀ ਏ। ਉਹ ਵੀ ਪ੍ਰਾਹੁਣੇ ਦੀ ਮਰਜ਼ੀ ਨਾਲ। ਗੱਲਾਂ ਤਾਂ ਮੈਂ ਵੀ ਬਥੇਰੀਆਂ ਸੁਣਦਾਂ ਕਿ ਔਖੇ ਭਾਵੇਂ ਰਹਿਣ ਕੁੜੀਆਂ ਨੂੰ ਕੰਮ ਤੇ ਨਹੀਂ ਲਾਉਂਦੇ ਭਈ ਕੱਲ-ਕਲੋਤਰ ਨੂੰ ਕਿਤੇ ਇਹ ਮਾਪਿਆਂ ਨੂੰ ਨਾ ਬੁਲਾ ਲਵੇ। ਅੰਦਰ ਡੱਕਣ ਵਾਲਾ ਹਿਸਾਬ ਆ।"



Academy of the Punjab in North America: http://www.apnaorg.com

"ਲੈ, ਮੈਨੂੰ ਆ ਗਿਆ ਈ ਚੇਤਾ ਮੰਗਲ ਦੀ ਸਾਲੀ ਦੱਸਦੀ ਸੀ ਹੁਣ ਸਾਕ ਕਰਨ ਲੱਗੇ ਕੁੜੀਆਂ ਵਾਲਿਆਂ ਅੱਗੇ ਸ਼ਰਤ ਰੱਖ ਦਿੰਦੇ ਕਿ ਇਹ ਆਪਣੇ ਮਾਪਿਆਂ ਨੂੰ ਨਹੀਂ ਬਾਹਰ ਬੁਲਾਏਗੀ। ਮਨਜ਼ੂਰ ਆ, ਤਾਂ ਰਿਸ਼ਤਾ ਪੱਕਾ ਕਰੋ। ਮਗਰੋਂ ਉਹ ਕੰਮ 'ਤੇ ਲੱਗ ਕੇ ਹਜ਼ਾਰਾਂ ਕਮਾਉਣ ਫਿਰ ਵੀ ਉਹ ਮਾਪਿਆਂ ਨੂੰ ਨਹੀਂ ਸੱਦ ਸਕਦੀਆਂ। ਕੰਮ ਆਲੀ ਥਾਂ 'ਤੇ ਕੱਠੀਆਂ ਹੋ ਕੇ ਸਹੇਲੀਆਂ ਅੱਗੇ ਦੁੱਖ ਫੋਲਦੀਆਂ। ਬੁੱਕ-ਬੁੱਕ ਰੋਂਦੀਆਂ ਕਹਿੰਦੇ ਵੇਖੀਆਂ ਨਹੀਂ ਜਾਂਦੀਆਂ। ਇਹੋ ਜਿਹਿਆਂ ਨੂੰ ਰੱਬ ਵੀ ਨਹੀਂ ਪੁੱਛਦਾ।"

"ਦਰਵੇਸ਼! ਪਤਾ ਨਹੀਂ ਕਿਉਂ ਉਲਟੇ-ਪੁਲਟੇ ਖ਼ਿਆਲ ਆਉਂਦੇ ਰਹਿਦੇ ਨੇ? ਇੱਦਾਂ ਈ ਸੁਣੀਦਾ, ਉਥੇ ਕੁੜੀਆਂ ਦੇ ਬੁਰੇ ਹਾਲ ਕਰ ਦਿੰਦੇ ਆ। ਪੇਕਿਆਂ ਕੰਨੀ ਕੋਈ ਭਿਣਕ ਨਹੀਂ ਪੈਣ ਦਿੰਦੇ। ਉੱਦਣ ਗੁਮਾਨਪੁਰੇ ਵਾਲੀ ਮਾਸੀ ਫ਼ਿਕਰਾਂ ਦੀਆਂ ਗੱਲਾਂ ਕਰਦੀ ਸੀ। ਕੁਝ ਨਹੀਂ ਹਾਲ ਪਰਦੇਸਾਂ ਦੇ। ਮੈਂ ਤੇ ਬਥੇਰਾ ਵਾਹਿਗੁਰੂ ਅੱਗੇ ਨੱਕ ਗੋਡਾ ਰਗੜਦੀ ਆਂ ਕਿ ਗੁਰੂ ਸਾਡੀ ਧੀ ਨਾਲ ਸਾਡੇ ਮੇਲ ਕਰਾ ਦੇ। ਆਹ ਜਿਹੜੇ ਬੁਰੇ ਭਲੇ ਗ਼ਮ ਸਾਡੇ ਢਿੱਡ ਵਿਚ ਆਉਂਦੇ; ਨਾ ਆਉਣ। ਗੱਲਾ ਤੇ ਹੋਰ ਵੀ ਇਹਤੋਂ ਮਾੜੀਆਂ ਕੰਨੀਂ ਪੈਂਦੀਆਂ, ਪਰ ਕਹੀਦਾ ਵਾਹਿਗੁਰੂ ਮਾੜੇ ਦਿਨ ਨਾ ਵਿਖਾਈਂ। ਸਭ ਨੂੰ ਸੁਮੱਤ ਬਖ਼ਸ਼ੀਂ। ਜਿਹਨਾਂ ਢਿੱਡ ਦੀਆਂ ਬੋਟੀਆਂ ਦੇ ਦਿੱਤੀਆਂ, ਹੋਰ ਕੀ ਪਿੱਛੇ ਰਹਿ ਗਿਆ? ਪਤਾ ਨਹੀਂ ਕਿਉਂ ਬੰਦੇ ਨੂੰ ਦਿਨੋ ਦਿਨ ਲੋਭ ਵਧਦਾ ਜਾਦਾ? ਰੱਬਾ ਸਭ ਦੀਆਂ ਧੀਆਂ ਘਰੀਂ ਸੁਖੀ ਵੱਸਣ!"

"ਉੱਠਾਂ, ਪਿੰਡੇ 'ਤੇ ਮੁੜ ਪਾਣੀ ਪਾ ਲਵਾਂ, ਬੇਚੈਨੀ ਜਿਹੀ ਹੁੰਦੀ ਏ।" ਕਹਿੰਦੀ ਸ਼ੀਤਲ ਨਹਾਉਣ ਚਲੀ ਗਈ।

ਦਰਵੇਸ਼ ਨੇ ਛੇਤੀ ਨਾਲ ਚੌਂਕੇ ਵਿਚੋਂ ਤੱਤਾ ਦੁੱਧ ਲਿਆਂਦਾ। ਸ਼ੀਤਲ ਨੂੰ ਹਾਕ ਮਾਰੀ ਤੇ ਫੜਾਉਂਦਿਆਂ ਕਿਹਾ, "ਭਾਗਵਾਨੇ! ਅਸੀਂ ਕੀ ਚੱਕੀ ਝੋਅ ਬਹਿੰਨੇ ਆਂ? ਇੱਦਾਂ ਸਰੀਰ ਮਾਂਦੇ ਪੈਂਦੇ ਜਾਂਦੇ ਆ। ਡਿੱਗ ਪਏ ਕਿਸੇ ਨੇ ਦੁਆਲ ਨਹੀਂ ਹੋਣਾ। ਚਾਂਦਨੀ ਹੁਣ ਪਰ-ਵੱਸ ਆ। ਵੱਡੀ ਓਦਾਂ ਵੱਡੇ ਟੱਬਰ ਵਿਚ ਫਸੀ ਪਈ ਆ। ਬਲਕਾਰ ਦੇ ਅਸਾਂ ਪੱਲੇ ਨਹੀਂ ਪਾਇਆ। ਉੱਠ ਲੱਤਾਂ ਗੋਡੇ ਨਾ ਰਹਿ ਜਾਣ। ਜਾਨ ਰਹੀ ਤਾਂ ਖੌਰੇ ਸਾਡੀ ਧੀ ਨਾਲ ਕਿਤੇ ਮੇਲ ਹੋ ਜਾਵੇ। ਦੁਨੀਆਂ ਆਸ 'ਤੇ ਵੱਸਦੀ ਏ।"



Academy of the Punjab in North America: http://www.apnaorg.com

# ਆਲ੍ਹਣਾ

ਉਸ ਨੂੰ ਇਥੇ ਆਇਆਂ ਪੂਰੇ ਚਾਰ ਸਾਲ ਹੋ ਗਏ ਸਨ ਤੇ ਪੰਜਵਾਂ ਵਰ੍ਹਾਂ ਚੜ੍ਹਿਆ ਸੀ। ਪਰ ਉਸ ਦਾ ਅੱਜ ਵਰਗਾ ਚਿਹਰਾ ਅਤੇ ਇਕ ਟੱਕ ਵੇਖਦੀਆਂ ਅੱਖਾਂ ਵਿਚਲੀ ਸੋਚ ਮੈਂ ਕਦੇ ਪਹਿਲਾਂ ਨਹੀਂ ਸੀ ਵੇਖੀ।

ਉਦੋਂ ਵੀ ਨਹੀਂ ਜਦੋਂ ਚਾਰ ਸਾਲ ਪਹਿਲਾਂ ਮੈਂ ਤੇ ਮੇਰੀ ਭੈਣ ਇਸ ਨੂੰ ਇਸ ਦੇ ਘਰੋਂ ਲਿਆਏ ਸਾਂ। ਉਸ ਦਿਨ ਜਦੋਂ ਸਾਡਾ ਔਟੋ ਇਹਨਾਂ ਦੇ ਪਿੰਡ ਪੁੱਜਾ ਤਾਂ ਘਰੋਂ ਪਤਾ ਕਰਨ ’ਤੇ ਪਤਾ ਲੱਗਾ ਕਿ ਉਹ ਘਰ ਨਹੀਂ ਹਨ। ਪੱਠੇ ਲੈਣ ਗਈਆਂ ਹਨ। ਅਸੀਂ ਬਾਹਰ ਧੁੱਪ ਬਹੁਤ ਤੇਜ਼ ਹੋਣ ਕਾਰਨ ਔਟੋ ਵਿਚ ਹੀ ਬੈਠੀਆਂ ਰਹੀਆਂ ਤੇ ਉਡੀਕਣ ਲੱਗੀਆਂ।

ਪਲ ਕੁ ਵਿਚ ਹੀ ਇਹਦੀ ਮਾਂ, ਛੋਟਾ ਭਰਾ ਤੇ ਇਹ ਆਪ ਆਉਂਦੀਆਂ ਦਿਸੀਆਂ। ਇਹਦੇ ਸਿਰ ਉੱਤੇ ਹਰੀ ਚਰੀ ਦੇ ਟਾਂਡਿਆਂ ਦੀ ਪੰਡ ਸੀ ਜੋ ਪਿਛਲੇ ਪਾਸਿਉਂ ਇਹਦਾ ਭਰਾ ਭਾਰ ਨੂੰ ਹੌਲਾ ਕਰਨ ਲਈ ਉਤਾਂਹ ਚੁੱਕ ਕੇ ਨਾਲ-ਨਾਲ ਤੁਰਿਆ ਆਉਂਦਾ ਸੀ।

ਪੰਡ ਰੱਖ ਕੇ ਇਹ ਆਪਣੀ ਮਾਂ ਨਾਲ ਨੀਵੀਆਂ ਅੱਖਾਂ ਪਾਈਂ ਸਾਡੇ ਤੋਂ ਜਰਾ ਕੁ ਵਿੱਥ ’ਤੇ ਖਲੋਅ ਗਈ। ਇਹਦੀ ਮਾਂ ਇਸ ਨੂੰ ਉਸੇ ਵੇਲੇ ਬਾਹਰੋਂ ਹੀ ਸਾਡੇ ਨਾਲ ਭੇਜਣ ਲਈ ਔਟੋ ਦੇ ਪਿਛਲੇ ਪਾਸੇ ਬਿਠਾਉਣ ਲੱਗੀ। ਇਹ ਅੱਖਾਂ ਨੀਵੀਆਂ ਨਾਲ ਔਟੋ ਕੋਲ ਹੋ ਗਈ।

ਮੇਰਾ ਮਨ ਬਦੋ-ਬਦੀ ਉਦਾਸ ਹੋ ਗਿਆ। ਮੈਂ ਇਸ ਦੀ ਮਾਂ ਨੂੰ ਕਿਹਾ, “ਜਾਓ, ਅੰਦਰ ਜਾ ਕੇ ਬੱਚੀ ਨੂੰ ਸਾਰੇ ਭੈਣ-ਭਰਾਵਾਂ ਨਾਲ ਮਿਲਾ ਦਿਓ। ਭਾਵੇਂ ਅਸੀਂ ਇਸ ਨੂੰ ਅਗਲੇ ਹਫ਼ਤੇ ਇਕ ਵੇਰਾਂ ਤੁਹਾਡੇ ਮਿਲਾ ਖੜਾਂਗੇ ਪਰ ਫਿਰ ਵੀ ਇਸ ਨੇ ਭੈਣਾਂ-ਭਰਾਵਾਂ ਨਾਲੋਂ ਵਿੱਛੜਨਾ ਹੈ। ਹੇਰਵਾ ਕਰੇਗੀ।” ਉਹ ਇਹ ਗੱਲ ਮੰਨ ਕੇ ਮਿਲਾ ਲਿਆਈ।

ਮਾਂ ਨੂੰ ਤੇ ਸਾਡੇ ’ਤੇ ਯਕੀਨ ਸੀ ਕਿ ਅਸੀਂ ਆਪਣੇ ਬੱਚਿਆਂ ਵਾਂਗ ਲਾਡ ਨਾਲ ਰੱਖਾਂਗੇ। ਮਹੀਨੇਵਾਰੀ ਤਨਖ਼ਾਹ ਦੀ ਗੱਲ ਕੁਝ ਦਿਨ ਪਹਿਲਾਂ ਹੀ ਸੈੱਟ ਹੋ



Academy of the Punjab in North America: http://www.apnaorg.com

ਗਈ ਸੀ। ਉਹ ਲੋੜਵੰਦ ਸਨ। ਲੋੜ ਲਈ ਢਿੱਡ ਦੀ ਬੋਟੀ ਵਿਆਹ ਕੇ ਤੋਰਨ ਤੋਂ ਪਹਿਲਾਂ ਹੀ ਵਿਛੋੜ ਦਿੱਤੀ।

ਇਹ ਚੁੱਪ ਕਰ ਕੇ ਔਟੋ ਦੇ ਪਿਛਲੇ ਪਾਸੇ ਵਾਲੀ ਸੀਟ ’ਤੇ ਲੱਤਾਂ ਬਾਹਵਾਂ ਨੂੰ ਸੁੰਗੜਾ ਕੇ ਬੈਠ ਗਈ। ਇਸ ਨੇ ਆਪਣੀ ਮਾਂ ਵੱਲ ਵੀ ਭਉਂ ਕੇ ਨਾ ਵੇਖਿਆ। ਕੇਵਲ ਅੱਖਾਂ ਦੀਆਂ ਝਿੰਮਣੀਆਂ ਨੂੰ ਦੋ ਕੁ ਵੇਰਾਂ ਉਪਰ ਹੇਠਾਂ ਕੀਤਾ।

ਉਸ ਦਿਨ ਇਹਦੀ ਚੁੱਪ ਨੇ ਮੇਰੇ ਧੁਰ ਅੰਦਰ ਨੂੰ ਝੰਜੋੜ ਦਿੱਤਾ। ਮੈਨੂੰ ਜਾਪਿਆ ਜਿਵੇਂ ਕੋਈ ਗਊ ਆਪਣੇ ਕੁਟੰਬ ਵਿਚੋਂ ਵਿਛੋੜ ਕੇ ਲੈ ਤੁਰੇ ਹਾਂ।

ਹਰੇ ਰੰਗ ਦੇ ਸੂਟ ਵਿਚ ਇਸ ਦਾ ਗੋਰਾ, ਭਖਦਾ ਰੰਗ, ਹਿਰਨੋਟੀਆਂ ਅੱਖਾਂ, ਲਾਲ ਬੁੱਲ੍ਹ, ਸੁਨਹਿਰੀ ਤੇ ਸੰਤਰੀ ਭਾਹ ਮਾਰਦੇ ਘੁੰਘਰਾਲੇ ਵਾਲ, ਕੁਦਰਤ ਦੀ ਕਲਾ ਦਾ ਸ਼ਾਨਦਾਰ ਨਮੂਨਾ ਪੇਸ਼ ਕਰ ਰਹੇ ਸਨ। ਮੈਂ ਇਹੋ ਜਿਹਾ ਚਿਲਕਦਾ ਸੁਨਹਿਰੀ ਸੰਤਰੀ ਰੰਗ ਕਿਸੇ ਦੇ ਵਾਲਾਂ ਦਾ ਕਦੀ ਨਹੀਂ ਸੀ ਵੇਖਿਆ। ਇਹਦੀ ਪੂਰੀ ਚੁੱਪ ਤੇ ਵਾਲਾਂ ਦੀ ਬਣਤਰ ਜੋ ਉੱਧੜ-ਗੁੱਧੜੇ ਰੂਪ ਵਿਚ ਸਨ, ਵੇਖ ਕੇ ਮੈਨੂੰ ਮਨ ਵਿਚ ਡਰ ਵੀ ਲੱਗਾ ਕਿ ਕੋਈ ਮਾਨਵੀ ਰੂਪ ਵਿਚ ਆਸਾਧਰਣ ਰੂਪ ਨਾ ਹੋਵੇ ਪਰ ਉਸੇ ਵੇਲੇ ਉਸ ਦੀ ਸ਼ਕਲ-ਸੂਰਤ ਤੇ ਦਿਲ-ਖਿੱਚਵੇਂ ਨੈਣਾਂ-ਨਕਸ਼ਾਂ ਨਾਲ ਮੈਨੂੰ ਉਹ ਕਿਸੇ ਪਰੀ ਦੇਸ਼ ਦਾ ਜੀਵ ਜਾਪਣ ਲੱਗ ਪਈ।

ਸਾਰਾ ਰਸਤਾ ਮੇਰੀ ਭੈਣ ਮੇਰੇ ਨਾਲ ਆਪਣੇ ਮਨ ਦੀ ਖ਼ੁਸ਼ੀ ਪ੍ਰਗਟ ਕਰਦੀ ਗਈ ਕਿ ਹੁਣ ਤੁਹਾਨੂੰ ਸੁੱਖ ਹੋ ਜਾਏਗਾ। ਕੁੜੀ ਰਾਤ ਦਿਨ ਰਵੇਗੀ। ਬੰਦੇ ਚੰਗੇ ਹੀ ਨਿਕਲੇ ਹਨ। ਜ਼ੁਬਾਨ ’ਤੇ ਪੂਰੇ ਉਤਰੇ ਨੇ। ਕੁੜੀ ਯਕੀਨ ਕਰ ਕੇ ਓਪਰਿਆਂ ਨਾਲ ਭੇਜ ਦਿੱਤੀ। ਮੈਂ ਵੀ ਖ਼ੁਸ਼ ਤਾਂ ਸਾਂ ਪਰ ਮੈਨੂੰ ਉਹਦੀ ਸੋਹਣੀ ਤੇ ਗੰਭੀਰ ਸੂਰਤ ਕੁਝ ਵੱਖਰਾ ਹੀ ਦੱਸ ਰਹੀ ਸੀ ਕਿ ਕਿਉਂ ਉਸ ਨੇ ਆਪਣੀ ਮਾਂ ਵੱਲ ਵੀ ਆਉਣ ਲੱਗਿਆਂ ਭਉਂ ਕੇ ਨਹੀਂ ਵੇਖਿਆ ? ਕਈ ਇਧਰ ਉਧਰ ਦੇ ਫ਼ਾਲਤੂ ਪ੍ਰਸ਼ਨ ਮੇਰੇ ਜ਼ਿਹਨ ਵਿਚ ਆਉਣ ਲੱਗੇ।

ਅਸੀਂ ਘਰ ਪਹੁੰਚ ਗਏ। ਬੱਚੇ ਖ਼ੁਸ਼ ਹੋ ਰਹੇ ਸਨ ਪਰ ਉਹ ਉਸੇ ਤਰ੍ਹਾਂ ਬਿਨਾਂ ਨਜ਼ਰ ਉਪਰ ਕੀਤਿਆਂ ਬੈਠ ਗਈ। ਸ਼ਾਮ ਤਕ ਬੱਚਿਆਂ ਦੇ ਬਾਰ-ਬਾਰ ਬੁਲਾਉਣ ’ਤੇ ਉਹ ਕੁਝ ਹੱਸੀ। ਮੈਨੂੰ ਸੁੱਖ ਦਾ ਸਾਹ ਆਇਆ, ਹੁਣ ਇਹ ਜੀਅ ਲਾ ਲਵੇਗੀ। ਵਾਕਿਆ ਹੀ ਉਸ ਨੇ ਜੀਅ ਲਾ ਲਿਆ ਤੇ ਘਰ ਵਿਚ ਰਚ-ਮਿਚ ਗਈ।

ਉਹ ਆਪਣੇ ਘਰ ਵੀ ਘੱਟ ਜਾ ਕੇ ਖ਼ੁਸ਼ ਹੁੰਦੀ, ਸਿਰਫ਼ ਦਿਨ-ਦਿਹਾਰ ਨੂੰ ਇਕ-ਦੋ ਦਿਨ ਰਹਿ ਕੇ ਮੁੜ ਆਉਂਦੀ।



Academy of the Punjab in North America: http://www.apnaorg.com

ਮੈਂ ਉਸ ਨੂੰ ਘਰ ਮਿਹਨਤ ਕਰਵਾ ਕੇ ਪੰਜਵੀਂ ਦਾ ਇਮਤਿਹਾਨ ਦਿਵਾ ਦਿੱਤਾ, ਉਹ ਪਾਸ ਹੋ ਗਈ। ਜਦੋਂ ਸਰਟੀਫ਼ਿਕੇਟ ਮਿਲਿਆ, ਉਹ ਖ਼ੁਸ਼ ਹੋਈ ਤੇ ਭੱਜ ਕੇ ਸੰਦੂਕੜੀ ਵਿਚ ਰੱਖ ਦਿੱਤਾ।

ਇਕ ਦਿਨ ਗੱਲਾਂ ਕਰਦਿਆਂ ਮੈਂ ਪੁੱਛਿਆ, "ਗੁੱਡ! ਤੇਰਾ ਨਾਂ ਸਵਾਂਤੀ ਕੁਝ ਔਖਾ ਹੈ, ਤੈਨੂੰ ਅਸੀਂ ਸ਼ਾਂਤੀ ਕਹਿ ਦਿਆ ਕਰੀਏ?" ਉਸ ਨੇ ਉਸੇ ਤਰ੍ਹਾਂ ਅੱਖਾਂ ਨੀਵੀ ਪਾਈ ਕਿਹਾ, "ਨਹੀਂ ਆਂਟੀ, ਮੈਂ ਇਹ ਨਾਂ ਨਹੀਂ ਰੱਖਣਾ। ਸ਼ਾਂਤੀ ਸਾਡੇ ਪਿੰਡ ਇਕ ਭਈਆਨੀ ਦਾ ਨਾਂ ਹੈ।"

"ਪਰ ਤੇਰਾ ਨਾਂ ਵੀ ਆਪਣੇ ਇਧਰ ਪੰਜਾਬ ਵਰਗਾ ਤੇ ਨਹੀਂ ਪੂਰਾ ਜਾਪਦਾ।" ਸੁਣ ਕੇ ਉਹ ਚੁੱਪ ਰਹੀ।

"ਚਲੋ! ਫਿਰ ਸੀਤਾ ਕਹਿ ਦਿਆ ਕਰਾਂਗੇ। ਬਹੁਤ ਵੱਡਾ ਨਾਂ ਏ। ਰਾਜੇ ਰਾਮ ਦੀ ਅਰਧਾਂਗਨੀ ਸੀ ਸੀਤਾ। ਬੜੀ ਸਤੀ ਸਵਿਤਰੀ ਨਾਰੀ ਹੋਈ ਹੈ।"

"ਨਹੀਂ ਆਂਟੀ, ਮੇਰਾ ਨਾਂ ਨਾ ਬਦਲੋ।"

"ਚੱਲ ਫਿਰ ਦੇਵੀ ਕਹਿ ਦਿਆ ਕਰਾਂ?"

"ਆਂਟੀ, ਦੇਵੀ ਵੀ ਕੋਈ ਨਾਂ ਹੁੰਦਾ ਹੈ। ਮੰਦਰ ਵਾਲੀ ਦੇਵੀ। ਭਲਾ ਇਹੋ ਜਿਹਿਆ ਨਾਂ ਕਿਸੇ ਘਰ ਸੁਣਿਆ?"

"ਚੰਗਾ ਬੇਬੀ! ਹੁਣ ਜ਼ਿਦ ਨਾ ਕਰੀਂ, ਬੇਬੀ ਤੇ ਵਧੀਆ ਨਾਂ ਹੈ ਨਾ। ਨਾਲੇ ਅੰਗਰੇਜ਼ੀ ਨਾਂ ਹੋ ਗਿਆ।"

"ਆਂਟੀ! ਮੈਂ ਬੱਚਾ ਥੋੜ੍ਹੀ ਆਂ। ਤੁਸੀਂ ਮੇਰਾ ਉਹੋ ਨਾਂ ਬੁਲਾਇਆ ਕਰੋ ਜੋ ਮੇਰੇ ਘਰਦਿਆਂ ਨੇ ਰੱਖਿਆ ਏ।" ਮੈਂ ਮੰਨ ਗਈ। ਸਵਾਂਤੀ ਬਹੁਤ ਖ਼ੁਸ਼ ਸੀ।

ਇਥੇ ਉਹ ਘਰ ਤੋਂ ਵੱਧ ਚੰਗੀ ਰਹਿ ਰਹੀ ਸੀ। ਕੰਮ ਦੇ ਨਾਲ-ਨਾਲ ਉਸ ਨੂੰ ਅੱਠਵੀਂ ਪਾਸ ਕਰਵਾ ਦਿੱਤੀ। ਅਗਲੇ ਸਾਲ ਛੇ ਮਹੀਨਿਆਂ ਦਾ ਬਿਊਟੀ ਪਾਰਲਰ ਦਾ ਕੋਰਸ ਵੀ ਪੂਰਾ ਕਰਵਾ ਦਿੱਤਾ। ਸੋਚਿਆ ਉਸ ਦੇ ਹੱਥ ਸਿੱਧੇ ਹੋ ਜਾਣ। ਜ਼ਮਾਨਾ ਇਹੋ ਜਿਹਾ ਹੈ। ਬੱਚੀ ਆਪਣੀ ਰੋਟੀ ਕਮਾਉਣ ਜੋਗੀ ਹੋਣੀ ਚਾਹੀਦੀ ਹੈ। ਉਸ ਨੂੰ ਇਕ ਛੋਟਾ ਜਿਹਾ ਕਮਰਾ ਪੱਕਾ ਦੇ ਦਿੱਤਾ, ਜਿਥੇ ਉਹ ਆਪਣੇ ਕੱਪੜੇ, ਕਿਤਾਬਾਂ, ਜੁੱਤੀਆਂ ਤੇ ਨਿੱਕੀਆਂ-ਮੋਟੀਆਂ ਚੀਜ਼ਾਂ ਸੈੱਟ ਕਰ ਲਵੇ।

ਸਬੱਬੀਂ ਮੇਰੇ ਕੋਲ ਇਕ ਸਿੱਖਿਅਕ ਸਿਲਾਈ ਟੀਚਰ ਆ ਗਈ। ਮੈਂ ਉਸ ਦੀ ਡਿਊਟੀ ਲਾ ਦਿੱਤੀ ਕਿ ਉਹ ਰੋਜ਼ ਆ ਕੇ ਬਾਕਾਇਦਾ ਇਸ ਦੇ ਕਟਾਈ, ਸਿਲਾਈ ਅਤੇ ਕਢਾਈ ਵਿਚ ਹੱਥ ਸਿੱਧੇ ਕਰ ਦੇਵੇ। ਉਸ ਨੇ ਪੂਰੀ ਮਿਹਨਤ ਨਾਲ



Academy of the Punjab in North America: http://www.apnaorg.com

ਇਸ ਨੂੰ ਤਾਕ ਕਰ ਦਿੱਤਾ ਤੇ ਮੈਂ ਉਸ ਨੂੰ ਇਸ ਬੱਚੀ ਨੂੰ ਟਰੇਂਡ ਕਰਨ ਲਈ ਉਸ ਦੇ ਵਾਜਬ ਹੱਕ ਤੋਂ ਵੱਧ ਪੈਸੇ ਦੇ ਕੇ ਮਨ ਦੀ ਖ਼ੁਸ਼ੀ ਪ੍ਰਾਪਤ ਕੀਤੀ।

ਜਿਉਂ-ਜਿਉਂ ਮੈਂ ਸਵਾਂਤੀ ਨੂੰ ਲਾਡ-ਪਿਆਰ ਅਤੇ ਗੁਣਾਂ ਵਿਚ ਤਾਕ ਕਰਦੀ ਗਈ, ਉਸ ਵਿਚ ਬਦਲਾਓ ਆਉਣਾ ਸ਼ੁਰੂ ਹੋ ਗਿਆ। ਸਮਾਂ ਬੀਤ ਰਿਹਾ ਸੀ, ਪਰ ਪਤਾ ਨਹੀਂ ਮੈਨੂੰ ਕਿਉਂ ਇਸ ’ਤੇ ਖਿੱਝ ਚੜ੍ਹਨੀ ਸ਼ੁਰੂ ਹੋ ਗਈ। ਮੈਂ ਮਹਿਸੂਸ ਕੀਤਾ ਕਿ ਭਾਵੇਂ ਇਹ ਭੋਲੀ-ਭਾਲੀ ਲੱਗਦੀ ਹੈ, ਪਰ ਇਹਦੇ ਵਿਚ ਬੇਲੋੜਾ ਆਤਮ-ਵਿਸ਼ਵਾਸ ਵੱਧ ਰਿਹਾ ਹੈ। ਇਹ ਜਾਣ-ਬੁੱਝ ਕੇ ਆਵਾਜ਼ ਨਹੀਂ ਦਿੰਦੀ। ਘੇਸਲ ਮਾਰ ਛੱਡਦੀ ਹੈ। ਇਹ ਪੂਰੀ ਮਚਲੀ ਹੋ ਗਈ ਹੈ ਤੇ ਇਸ ਦਾ ਹੁਣ ਕਿਸੇ ਵੀ ਕੰਮ ਵਿਚ ਜੀਅ ਨਹੀਂ ਲੱਗਦਾ। ਕਹਿਣ ਨੂੰ ਖਾਨਾ-ਪੂਰੀ ਕਰ ਕੇ ਵਿਹਲੀ ਹੋ ਬੈਠਦੀ ਹੈ।

ਹੱਥੀਂ ਪਾਲਿਆਂ ਬੱਚਿਆਂ ਵਾਗ ਮੈਂ ਆਪਣੇ ਮਨ ਨੂੰ ਵੀ ਸਮਝਾਇਆ ਕਿ ਕਿਤੇ ਮੈਂ ਹੀ ਇਕ-ਪਾਸੜ ਸੋਚ ਕੇ ਆਪਣਾ ਇਹ ਰਵੱਈਆ ਬਣਾ ਰਹੀ ਹੋਵਾਂ। ਤੇ ਐਵੇਂ ਗ਼ਲਤ ਸਮਝ ਰਹੀ ਹੋਵਾਂ। ਮੈਂ ਇਸ ਨੂੰ ਕੋਲ ਬਿਠਾਅ ਕੇ ਪਿਆਰ ਨਾਲ ਸਮਝਾਉਂਦੀ ਪਰ ਇਹ ਇਸ ਪਾਸੇ ਤੁਰਦੀ ਨਾ। ਸਗੋਂ ਸਿੱਡਾ ਕਰਨ ਲੱਗ ਪਈ।

ਬੱਚੀ ਦਾ ਇਹ ਢੰਗ-ਤਰੀਕਾ ਮੈਨੂੰ ਬਹੁਤ ਪਰੇਸ਼ਾਨ ਕਰਦਾ ਸੀ। ਸੋਚਦਿਆਂ ਸੋਚਦਿਆਂ ਮੇਰੇ ਮਨ ’ਤੇ ਹੋਰ ਬੋਝ ਪੈ ਜਾਂਦਾ। ਇਸ ਨੂੰ ਸਮਝਾਉਣਾ ਮੈਨੂੰ ਸਮਝ ਆ ਗਈ ਕਿ ਕੰਧਾਂ ਵਿਚ ਬੇਲੋੜੀਆਂ ਟੱਕਰਾਂ ਮਾਰਨ ਵਾਲਾ ਹਿਸਾਬ ਹੈ। ਇਸ ਦੀ ਚਾਲ-ਢਾਲ ਵੇਖ ਕੇ ਘਰ ਦੇ ਸਾਰੇ ਜੀਅ ਵੀ ਮੈਨੂੰ ਕੋਸਣ ਲੱਗ ਪਏ ਸਨ ਪਰ ਮੇਰਾ ਉਦੇਸ਼ ਕਿਸੇ ਨਤੀਜੇ ਉੱਤੇ ਅੱਪੜਨ ਦਾ ਸੀ।

ਸਾਲ-ਖੰਡ ਮੇਰੀ ਇਸ ਪਰੇਸ਼ਾਨੀ ਵਿਚ ਹੀ ਗੁਜ਼ਰ ਗਿਆ। ਕੋਈ ਵਾਹ ਨਾ ਜਾਂਦੀ ਵੇਖ ਕੇ ਤੇ ਕੋਈ ਢੰਗ-ਤਰੀਕਾ ਨਾ ਸੁੱਝਦਿਆਂ ਮੈਂ ਬਹੁਤ ਸਾਲ ਪਹਿਲਾਂ ਦੇ ਆਪਣੇ ਜੀਵਨ ’ਤੇ ਝਾਤ ਮਾਰੀ ਜਦੋਂ ਮੈਂ ਲਗਭਗ ਇਸੇ ਉਮਰ ਵਿਚੋਂ ਗੁਜ਼ਰ ਰਹੀ ਸਾਂ। ਮੇਰਾ ਮਨ ਘਰ ਦੇ ਕੰਮਾਂ ਤੋਂ ਉਚਾਟ ਹੋ ਰਿਹਾ ਸੀ। ਪੜ੍ਹਾਈ ਵਿਚ ਵੀ ਮਨ ਲੱਗਣੋਂ ਬਿਲਕੁਲ ਹਟ ਗਿਆ। ਮੇਰਾ ਜੀ ਘਰ ਦੇ ਕਿਸੇ ਜੀਅ ਨਾਲ ਗੱਲਾਂ ਕਰਨ ਨੂੰ ਨਾ ਕਰਦਾ। ਆਪਣੀਆਂ ਸੋਚਾਂ ਦੀ ਮੈਂ ਆਪਣੀ ਸੀਮਤ ਦੁਨੀਆਂ ਸਿਰਜ ਲਈ ਤੇ ਦਿਨ-ਰਾਤ ਉਸੇ ਦਿਸ਼ਾ ਵੱਲ ਉੱਡਦੀ ਰਹਿੰਦੀ। “ਮੇਰਾ ਜੀ ਕਰਦਾ, ਮੈਨੂੰ ਕੋਈ ਟੋਕੇ ਨਾ। ਸਾਰੇ ਪਿਆਰ ਹੀ ਪਿਆਰ ਕਰਨ।” ਇਕ ਦਿਨ ਫਿਰ ਮੈਂ ਆਪਣੇ ਮਨ ਨੂੰ ਸਮਝਾਉਂਦਿਆਂ ਸੋਚਿਆ ਕਿ “ਮੈਂ ਇਸ ਨੂੰ ਕਿਉਂ ਹਰ



Academy of the Punjab in North America: http://www.apnaorg.com

ਵੇਲੇ ਕੋਸਦੀ ਰਹਿੰਦੀ ਹਾਂ। ਇਹ ਇਕ ਸਦੀਵੀ ਸੱਚ ਹੈ ਜਿਸ ਨੂੰ ਝੁਠਲਾਇਆ ਨਹੀਂ ਜਾ ਸਕਦਾ। ਜੁਆਨੀ ਦੀ ਦਹਿਲੀਜ਼ 'ਤੇ ਪੈਰ ਰੱਖਦਿਆਂ ਹੀ ਅਜਿਹੀਆਂ ਰੁਚੀਆਂ ਦਾ ਪ੍ਰਗਟ ਹੋ ਜਾਣਾ ਲਾਜ਼ਮੀ ਹੈ। ਮਨ ਸਥਿਰ ਨਹੀਂ ਰਹਿੰਦਾ, ਦਿਨ ਰਾਤ ਉੱਚੀਆਂ ਹਵਾਵਾਂ ਵਿਚ ਉੱਡਦਾ ਰਹਿੰਦਾ ਹੈ।"

ਸਵਾਂਤੀ ਵਿਚ ਇਹ ਸਾਰੇ ਭਾਵ ਸਪੱਸ਼ਟ ਉਜਾਗਰ ਹੋ ਰਹੇ ਸਨ। ਇਸ ਉਮਰ ਵਿਚ ਮਨ ਸੁਪਨਮਈ ਮਨੋਦਸ਼ਾ ਵਿਚ ਵਿਚਰਦਾ ਹੈ। ਮੈਨੂੰ ਜਿਹੜਾ ਕੁੜੀ ਮੁੰਡਾ ਓਪਰਾ ਵੀ ਪਿਆਰ ਕਰਦਾ ਮੇਰਾ ਮਨ ਉਸ ਉੱਤੇ ਜਾਨ ਨਿਛਾਵਰ ਕਰਨ ਨੂੰ ਜੀ ਕਰ ਆਉਂਦਾ। ਪਰ ਮੇਰੇ ਘਰ ਵਿਚ ਸੰਸਕਾਰਾਂ ਇਕ ਇਕ ਜ਼ਬਤ ਸੀ। ਮੇਰਾ ਮਨ ਸੰਭਲਿਆ ਰਿਹਾ।

ਮੈਂ ਉਸ ਨੂੰ ਇਕ ਕਮਰੇ ਵਿਚ ਦੀਵਾਨ ਵੀ ਡਵਾ ਦਿੱਤਾ ਸੀ। ਉਥੇ ਉਸ ਨੇ ਆਪਣਾ ਮਨ ਭਾਉਂਦਾ ਸਮਾਨ ਜਿਵੇਂ ਫ਼ਿਲਮੀ ਪੱਤ੍ਰਿਕਾਵਾਂ, ਵਿਚੋਂ ਸੋਹਣੀਆਂ ਐਕਟ੍ਰੈਸਾਂ ਦੀਆਂ ਕਟਿੰਗ, ਰੰਗ-ਬਰੰਗੀਆਂ ਸੂਈਆਂ, ਕੰਘੀਆਂ, ਕਲਿੱਪ, ਚਿਹਰੇ ਨੂੰ ਨਿਖਾਰਨ ਵਾਲੀ ਮੇਕ-ਅੱਖ, ਪਰਾਂਦੀਆਂ, ਮਹਿੰਦੀ ਆਦਿ ਸਜਾ ਕੇ ਰੱਖ ਲਿਆ। ਉਸ ਨੂੰ ਜਦ ਵੀ ਫ਼ੁਰਸਤ ਮਿਲਦੀ, ਉਹ ਪੱਤ੍ਰਿਕਾਵਾਂ ਵਿਚੋਂ ਕੱਢੀਆਂ ਤਸਵੀਰਾਂ ਦੇ ਤਰ੍ਹਾਂ-ਤਰ੍ਹਾਂ ਦੇ ਪੋਜ਼ ਨੀਵੇਂ ਹੋ ਕੇ ਨੀਝ ਨਾਲ ਵੇਖਦੀ। ਕੁਝ ਸਮੇਂ ਤੋਂ ਪੰਜਾਬੀ ਅਖ਼ਬਾਰਾਂ ਦੀਆਂ ਕਹਾਣੀਆਂ ਪੜ੍ਹਨ ਦਾ ਵੀ ਭੁੱਸ ਪੈ ਗਿਆ ਸੀ। ਉਸ ਨੇ ਮਨ-ਭਾਉਂਦੀਆਂ ਕਹਾਣੀਆਂ ਆਪਣੇ ਬੈੱਡ ਦੀ ਚੱਦਰ ਹੇਠਾਂ ਲੁਕੋ ਛੱਡਣੀਆਂ ਤੇ ਮੌਕਾ ਤਾੜ ਕੇ ਪੜ੍ਹ ਲੈਣੀਆਂ।

ਮੇਰੀ ਕੋਸ਼ਿਸ਼ ਸੀ ਮੈਂ ਇਸਦੇ ਮਨ ਨੂੰ ਟਿਕਾਵਾਂ। ਉਣਨ, ਬੁਣਨ ਵਿਚ ਧਿਆਨ ਲੱਗ ਜਾਵੇ ਤਾਂ ਮਨ ਟਿਕ ਜਾਂਦਾ ਹੈ। ਸਿਰਹਾਣਿਆਂ ਲਈ ਚਿੱਟਾ ਲੱਠਾ, ਸੂਈ, ਫ਼ਰੇਮ ਤੇ ਵੱਖ-ਵੱਖ ਰੰਗਾਂ ਦੀਆਂ ਗੁੱਛੀਆਂ ਲੈਣ ਵੇਲੇ ਮੈਨੂੰ ਯਕੀਨ ਸੀ ਕਿ ਹੁਣ ਇਹ ਫੁੱਲ ਕੱਢਣ ਵਿਚ ਰੁੱਝ ਜਾਏਗੀ। ਉਸ ਨੇ ਕੰਮ ਸ਼ੁਰੂ ਕੀਤਾ। ਇਕ-ਇਕ ਸਿਰਹਾਣਾ ਦੋ ਦਿਨ ਵਿਚ ਕੱਢਿਆ ਜਾ ਸਕਦਾ ਸੀ ਪਰ ਉਹ ਲੌਬੀ ਵਿਚ ਪਏ ਦੀਵਾਨ ਉੱਤੇ ਲੱਤਾਂ ਵਿਛਾਅ ਕੇ ਸਾਹਮਣੇ ਪਏ ਟੀ.ਵੀ. ਵਲ ਵੇਖਦੀ ਰਹਿੰਦੀ ਤੇ ਕਦੇ ਕਦਾਈਂ ਕੋਈ ਤੋਪਾ ਪਾ ਛੱਡਦੀ।

ਉਸ ਨੇ ਅੱਠਵੀਂ ਪਾਸ ਤਾਂ ਕਰ ਲਈ ਪਰ ਅੰਗਰੇਜ਼ੀ, ਹਿਸਾਬ ਵਿਚ ਨਾ ਹੋਇਆਂ ਬਰਾਬਰ। ਮੈਂ ਕਹਿੰਦੀ, ਤੂੰ ਘਰ ਦਾ ਹਿਸਾਬ ਕਿਤਾਬ ਕਿਵੇਂ ਕਰਿਆ ਕਰੇਂਗੀ ? ਤੇ ਚਿੱਠੀ ਉੱਤੇ, ਜੇ ਦੂਰ ਨੇੜੇ ਪਾਉਣੀ ਹੋਈ ਤਾਂ ਅੰਗਰੇਜ਼ੀ ਵਿਚ ਪਤਾ ਕਿਵੇਂ ਲਿਖੇਂਗੀ ? ਅੱਜ ਕਲ੍ਹ ਕਈ-ਕਈ ਬਿੱਲ ਅੰਗਰੇਜ਼ੀ ਵਿਚ ਆ ਜਾਂਦੇ ਹਨ



Academy of the Punjab in North America: http://www.apnaorg.com

ਤੂੰ ਤਾਂ ਇਸ ਪਾਸਿਉਂ ਪੂਰੀ ਦੀ ਪੂਰੀ ਕੋਰੀ ਏਂ। ਚੱਲ ਹੁਣ ਵੀ ਘਰ ਕੁਝ ਅੰਗਰੇਜ਼ੀ ਪੜ੍ਹ ਲਿਆ ਕਰ। ਕੁਝ ਮੈਥ ਦਾ ਸਿੱਖ ਜਾ ਪਰ ਉਹ ਤਾਂ ਜਿਵੇਂ ਟੀ.ਵੀ. ਨਾਲ ਹੀ ਵਿਆਹੀ ਗਈ ਹੋਵੇ। ਜੇ ਅਸੀਂ ਘਰ ਨਾ ਹੁੰਦੇ ਤਾਂ ਉਸ ਨੂੰ ਮੌਜਾਂ, ਕਦੀ ਨਿੱਕੇ ਬੱਚੇ ਦੇ ਗਾਣਿਆਂ ਨਾਲ ਭੰਗੜਾ ਪਾਉਣ ਦੀ ਗੱਲ ਦੱਸ ਦਿੰਦੀ ਕਦੀ ਕੁਝ।

ਘੰਟੀ ਵੱਜਦੀ ਰਹਿੰਦੀ ਕਿੰਨਾ-ਕਿੰਨਾ ਚਿਰ ਬੂਹਾ ਨਾ ਖੁਲ੍ਹਦਾ। ਟੀ.ਵੀ. ਜੂ ਬੰਦ ਕਰਨਾ ਹੁੰਦਾ ਸੀ। ਇਕ-ਦੋ ਵੇਰਾਂ ਭੁਲੇਖੇ ਵਿਚ ਚੱਲਦਾ ਬੰਦ ਨਾ ਹੋਇਆ, ਅਸੀਂ ਅੰਦਰ ਆ ਗਏ। ਪਰ ਆਖੇ ਕੌਣ ? ਲੋੜ ਦਾ ਮੁੱਲ ਹੁੰਦਾ ਏ।

ਸਾਡੇ ਘਰ ਦੇ ਮੁਬਾਈਲ ਨੰਬਰ ਉਹਨੂੰ ਜ਼ਬਾਨੀ ਯਾਦ ਸਨ। ਮੈਂ ਉਹਦੇ ਕੋਲੋਂ ਨੰਬਰ ਪੁੱਛਦੀ ਜਾਂ ਨੰਬਰ ਉਸ ਕੋਲੋਂ ਡਾਇਲ ਕਰਵਾ ਕੇ ਜ਼ਰੂਰੀ ਫ਼ੋਨ ਕਰਦੀ ਜਦੋਂ ਉਹ ਡਬਲ ਫ਼ਾਈਵ ਟ੍ਰਿਪਲ ਸੈਵਨ ਕਰ-ਕਰ ਕੇ ਦੱਸਦੀ ਤਾਂ ਮੈਨੂੰ ਮਨ ਹੀ ਮਨ ਵਿਚ ਬੜੀ ਖਿੱਝ ਚੜ੍ਹਦੀ ਕਿ ਜ਼ਰੂਰੀ ਗੱਲ ਤੇ ਨਾ ਇਹ ਪੜ੍ਹਦੀ ਏ ਨਾ ਸਿੱਖਦੀ ਏ, ਨੰਬਰ ਇਹ ਬੜੀ ਨਜ਼ਾਕਤ ਨਾਲ ਬੋਲਦੀ ਏ।

ਸਾਡਾ ਪੁੱਤਰ ਉਸ ਦੀਆਂ ਇਹਨਾਂ ਹਰਕਤਾਂ ਕਾਰਣ ਉਸ ਨੂੰ ਕਹਿਰੀਆਂ ਅੱਖਾਂ ਨਾਲ ਵੇਖਦਾ ਪਰ ਉਹ ਇਹਨਾਂ ਸਾਰੀਆਂ ਗੱਲਾਂ ਨੂੰ ਹਊ-ਪਰੇ ਕਰ ਛੱਡਦੀ।

ਮੈਂ ਉਸ ਦੇ ਮਾਪਿਆਂ ਨਾਲ ਵੀ ਆਪਣੇ ਮਨ ਦੀ ਗੱਲ ਸਾਂਝੀ ਕੀਤੀ ਪਰ ਇਸ ਉਮਰ ਦੀਆਂ ਸਮੱਸਿਆਵਾਂ ਉਹਨਾਂ ਦੀ ਸਮਝ ਤੋਂ ਬਾਹਰ ਦੀ ਗੱਲ ਸੀ। ਹਰ ਹੀਲੇ ਸੋਚ-ਸਮਝ ਕੇ ਮੈਂ ਮਨੋਂ ਹਾਰ ਮੰਨ ਲਈ ਤੇ ਸਾਰੀ ਗੱਲ ਨੂੰ ਹਊ-ਪਰੇ ਕਰ ਦਿੱਤਾ।

ਲੰਮੇ ਸਮੇਂ ਪਿੱਛੋਂ ਹੁਣ ਕਿਉਂਕਿ ਮੈਂ ਚੱਤੇ-ਪਹਿਰ ਘਰ ਹੀ ਰਹਿਣਾ ਹੁੰਦਾ ਸੀ, ਮੈਨੂੰ ਉਸ ਦਾ ਮਚਲਾ ਜਿਹਾ ਵਿਹਾਰ ਚੁਭਣ ਲੱਗ ਪਿਆ। ਮੈਂ ਸੋਚਿਆ "ਮੈਂ ਇਸ ਦਾ ਇੰਨਾ ਭਲਾ ਕਰ ਰਹੀ ਹਾਂ, ਇਹ ਦਿਨ-ਬ-ਦਿਨ ਗ਼ੈਰ-ਜ਼ਿੰਮੇਵਾਰ ਹੁੰਦੀ ਜਾਂਦੀ ਹੈ। ਮੇਰੇ ਵਿਚ ਈਰਖਾ ਵੀ ਜਾਗ ਪਈ, ਅਸੀਂ ਸਾਰੀ ਉਮਰ ਮਿਹਨਤਾਂ ਕੀਤੀਆਂ। ਫਿਰ ਕੋਈ ਮਾੜੀ-ਮੋਟੀ ਚੱਜ ਦੀ ਥਾਂ ਰਹਿਣ ਨੂੰ ਮਿਲੀ। ਸਾਨੂੰ ਕੌਣ ਵੱਖਰੇ ਕਮਰੇ ਦਿੰਦਾ ਸੀ ? ਇਹ ਇਸੇ ਕਰਕੇ ਆਕੜ ਗਈ ਹੈ, ਇਸ ਨੂੰ ਵੱਖਰੇ ਕਮਰੇ ਵਿਚ ਜਿੱਦਾਂ ਜੀ ਕਰੇ ਖਿਲਾਰਾ ਪਾ ਦੇਵੇ, ਇਹਨੂੰ ਕੋਈ ਅੰਦਰ ਵੜ ਕੇ ਵੇਖੇ, ਰੋਕੇ ਨਾ ਤੇ ਇਹਦੀਆਂ ਪੌਂ-ਬਾਰਾਂ।" ਮੈਨੂੰ ਜਾਪਿਆ ਇਹ ਆਕੜ ਪੂਰਾ ਕਮਰਾ ਮਿਲਣ ਤੇ ਮੱਲਣ ਦੀ ਸਥਿਤੀ ਵਿਚੋਂ ਨਿਕਲੀ ਐ। ਮੈਂ ਮਨ ਹੀ ਮਨ ਵਿਚ ਕੁਝ ਸੋਚ ਲਿਆ।



Academy of the Punjab in North America: http://www.apnaorg.com

ਮੈਂ ਇਸ ਨੂੰ ਉਚਾਵਾਂ ਕਰਨ ਦਾ ਸੋਚ ਲਿਆ। ਮਹਿਸੂਸ ਤਾਂ ਮੈਨੂੰ ਹੋਇਆ ਪੱਕਾ ਟਿਕਾਣਾ ਜੋ ਆਪ ਹੀ ਦਿੱਤਾ ਸੀ, ਨੂੰ ਉਖੇੜਨ ਦੀ ਮਾੜੀ ਸੋਚ ਸੋਚ ਰਹੀ ਹਾਂ ਪਰ ਮੈਨੂੰ ਇਹ ਯਕੀਨ ਹੋ ਗਿਆ ਸੀ ਇਸ ਦੀ ਆਕੜ ਇਸੇ ਕਰਕੇ ਦਿਨ-ਬ-ਦਿਨ ਵਧ ਰਹੀ ਹੈ। ਜਦੋਂ ਜੀ ਕੀਤਾ ਉਥੇ ਜਾ ਕੇ ਸੁਸਤਾਅ ਲਿਆ, ਕਿੰਨਾ-ਕਿੰਨਾ ਚਿਰ ਅੰਦਰ ਵੜ ਕੇ ਬੈਠੇ ਰਹੇ, ਬਾਹਰ ਦੀ ਕੋਈ ਪਰਵਾਹ ਨਹੀਂ ਹਵਾ ਜਾਵੇ, ਹਨੇਰੀ ਆਵੇ, ਉਹਨੂੰ ਕੀ, ਕੰਮ ਪੈਣ ਢੱਠੇ ਖੂਹ ਵਿਚ।

ਇਹ ਕੰਮ ਮੈਂ ਸਫ਼ਾਈ ਦੇ ਬਹਾਨੇ ਕਰਨਾ ਸੀ। ਉਂਜ ਵੀ ਵਾਰੀ-ਵਾਰੀ ਕਮਰੇ ਦੋ-ਚੌਂਹ ਮਹੀਨਿਆਂ ਪਿੱਛੋਂ ਕਰੀਦੇ ਹਨ। ਐਤਕੀਂ ਅਗਾਂਹ-ਅਗਾਂਹ ਕਰਦਿਆਂ ਸਾਲ ਲੰਘ ਗਿਆ। ਕਦੀ ਅਤਿ ਦੀ ਗਰਮੀ, ਕਦੀ ਲੋਹੜੇ ਦੀ ਸਰਦੀ। ਕਦੇ ਕੋਈ ਕੰਮ, ਕਦੀ ਕੋਈ ਰੁਝੇਵਾਂ। ਅੱਜ ਮੈਂ ਸਾਰੀ ਸਫ਼ਾਈ ਕਰਨ ਦਾ ਮਨ ਬਣਾਇਆ ਸੀ। ਦਿਨ ਵੀ ਐਤਵਾਰ ਦਾ ਸੀ।

ਸਬੱਬੀਂ ਮਾਲੀ ਵੀ ਆ ਨਿਕਲਿਆ। ਉਂਜ ਤਾਂ ਐਤਵਾਰ ਨੂੰ ਉਸ ਦੀ ਪੱਕੀ ਛੁੱਟੀ ਹੁੰਦੀ ਹੈ। ਪਰ ਮਹੀਨੇ ਦੀਆਂ ਆਖ਼ਰੀ ਤਰੀਕਾਂ ਵਿਚ ਉਹ ਆਨੇ-ਬਹਾਨੇ ਆ ਬਹੁੜਦਾ ਹੁੰਦਾ ਹੈ। ਇਹਨਾਂ ਦਿਨਾਂ ਵਿਚ ਉਹ ਖ਼ਰਚ-ਪੱਠੇ ਤੋਂ ਕੁਝ ਵਧੇਰੇ ਹੀ ਤੰਗ ਹੋ ਜਾਂਦਾ ਹੈ ਤੇ ਦਿਹਾੜੀ ਵਿਚ ਦੋ-ਦੋ, ਚਾਰ-ਚਾਰ ਫੇਰੇ ਮਾਰੀ ਜਾਊ। ਪਤਾ ਮੈਨੂੰ ਵੀ ਹੁੰਦਾ ਹੈ ਪਰ ਮੈਂ ਕੁਝ ਨਹੀਂ ਕਹਿੰਦੀ। ਜਦੋਂ ਥੋੜ੍ਹਾ ਜਿਹਾ ਕੰਮ ਕਰ ਲਊ ਫਿਰ ਹੌਲੀ ਜਿਹੀ ਝਿਜਕਦਾ-ਝਿਜਕਦਾ ਕਹਿ ਦਊ, "ਤੀਨ ਸੌ ਰੁਪੈ ਐਡਵਾਂਸ ਦੇ ਦੋ, ਗੈਸ ਖ਼ਤਮ ਹੈ।"

ਮੈਂ ਉਸ ਨੂੰ ਕਮਰੇ ਦੀ ਸਫ਼ਾਈ ਵੱਲ ਲਾ ਦਿੱਤਾ। ਅੰਦਰ ਵੜ੍ਹ ਕੇ ਮੈਨੂੰ ਲੱਗਾ ਇਹ ਤਾਂ ਇਕ ਵਧੀਆ ਗੈਸਟ ਰੂਮ ਬਣ ਸਕਦਾ ਹੈ। ਇਹਨੂੰ ਕਮਲੀ ਨੂੰ ਦੇਈ ਰੱਖਿਆ। ਇਹਨੇ ਕੀ ਮੁੱਲ ਪਾਇਆ, ਸਗੋਂ ਵਿਗੜ ਗਈ। ਦੋ ਵੱਡੇ-ਵੱਡੇ ਲੋਹੇ ਦੇ ਟਰੰਕ ਕਢਵਾਏ, ਜੋ ਹੁਣ ਆਊਟ-ਡੇਟਿਡ ਹੋ ਗਏ ਸਨ। ਇਕ ਛੋਟਾ ਮੇਜ਼ ਤੇ ਦੋ-ਤਿੰਨ ਵਾਧੂ ਕੁਰਸੀਆਂ ਸਨ। ਵਾਰੀ-ਵਾਰੀ ਸਾਰਾ ਸਮਾਨ ਕਢਵਾ ਦਿੱਤਾ। ਝਾੜਿਆ-ਝੰਬਿਆ, ਕਮਰੇ ਦੀ ਹੁਣ ਦਿੱਖ ਹੀ ਬਦਲ ਗਈ ਸੀ। ਮੈਂ ਮਨ ਹੀ ਮਨ ਵਿਚ ਖ਼ੁਸ਼ ਸਾਂ ਕਿ ਸਵਾਂਤੀ ਹੁਣ ਬੰਦਾ ਬਣੂ। ਕਿੱਦਾਂ ਪੂਰਾ ਕਮਰਾ ਮੱਲ ਕੇ ਬੈਠੀ ਸੀ। ਦਿਨ-ਬ-ਦਿਨ ਵਿਗੜਦੀ ਗਈ। ਇਹਨੇ ਪਿਆਰ ਦਾ ਮੁੱਲ ਨਹੀਂ ਪਾਇਆ।

ਕਮਰੇ ਵਿਚਲੀ ਸ਼ੈਲਫ਼ ਦੇ ਇਕ ਖ਼ਾਨੇ ਵਿਚ, ਵਿਆਹਾਂ ਦੇ ਕਾਰਡਾਂ ਤੋਂ ਕੱਟੇ ਏਕਮਕਾਰ ਤੇ ਸਵਾਸਤਿਕ ਦੇ ਪਵਿੱਤਰ ਅੱਖਰ ਤੇ ਚਿੰਨ੍ਹ ਜੋ ਇਕ



Academy of the Punjab in North America: http://www.apnaorg.com

ਜੱਦੀ-ਪੁਸ਼ਤੀ ਲੱਕੜੀ ਦੀ ਸੰਦੂਕੜੀ ਵਿਚ ਸਨ, ਮੈਂ ਇਹ ਇਹਨੂੰ ਆਪ ਹੀ ਦਿੱਤੇ ਸਨ, ਚੁੱਕ ਕੇ ਸੁਰੱਖਿਅਤ ਅਤੇ ਸਵੱਛ ਥਾਂ ਉੱਤੇ ਟਿਕਾਅ ਦਿੱਤੇ।

ਸਵਾਂਤੀ ਲੌਬੀ ਵਿਚ ਅਣਮੰਨੇ ਜਿਹੇ ਮਨ ਨਾਲ ਘਰ ਦੇ ਕੱਪੜੇ ਜੋੜਦੀ ਇਧਰ ਉਧਰ ਵੇਖ ਰਹੀ ਸੀ। ਕਮਰੇ ਦੇ ਬਾਹਰ ਖਲੋ ਕੇ ਕਹਿਣ ਲੱਗੀ, "ਆਂਟੀ, ਮੇਰੇ ਕੱਪੜੇ ਖਿਲਾਰ ਦਿੱਤੇ ਆ। ਟਰੰਕ ਵੀ ਚੁਕਾਅ ਲਿਆ, ਹੁਣ ਮੈਂ ਕਿੱਥੇ ਸਾਂਭਾਂਗੀ ? ਮੇਰੀਆਂ ਚੱਪਲਾਂ ਸੈਂਡਲ ਸਭ ਖਿੱਲਰੀਆਂ ਪਈਆਂ। ਮੈਂ ਸਾਰਾ ਕੁਝ ਕਿੱਥੇ ਰੱਖਾਂਗੀ, ਮੈਨੂੰ ਪੁੱਛ ਤੇ ਲੈਂਦੇ ?"

"ਸਵਾਂਤੀ, ਮੈਨੂੰ ਤੇਰੀਆਂ ਚੀਜ਼ਾਂ ਦਾ ਫ਼ਿਕਰ ਹੈ, ਕੁਝ ਆਪਣੇ ਕਮਰੇ ਦੀਆਂ ਹੇਠਲੀਆਂ ਅਲਮਾਰੀਆਂ ਵਿਚ ਰਖਾ ਦਿਆਂਗੀ। ਕੱਪੜੇ ਦੋ-ਚਾਰ ਸੂਟ ਰੱਖ। ਇਕ-ਦੋ ਬਾਹਰ ਪਾਉਣ ਵਾਲੇ, ਬਾਕੀ ਆਪਣੀ ਭੈਣ ਲਈ ਪਿੰਡ ਭੇਜ ਦੇਵੀਂ। ਬਹੁਤੇ ਕੀ ਕਰਨੇ। ਸ਼ੂਜ਼ ਬੋਰੀ ਵਿਚ ਪਾ ਕੇ ਉਪਰ ਸਟੋਰ ਵਿਚ ਰੱਖ ਦੇ। ਸਿਆਲ ਦੇ ਕੱਪੜੇ ਵੀ ਉਥੇ ਰੱਖ ਲਾ।"

"ਆਂਟੀ, ਮੇਰੇ ਸਵੈਟਰ, ਇਥੇ ਟਰੰਕੀ ਵਿਚ ਪਏ ਸੀ। ਸ਼ਾਲਾਂ ਸੀ ਜਿਹੜੀਆਂ ਤੁਸੀਂ ਮੈਨੂੰ ਲੈ ਕੇ ਦਿੱਤੀਆਂ। ਸਾਰੀਆਂ ਟੁੱਕੀਆਂ ਜਾਣੀਆਂ। ਮੈਂ ਸੌਂਇਆ ਕਿਥੇ ਕਰੂੰਗੀ ?" ਮੇਰੇ ਕਹਿਣ 'ਤੇ ਲੌਬੀ ਵਿਚ ਥੋੜ੍ਹੀ ਥਾਂ ਆ, ਰਾਤ ਨੂੰ ਮੰਜਾ ਡਾਹ ਲਿਆ, ਸਵੇਰੇ ਚੁੱਕ ਲਿਆ। ਉਹ ਲੌਬੀ ਵਿਚ ਜਾ ਕੇ ਚੁੱਪ ਖਲੋਅ ਗਈ। ਮੈਂ ਵੇਖਿਆ ਕੁਝ ਸੋਚ ਰਹੀ ਸੀ। ਮੈਂ ਕਿਹਾ, "ਸਵਾਂਤੀ, ਮੈਂ ਤੇਰੀਆਂ ਚੀਜ਼ਾਂ ਲਈ ਥਾਂ ਦਿਆਂਗੀ। ਮੈਨੂੰ ਧਿਆਨ ਹੈ। ਤੂੰ ਵੀ ਦਿਨ-ਬ-ਦਿਨ ਲਾਪਰਵਾਹ ਹੁੰਦੀ ਜਾਂਦੀ ਸੈਂ। ਵੇਖ, ਕੱਪੜਿਆਂ ਵਿਚੋਂ ਕਿੱਦਾਂ ਅਲਕਾਣ ਜਿਹੀ ਆਉਂਦੀ ਹੈ। ਜਾਹ, ਪਹਿਲਾਂ ਜਾ ਕੇ ਧੁੱਪ ਵਿਚ ਖਿਲਾਰ।"

ਸਵਾਂਤੀ ਭੁਅੰਤਰੀ ਜਿਹੀ ਸੀ। ਮੇਰੇ ਸਾਹਮਣੇ ਆ ਕੇ ਉਸ ਨੇ ਇਕ ਟੱਕ ਅੱਖਾਂ ਨਾਲ ਮੇਰੇ ਵੱਲ ਜਦ ਵੇਖਿਆ ਮੈਨੂੰ ਕੁਝ ਧੱਕਾ ਜਿਹਾ ਲੱਗਾ। ਉਸ ਦੀਆਂ ਅੱਖਾਂ ਨਮ ਸਨ। ਚਿਹਰਾ ਮੁਰਝਾਇਆ ਸੀ। ਬੇਬਸੀ ਦੀ ਸੋਚ ਉਸ ਦੀਆਂ ਅੱਖਾਂ ਵਿਚ ਤੈਰ ਰਹੀ ਸੀ। ਉਹ ਮੁੜ ਜਾ ਕੇ ਚੁੱਪ ਕਰ ਕੇ ਘਰ ਦੇ ਕੱਪੜੇ ਜੋੜਨ ਲੱਗ ਪਈ, ਪਰ ਨਾਲ ਹੀ ਰੋ ਰਹੀ ਸੀ।

ਮਾਲੀ ਨੇ ਕਮਰੇ ਵਿਚਲੀ ਹੋਰ ਚੁੱਕ-ਰੱਖ ਬਾਰੇ ਪੁੱਛਿਆ, ਮੈਂ ਉਸ ਨੂੰ ਕੱਲ੍ਹ ਤਕ ਅਗਾਂਹ ਪਾਉਣ ਲਈ ਕਿਹਾ ਤੇ ਦੱਸਿਆ, "ਮੈਂ ਬਹੁਤ ਥੱਕ ਗਈ ਆਂ। ਹੁਣ ਕੰਮ ਨਹੀਂ ਕਰਨਾ, ਬੰਦ ਕਰ ਦੇ।"



Academy of the Punjab in North America: http://www.apnaorg.com

ਉਸ ਦੇ ਮੁੜ ਪੁੱਛਣ 'ਤੇ ਕਿ ਕੀ ਉਹ ਸ਼ਾਮ ਨੂੰ ਆ ਜਾਵੇ, ਮੈਂ ਕੋਈ ਉੱਤਰ ਨਾ ਦਿੱਤਾ। ਉਹ ਖੜ੍ਹਾ ਮੇਰੇ ਵੱਲ ਵੇਖ ਰਿਹਾ ਸੀ। ਮੈਂ ਕਿਹਾ, "ਕਾਹਲੀ ਕਾਹਦੀ ਹੈ? ਕਰ ਲਵਾਂਗੇ ਕਿਸੇ ਵੇਲੇ ਖ਼ਾਲੀ।"

ਉਸ ਨੂੰ ਸਮਝ ਨਾ ਲੱਗੀ। ਉਸ ਦੀ ਆਪਣੀ ਵੀ ਖ਼ਰਚੋਂ ਟੁੱਟੇ ਹੋਣ ਦੀ ਲੋੜ ਸੀ। ਮੁੜ ਪੁੱਛਣ ਲੱਗਾ, "ਅਗਲੇ ਐਤਵਾਰ ਆ ਜਾਊਂ?"

ਮੈਂ ਉਦਾਸ ਮਨ ਨਾਲ ਕਿਹਾ, "ਮੈਂ ਤੈਨੂੰ ਆਪ ਦੱਸਾਂਗੀ। ਕਮਰਾ ਕਿਤੇ ਭੱਜਾ ਨਹੀਂ ਜਾਂਦਾ। ਸੋਚ ਲਵਾਂਗੇ।"

"ਬੀਬੀ ਜੀ! ਆਪ ਬਤਾਅ ਦੇਂ ਫਿਰ ਕਬ ਆਊਂ? ਕਿਸੀ ਔਰ ਕਾ ਕਾਮ ਕਰਨਾ ਹੋਤਾ ਹੈ।'

"ਰਾਮ! ਤੈਨੂੰ ਸਮਝ ਕਿਉਂ ਨਹੀਂ ਲੱਗਦੀ। ਕਿਸੇ ਹੋਰ ਕਾ ਕੰਮ ਕਰ ਲਾ, ਇਹ ਅਜੇ ਨਹੀਂ ਕਰਨਾ।"



Academy of the Punjab in North America: http://www.apnaorg.com

# ਫੁੱਲ

"ਨਾ ਮੇਰਾ ਬੀਬਾ ਵੀਰ, ਫੁੱਲ ਨਹੀਂ ਤੋੜੀਦਾ, ਇਹਨਾਂ ਵਿਚ ਵੀ ਜਾਨ ਹੁੰਦੀ ਹੈ।" ਸੀਮਾ ਨੇ ਨੰਨ੍ਹੇ ਰੋਹਿਤ ਨੂੰ ਝਿੜਕ ਕੇ ਖਿੱਚ ਕੇ ਪਰ੍ਹੇ ਹਟਾਉਂਦਿਆਂ ਕਿਹਾ। ਭਾਵੇਂ ਉਸ ਨੂੰ ਅੰਦਰੋਂ ਮਾਲਕਣ ਦਾ ਡਰ ਖਾਂਦਾ ਸੀ।

"ਦੀਦੀ, ਇਕ ਵਾਰੀ ਵੇਖ ਲੈਣ ਦੇ, ਮੈਂ ਤੋੜਦਾ ਨਹੀਂ, ਮੈਨੂੰ ਬੜੇ ਪਿਆਰੇ ਲੱਗਦੇ ਨੇ।" ਰੋਹਿਤ ਨੇ ਆਪਣੀ ਨਿੱਕੀ ਜਿਹੀ ਬਾਂਹ ਗੁਲਾਬ ਦੇ ਬੂਟੇ ਨੇੜੇ ਕਰਦਿਆਂ ਸੀਮਾਂ ਵੱਲ ਵੇਖਦਿਆਂ ਕਿਹਾ।

"ਨਾ, ਨਾ, ਮੈਂ ਤੇਰੀ ਘਰ ਜਾ ਕੇ ਖ਼ੂਬ ਪਿਟਾਈ ਕਰਨੀ ਏ, ਨਾਲੇ ਅੰਮਾਂ ਤੋਂ ਵੀ ਦਰੁਸਤ ਕਰਵਾਵਾਂਗੀ, ਤੂੰ ਮੇਰੇ ਆਖੇ ਨਹੀਂ ਲੱਗਦਾ। ਮਾਲਕਣ ਅੰਦਰੋਂ ਆਈ ਤਾਂ ਤੈਨੂੰ ਬੁਰੀ ਤਰ੍ਹਾਂ ਡਾਂਟੇਗੀ ਤੇ ਮੈਨੂੰ ਵੀ ਝਿੜਕੇਗੀ। ਹੋ ਸਕਦਾ ਕਿਸੇ ਵੇਲੇ ਕੰਮ ਤੋਂ ਵੀ ਜਵਾਬ ਦੇ ਦੇਵੇ, ਕਲ੍ਹ ਤੋਂ ਤੂੰ ਮੇਰੇ ਨਾਲ ਬਿਲਕੁਲ ਨਹੀਂ ਆਉਣਾ, ਘਰ ਬੈਠ ਕੇ ਆਪਣੇ ਸਕੂਲ ਦਾ ਕੰਮ ਕਰਿਆ ਕਰ। ਮਾਸਟਰ ਜੀ ਨੇ ਤੈਨੂੰ ਸਕੂਲ ਤੋਂ ਹਟਾਉਣ ਦਾ ਬਹਾਨਾ ਬਣਾ ਲੈਣਾ ਹੈ। ਅੰਦਰੋਂ ਤਾਂ ਉਸ ਨੂੰ ਚਿੜ ਸੀ ਕਿ ਅੰਮਾ ਨੇ ਗਵਾਂਢਣ ਨੂੰ ਨਾਲ ਖੜ ਕੇ ਫ਼ੀਸ ਦੀ ਮੁਆਫ਼ੀ ਕਿਉਂ ਕਰਾਈ ਸੀ ?" ਇਹ ਆਖ਼ਰੀ ਗੱਲ ਸੀਮਾ ਆਪਣੇ ਮੂੰਹ ਵਿਚ ਹੀ ਹੌਲੀ ਕਰ ਗਈ। ਉਸ ਨੂੰ ਪਤਾ ਸੀ ਰੋਹਿਤ ਬਹੁਤ ਭੋਲਾ ਹੈ ਤੇ ਅਜੇ ਉਸ ਦੀ ਉਮਰ ਇਹਨਾਂ ਗੱਲਾਂ ਨੂੰ ਸਮਝਣ ਦੀ ਨਹੀਂ। ਇਸ ਲਈ ਉਸ ਨੂੰ ਇਹਨਾਂ ਮਾਮਲਿਆਂ ਤੋਂ ਦੂਰ ਹੀ ਰੱਖਿਆ ਜਾਵੇ। ਉਹ ਬਾਹਰੋਂ ਥਾਂ ਸਾਫ਼ ਕਰਨ ਲੱਗ ਪਈ।

ਰੋਹਿਤ ਦਾ ਚਿਹਰਾ ਲਟਕਿਆ ਵੇਖ ਕੇ ਸੀਮਾ ਨੇ ਉਸ ਨੂੰ ਜ਼ੋਰ ਦੀ ਬਾਂਹ ਤੋਂ ਖਿੱਚ ਕੇ ਦਰਵਾਜ਼ੇ ਵੱਲ ਧੱਕਿਆ ਤਾਂ ਜੋ ਮਾਲਕਣ ਭੈਣ-ਭਰਾ ਦੋਵਾਂ ਨੂੰ ਗੁੱਸੇ ਨਾਲ ਝਿੜਕਣ ਨਾ ਲੱਗ ਪਵੇ, ਪਰ ਰੋਹਿਤ ਨਿੱਕੇ-ਨਿੱਕੇ ਪੈਰ ਘੜੀਸਦਾ ਕੰਧ ਨਾਲ ਲੱਗ ਕੇ ਰੋਣ ਲੱਗ ਪਿਆ।

"ਕੌਣ ਏ ਸੀਮਾ, ਤੂੰ ਅਜੇ ਗਈ ਨਹੀਂ ? ਕਦੋਂ ਦੀ ਘੁਸਰ-ਮੁਸਰ ਹੋ ਰਹੀ ਏ। ਕੀਹਦੇ ਨਾਲ ਗੱਲਾਂ ਕਰਨ ਡਹੀ ਏਂ ? ਮੈਂ ਆਰਾਮ ਕਰਨਾ ਹੁੰਦਾ ਏ, ਰੱਬ



Academy of the Punjab in North America: http://www.apnaorg.com

ਸੁੱਖ ਆਰਾਮ ਦਿੰਦਾ ਏ, ਇਹ ਲੋਕ ਵਿਚੇ ਸ਼ੋਰ ਪਾ ਕੇ ਡਿਸਟਰਬ ਕਰ ਦਿੰਦੇ ਨੇ। ਆਪਣੇ ਭਰਾ ਨੂੰ ਨਾਲ ਨਾ ਲਿਆਇਆ ਕਰ। ਕਮਬਖ਼ਤ ਕਦੋਂ ਦਾ ਰੂੰ-ਰੂੰ ਕਰਨ ਡਿਹਾ ਹੈ, ਜਾ ਲੈ ਜਾ ਇਹਨੂੰ। ਅੱਗੇ ਤੋਂ ਇਹੋ ਜਿਹੀ ਸ਼ਿਕਾਇਤ ਹੋਈ ਤਾਂ ਮੈਂ ਤੈਨੂੰ ਕੰਮ ਤੋਂ ਜਵਾਬ ਦੇ ਦਿਆਂਗੀ। ਤੂੰ ਕੰਮ ਚੰਗਾ ਕਰਦੀ ਏਂ, ਵਾਧੂ ਕੰਮ ਵੀ ਕਰ ਦਿੰਦੀ ਏਂ, ਅੱਗੋਂ ਜਵਾਬ ਨਹੀਂ ਦਿੰਦੀ, ਨਹੀਂ ਤਾਂ ਮੈਂ ਕਦੇ ਦੀ ਛੁੱਟੀ ਕਰ ਦਿੱਤੀ ਹੋਣੀ ਸੀ।"

ਮਨ ਵਿਚ ਕਹਿਣ ਲੱਗੀ, "ਜੇ ਕੰਮ ਤਸੱਲੀ ਵਾਲਾ ਹੋਵੇ ਤਾਂ ਨੌਕਰ ਦੋ ਸਾਲ ਰਹਿ ਵੀ ਜਾਵੇ ਕੀ ਫ਼ਰਕ ਪੈਂਦਾ ਹੈ, ਅਜੇ ਇਸ ਨੂੰ ਲੱਗੀ ਨੂੰ ਹੋਇਆ ਵੀ ਇਕ ਸਾਲ ਹੀ ਹੈ। ਆਹ ਭਰਾ ਵਾਲੀ ਮੁਸੀਬਤ ਹੈ। ਹਰ ਪੰਜਵੇਂ-ਛੇਵੇਂ ਦਿਨ ਇਹਦੇ ਨਾਲ ਲਮਕਿਆ ਆਉਂਦਾ ਹੈ।"

"ਸੀਮਾ, ਅੱਜ ਇਹਨੂੰ ਘਰ ਜਾ ਕੇ ਚੰਗੀ ਤਰ੍ਹਾਂ ਡਾਂਟੀ, ਮੁੜ ਕੇ ਜੁਰਅੱਤ ਹੀ ਨਾ ਕਰੇ ਆਉਣ ਦੀ। ਜੇ ਫੇਰ ਵੀ ਆ ਟਪਕੇ ਤਾਂ ਬਾਹਰ ਦੂਰ ਬਿਠਾ ਆਇਆ ਕਰ, ਅੰਦਰ ਨਾ ਵਾੜੀਂ, ਸੁਣ ਲਾ ਕੰਨ ਕਰ ਕੇ।" ਕਹਿੰਦਿਆਂ ਮਾਲਕਣ ਨੇ ਜ਼ੋਰ ਨਾਲ ਲੋਹੇ ਦੇ ਗੇਟ ਨੂੰ ਬੰਦ ਕਰ ਕੇ ਕੁੰਡਾ ਲਾਇਆ ਤੇ ਅੰਦਰੋਂ ਸੜਦੀ ਭੁੱਜਦੀ ਕਮਰੇ ਵਿਚ ਵੜ ਕੇ ਸੋਫ਼ੇ 'ਤੇ ਜਾ ਡਿੱਗੀ।

ਮੁੜ ਉਤਾਂਹ ਹੋ ਕੇ ਆਵਾਜ਼ਾਂ ਦੇਣ ਲੱਗੀ, "ਛੋਟੂ, ਛੋਟੂ, ਮੈਨੂੰ ਪਾਣੀ ਪਿਲਾ। ਸਿਰ ਚਕਰਾ ਗਿਆ। ਆਵਾਜ਼ ਨਹੀਂ ਦਿੰਦਾ। ਇਹ ਵੀ ਬੜਾ ਮਚਲਾ ਏ, ਢੀਠ ਕਿਸੇ ਥਾਂ ਦਾ।"

ਮੁੜ ਸੋਚ ਕੇ, ਉਹ ਤਾਂ ਸੱਚ ਸਬਜ਼ੀ ਲੈਣ ਗਿਆ ਸੀ, ਪਰ ਅਜੇ ਤਕ ਮੁੜਿਆ ਕਿਉਂ ਨਹੀਂ, ਇਹਨਾਂ ਲੋਕਾਂ ਨੇ ਸਤਾਅ ਮਾਰਿਆ, ਘਰ ਮੱਚਕੇ ਮੱਚਕੇ ਪੈਰ ਘਸਾਉਂਦੇ ਰਹਿੰਦੇ ਨੇ ਜੇ ਬਾਜ਼ਾਰ ਘੱਲ ਦਿਉ ਤਾਂ ਵਾਪਸ ਆਉਣ ਦਾ ਨਾਂ ਨਹੀਂ ਲੈਣਾ। ਮਿਲ ਗਏ ਹੋਣਗੇ ਆਪਣੇ ਵਰਗੇ ਨਿਕੰਮੇ ਯਾਰ ਬੇਲੀ, ਘਰ ਆ ਕੇ ਨਵੀਂ ਕਹਾਣੀ ਘੜ ਕੇ ਸੁਣਾ ਦਊ, ਸਾਈਕਲ ਪੰਕਚਰ ਹੋ ਗਈ ਸੀ, ਇਹ ਹੋ ਗਿਆ, ਆਹ ਹੋ ਗਿਆ। ਇਹਨਾਂ ਲੋਕਾਂ ਨੂੰ ਬਹਾਨੇਬਾਜ਼ੀ ਕਰਨੀ ਵਾਹਵਾ ਆਉਂਦੀ ਏ, ਜੀ ਤੰਗ ਆ ਜਾਂਦਾ ਪਰ ਇਕ ਛੱਡ ਕੇ ਦੂਜਾ ਵੇਖ ਲਉ, ਸਭ ਇਕ ਦੂਸਰੇ ਤੋਂ ਵੱਧ ਨੇ, ਆਹ ਕੁੜੀ ਕੰਮ ਚੰਗਾ ਕਰਦੀ ਆ ਪਰ ਇਹਦੇ ਨਾਲ ਭਰਾ ਦਾ ਸਿਆਪਾ।

"ਬੰਦਾ ਆਪਣੇ ਬੱਚਿਆਂ ਨੂੰ ਕਿੱਦਾਂ ਸਾਰਾ ਦਿਨ ਅੰਦਰ ਵਾੜ ਛੱਡੇ। ਜੇ ਉਹ ਲਾਅਨ ਵਿਚ ਖੇਡਣ ਆਉਣ ਤਾਂ ਇਹਨਾਂ ਲੋਕਾਂ ਵੱਲ ਵੇਖ ਕੇ ਬੁਰੀਆਂ ਆਦਤਾਂ ਸਿੱਖਣਗੇ—ਹੋਰ ਕੀ—ਮਿਸਿਜ਼ ਪਾਹਵਾ ਠੀਕ ਕਹਿੰਦੀ ਸੀ, ਇਹਨਾਂ ਨੌਕਰਾਂ ਨੂੰ ਜਿੰਨਾ ਖਿੱਚ ਕੇ ਰੱਖੋ, ਉਨਾ ਹੀ ਚੰਗਾ, ਢਿੱਲ ਕੀਤਿਆਂ ਸਿਰ 'ਤੇ



Academy of the Punjab in North America: http://www.apnaorg.com

ਚੜ੍ਹ ਜਾਂਦੇ ਨੇ। ਫੇਰ ਤੁਸੀਂ ਇਹਨਾਂ ਦੇ ਨੌਕਰ। ਛੋਟੂ ਜਿੱਦਣ ਜੀਅ ਕਰੇ ਉੱਤੇ ਥੱਲੇ ਕੰਮ ਕਰਦਾ ਮੀਸਣਾ ਜਿਹਾ ਮੂੰਹ ਬਣਾ ਕੇ ਕਹਿ ਦਊ, "ਬੀਬੀ ਜੀ ਅੱਜ ਠੰਢ ਬੜੀ ਲੱਗਦੀ ਏ, ਚਾਹ ਦਾ ਕੱਪ ਦੇ ਦਿਉਗੇ ? ਦੱਸੋ ਭਈ ਅਸੀਂ ਇਹਨਾਂ ਦੇ ਨੌਕਰ ਕਿ ਇਹ ?"

"ਇਹ ਕੁੜੀ ਚੰਗਾ ਕੰਮ ਕਰਦੀ ਹੈ ਪਰ ਜਿੱਦਣ ਇਹ ਆਪਣੇ ਭਰਾ ਨੂੰ ਨਾਲ ਲੈ ਆਵੇ, ਮੇਰਾ ਐਡਾ ਜੀਅ ਕਾਹਲਾ ਪੈਂਦਾ, ਮੈਨੂੰ ਕਚੀਚੀਆਂ ਆਉਂਦੀਆਂ ਕਿ ਇਹ ਛੇਤੀ ਕੰਮ ਮੁਕਾਵੇ ਤੇ ਜਾਵੇ। ਛੋਟੂ ਆ ਗਿਆ ਜਾਪਦਾ ਹੈ। ਗੇਟ 'ਤੇ ਆਵਾਜ਼ ਆਈ ਹੈ, ਸ਼ੁਕਰ ਆ ਕਿਤੇ ਮੁੜ ਆਇਆ। ਨਿਕੰਮਾ ਕਿਸੇ ਥਾਂ ਦਾ, ਹੁਣ ਕੋਈ ਨਵੀਂ ਤੋਂ ਨਵੀਂ ਕਹਾਣੀ ਬਣਾ ਕੇ ਦੱਸੇਗਾ।"

ਉੱਚੀ ਬੋਲ ਕੇ, "ਮਰਨ ਪਰੇ। ਇਹ ਜੀਣਾ ਹਰਾਮ ਕਰ ਦਿੰਦੇ ਨੇ। ਕਿਤੇ ਘੜੀ ਨਹੀਂ ਆਰਾਮ ਕਰ ਸਕੀਦਾ। ਉਸ ਦਿਨ ਮੇਰੀ ਸੀਰੀਅਲ ਦੀ ਇਕ ਕਿਸ਼ਤ ਇਹਨਾਂ ਦੇ ਸਿਆਪਿਆਂ ਵਿਚ ਮਿੱਸ ਹੋ ਗਈ ਸੀ।

"ਛੋਟੂ, ਅੰਦਰ ਨਹੀਂ ਆਇਆ, ਆਵਾਜ਼ ਆਈ ਸੀ, ਗੇਟ ਕੀਹਨੇ ਖੋਲ੍ਹਿਆ ? ਮਰ ਜਾਣਾ ਬਾਹਰ ਨਾਲ ਦਿਆਂ ਦੇ ਮੁੰਡੂ ਨਾਲ ਕਹਾਣੀਆਂ ਪਾਉਣ ਲੱਗ ਪਿਆ ਹੋਣਾ। ਇਹੋ ਜਿਹੇ ਸੌ ਸਿੜੀ ਸਿਆਪੇ, ਆਵੇ ਅੱਜ ਅੰਦਰ, ਮੈਂ ਇਹਨੂੰ ਘਰ ਦਾ ਰਾਹ ਨਾ ਵਿਖਾ ਦਿੱਤਾ ਤੇ ਜਾਣੇ।"

"ਬੀਬੀ ਜੀ, ਬੀਬੀ ਜੀ, ਬਾਹਰ ਕੋਈ ਆਇਆ ਏ।"

"ਇਹ ਸੀਮਾ ਦੀ ਆਵਾਜ਼ ਏ। ਰੁੜ੍ਹ ਜਾਣੀ ਅਜੇ ਗਈ ਨਹੀਂ ਜਾਪਦੀ। ਮੈਂ ਲੌਬੀ ਦਾ ਗੇਟ ਬੰਦ ਕਰ ਆਈ ਸਾਂ। ਹੁਣ ਤਕ ਤਾਂ ਬਾਹਰ ਦੀ ਸਫ਼ਾਈ ਹੋ ਜਾਣੀ ਚਾਹੀਦੀ ਸੀ।

"ਕਿਹੜੇ ਫੁੱਲ ਬੂਟੇ ਪਾਉਣ ਡਹਿ ਪਈ ਏਂ ? ਵੇਖਾਂ ਕੌਣ ਆ ? ਕੀਹਦੇ ਨਾਲ ਗਿਟਮਿਟ ਕਰ ਰਹੀ ਹੈ। ਰੁੜ੍ਹ ਜਾਣਾ ਭਰਾ ਵੀ ਨਹੀਂ ਹਿੱਲਣ ਦਾ ਨਾਂ ਲੈਂਦਾ ਹੋਣਾ। ਕਲ੍ਹ ਤੋਂ ਮੈਂ ਇਸ ਦੀ ਛੁੱਟੀ ਕਰ ਦੇਣੀ ਆ, ਆਪੇ ਕੋਈ ਹੋਰ ਮਿਲ ਜਾਊ।"

ਸੀਮਾ ਨੇ ਮਾਲਕਣ ਨੂੰ, ਜੋ ਲੌਬੀ ਦੇ ਬੰਦ ਦਰਵਾਜ਼ੇ ਦੇ ਅਜੇ ਅੰਦਰ ਖੜ੍ਹੀ ਸੀ, ਆਵਾਜ਼ ਦੇ ਕੇ ਕਿਹਾ, "ਬੀਬੀ ਜੀ, ਮੈਂ ਜਾ ਰਹੀ ਆਂ, ਬਾਹਰ ਕੋਈ ਤੁਹਾਨੂੰ ਮਿਲਣ ਆਇਆ ਹੈ, ਤੁਹਾਡੇ ਬਾਰੇ ਪੁੱਛਦਾ ਹੈ।"

"ਤੂੰ ਅਜੇ ਗਈ ਨਹੀਂ, ਕੀਹਦੇ ਨਾਲ ਗੱਲਾਂ ਕਰਨ ਡਹੀ ਏਂ ?"

ਸੀਮਾ ਨੇ ਅੱਗੇ ਹੋ ਕੇ ਲੌਬੀ ਦੀ ਖਿੜਕੀ ਕੋਲ ਹੋ ਕੇ ਫਿਰ ਦੱਸਿਆ, "ਬਾਹਰ ਕੋਈ ਗੋਰਾ ਜਿਹਾ ਲੜਕਾ ਖੜਾ ਹੈ, ਤੇ ਉਹ ਫੁੱਲ ਮੰਗਦਾ ਹੈ, ਕਹਿੰਦਾ ਹੈ, ਬਾਊ ਜੀ ਨੇ ਭੇਜਿਆ ਹੈ, ਆਰਤੀ ਉਤਾਰਨੀ ਏ।"



Academy of the Punjab in North America: http://www.apnaorg.com

"ਓ.....ਹੋ, ਉਹ ਤਾਂ ਧਨ ਜੀਵ ਜੀ ਦਾ ਨੌਕਰ ਹੋਣਾ ਏ, ਸਾਡੇ ਪਿਛਲੇ ਪਾਸੇ ਕੋਠੀ ਵਿਚ ਰਹਿੰਦੇ ਨੇ, ਬੜੇ ਚੰਗੇ ਨੇ ਤੇ ਮਰ ਜਾਣੀਏ! ਤੂੰ ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ? ਫੁੱਲ ਆਪ ਤੋੜ ਦੇਂਦੀਉਂ—ਹੱਥ ਤੇ ਨਹੀਂ ਸੀ ਮੈਲੇ ਹੋ ਜਾਂਦੇ।

ਉਹ ਕੀ ਸੋਚਣਗੇ? ਆਂਢ-ਗੁਆਂਢ ਨਾਲ ਸੁਸਾਇਟੀ ਵਿਚ ਸੌ ਲੋੜ ਹੁੰਦੀ ਹੈ। ਬਣਾ ਕੇ ਰੱਖਣੀ ਚਾਹੀਦੀ ਹੈ। ਬੈੱਲ ਕਰ ਦਿੰਦੀ, ਮੈਂ ਆਪ ਆ ਜਾਂਦੀ, ਚੱਜ ਦਾ ਕੰਮ ਤੇ ਤੂੰ ਕੋਈ ਕਰਨਾ ਨਾ ਹੋਇਆ।"

"ਜਾਹ, ਹੁਣ ਛੇਤੀ ਜਾ ਕੇ ਸੋਹਣੇ-ਸੋਹਣੇ ਫੁੱਲ ਤੋੜ ਦੇ, ਉਹ ਕੀ ਸੋਚਣਗੇ ਸਾਡੇ ਬਾਰੇ। ਇਹ ਵੀ ਕਹਿ ਦੇਵੀਂ ਕਿ ਬੀਬੀ ਜੀ ਕਹਿੰਦੇ ਹਨ, ਜਦੋਂ ਫੁੱਲ ਚਾਹੀਦੇ ਹੋਣ, ਝਿਜਕਣ ਦੀ ਲੋੜ ਨਹੀਂ, ਇਹ ਉਹਨਾਂ ਦਾ ਆਪਣਾ ਘਰ ਹੈ।"



Academy of the Punjab in North America: http://www.apnaorg.com

# ਪਹਿਚਾਣ

ਰਮਿੰਦਰ ਦੀ ਸੁਨੱਖੀ ਦਿੱਖ ਤੇ ਤੀਖਣ ਬੁੱਧੀ ਨੇ ਥੋੜ੍ਹੇ ਜੇਹੇ ਅਰਸੇ ਵਿਚ ਹੀ ਆਪਣੇ ਕਾਲਜ ਦੇ ਅਧਿਆਪਕਾਂ ਅਤੇ ਸਾਥੀ ਵਿਦਿਆਰਥੀਆਂ ਦੇ ਮਨਾਂ ਵਿਚ ਡੂੰਘੀ ਥਾਂ ਬਣਾ ਲਈ ਸੀ ਪਰੰਤੂ ਤੇਜ ਤਾਂ ਜਿਵੇਂ ਕੀਲਿਆ ਹੀ ਗਿਆ।

ਆਜ਼ਾਦੀ ਦਿਹਾੜੇ ਦੇ ਸਮਾਰੋਹ ਵਿਚ ਰਮਿੰਦਰ ਦੀ ਸੁਰੀਲੀ ਅਤੇ ਜੋਸ਼ੀਲੀ ਅਦਾਕਾਰੀ ਨੂੰ ਵੇਖ ਕੇ ਤੇਜ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਦਿਨ ਤੋਂ ਉਸ ਨਾਲ ਸੰਪਰਕ ਕਰਨ ਲਈ ਹਰ ਯਤਨ ਕਰਨ ਲੱਗਾ।

ਉਸ ਨੇ ਰਮਿੰਦਰ ਕੋਲੋਂ ਦੋ-ਤਿੰਨ ਵਾਰੀ ਜਮਾਤ ਵਿਚ ਲਿਖੇ ਹੋਏ ਨੋਟਸ ਵੀ ਮੰਗੇ ਪਰੰਤੂ ਰਮਿੰਦਰ ਆਪਣੇ ਮਨ ਅੰਦਰ ਪਏ ਭੁਲੇਖੇ ਤੇ ਡਰ ਕਾਰਣ ਹਰ ਵੇਲੇ ਕੋਈ ਨਾ ਕੋਈ ਬਹਾਨਾ ਲਾ ਕੇ ਟਾਲ ਦਿੰਦੀ ਰਹੀ। ਨਿਰਸੰਦੇਹ ਉਹ ਆਪ ਤਾਂ ਪੂਰੀ ਸਿਆਣੀ ਤੇ ਅਨੁਭਵੀ ਲੜਕੀ ਸੀ, ਪਰੰਤੂ ਰੋਜ਼ ਦਿਹਾੜੀ ਦੀ ਤੇਜ ਵਿਰੁੱਧ ਚਰਚਾ ਨੇ ਨਿਸਚੇ ਹੀ ਆਪਣਾ ਪ੍ਰਭਾਵ ਦੇਣਾ ਸੀ। ਰੋਜ਼ ਦੀ ਪ੍ਰਕਿਰਿਆ ਨਾਲ ਤਾਂ ਪੱਥਰਾਂ ’ਤੇ ਵੀ ਘਾਸ ਪੈ ਜਾਂਦੀ ਹੈ, ਮਨੁੱਖੀ ਮਨ ਤਾਂ ਹੈ ਹੀ ਗਤੀਸ਼ੀਲ।

ਮੁੜ ਜਦ ਇਕ ਦਿਨ ਰਮਿੰਦਰ ਨੇ ਤੇਜ਼ ਨੂੰ ਆਪਣੇ ਪਿੱਛੇ ਸਾਈਕਲ ਚਲਾ ਕੇ ਪਿੱਛਾ ਕਰਦਿਆਂ ਵੇਖ ਲਿਆ ਤਾਂ ਉਸ ਨੂੰ ਸੁਣੀਆਂ ਸੁਣਾਈਆਂ ਗੱਲਾਂ ਵਿਚ ਸੱਚ ਉੱਘੜਦਾ ਨਜ਼ਰ ਆਇਆ। ਉਸ ਦਿਨ ਉਹ ਕੁਝ ਜ਼ਰੂਰੀ ਚੀਜ਼ਾਂ-ਵਸਤਾਂ ਖ਼ਰੀਦਣ ਲਈ ਜਾ ਰਹੀ ਸੀ ਕਿ ਦੇਵਨੇਤ ਨਾਲ ਰਾਹ ਵਿਚ ਉਸ ਨੂੰ ਉਸ ਦੇ ਚਾਚੇ ਦਾ ਪੁੱਤਰ ਮਨੋਹਰ ਮਿਲ ਪਿਆ ਜੋ ਗੱਡੀ ਤੋਂ ਉੱਤਰ ਕੇ ਆ ਹੀ ਰਿਹਾ ਸੀ। ਦੋਵੇਂ ਭੈਣ-ਭਰਾ ਬੜੇ ਚਾਅ ਨਾਲ ਮਿਲੇ। ਤੇਜ ਰਮਿੰਦਰ ਨੂੰ ਅਣਜਾਣੇ ਨੌਜਵਾਨ ਕੋਲ ਖੜਾ ਵੇਖ ਕੇ ਚੁੱਪ ਕੀਤਾ ਹੀ ਕੋਲੋਂ ਲੰਘ ਗਿਆ ਤੇ ਥੋੜ੍ਹੀ ਵਿੱਥ ’ਤੇ ਜਾ ਕੇ ਖਲੋ ਗਿਆ।

ਇੰਚਾਰਜ ਪ੍ਰੋਫ਼ੈਸਰ ਦਾ ਸੁਨੇਹਾ ਦੇਣਾ ਵੀ ਜ਼ਰੂਰੀ ਸੀ ਪਰ ਅਗਾਂਹ ਹੋ ਕੇ ਗੱਲ ਕਰਨ ਦੀ ਹਿੰਮਤ ਵੀ ਨਹੀਂ ਸੀ। ਡਰਦਾ ਸੀ ਕਿ ਪਤਾ ਨਹੀਂ ਨੌਜਵਾਨ ਕੌਣ ਹੈ ? ਕਿਤੇ ਬੁਲਾ ਕੇ ਰਾਹ ਜਾਂਦੇ ਹੀ ਕੋਈ ਮੁਸੀਬਤ ਨਾ ਸਹੇੜ ਲਵਾਂ ? ਦੁਚਿੱਤੀ ਵਿਚ ਆਖ਼ਰ ਪਿਛਾਂਹ ਨੂੰ ਮੁੜ ਪਿਆ।



Academy of the Punjab in North America: http://www.apnaorg.com

ਰਮਿੰਦਰ ਨੂੰ ਵੀ ਘਰ ਜਾ ਕੇ ਚੈਨ ਨਾ ਆਇਆ। ਉਹ ਡੂੰਘੇ ਖ਼ਿਆਲਾਂ 'ਚ ਵਹਿ ਗਈ। ਸੋਚਣ ਲੱਗੀ ਜੇ ਤੇਜ ਸੱਚਮੁੱਚ ਚੰਗਾ ਲੜਕਾ ਹੁੰਦਾ ਤਾਂ ਉਸ ਨੂੰ ਮੇਰੇ ਪਿੱਛੇ ਸਾਈਕਲ ਉੱਤੇ ਕਾਹਲੀ ਵਿਚ ਆਉਣ ਦੀ ਕੀ ਲੋੜ ਸੀ ? ਫਿਰ ਉਹ ਵੀਰ ਨੂੰ ਵੇਖ ਕੇ ਵਿੱਥ 'ਤੇ ਖੜਾ ਕਿਉਂ ਝਾਕਦਾ ਰਿਹਾ ?

ਰਮਿੰਦਰ ਅਗਲੇ ਦਿਨ ਕਾਲਜ ਆ ਕੇ ਵੀ ਆਪਣੀ ਸੀਟ 'ਤੇ ਸੋਚਵਾਨ ਹੋਈ ਬੈਠੀ ਰਹੀ। ਉਸ ਨੇ ਮਨ ਵਿਚ ਧਾਰ ਲਿਆ ਕਿ ਮੁੜ ਤੇਜ ਨਾਲ ਨਹੀਂ ਬੋਲੇਗੀ। ਤੇਜ ਰਮਿੰਦਰ ਦੇ ਇਸ ਵਤੀਰੇ ਤੋਂ ਅਣਜਾਣ ਸੀ। ਉਹ ਜਿੰਨਾ ਅਗਾਂਹ ਹੋਣ ਦੀ ਕੋਸ਼ਿਸ਼ ਕਰਦਾ, ਰਮਿੰਦਰ ਦਾ ਭੁਲੇਖਾ ਹੋਰ ਵਧਦਾ ਜਾਂਦਾ ਤੇ ਉਹ ਸਗੋਂ ਹੀ ਤੇਜ ਨੂੰ ਤ੍ਰਿਸਕਾਰਣ ਲੱਗ ਪਈ।

ਇਸ ਘਟਨਾ ਤੋਂ ਛੇਤੀ ਪਿੱਛੋਂ ਇਕ ਦਿਨ ਤੇਜ ਕਾਹਲੀ-ਕਾਹਲੀ ਲਾਇਬਰੇਰੀ ਵੱਲ ਨੂੰ ਜਾ ਰਿਹਾ ਸੀ ਕਿ ਉਸ ਨੇ ਦਰਵਾਜ਼ੇ ਕੋਲ ਖੜੀ ਰਮਿੰਦਰ ਨੂੰ ਵੇਖ ਲਿਆ। ਰਮਿੰਦਰ ਨੇ ਜਿਉਂ ਹੀ ਤੇਜ ਨੂੰ ਵੇਖਿਆ, ਤੁਰੰਤ ਨੀਵੀ ਪਾ ਕੇ ਕਾਹਲੇ ਪੈਰੀਂ ਅਗਾਂਹ ਨਿਕਲ ਤੁਰੀ। ਉਸ ਦੇ ਮਨ ਦਾ ਡਰ ਤੇ ਹੈਰਾਨਗੀ ਹੋਰ ਵੀ ਵਧ ਗਏ ਜਦ ਤੇਜ ਨੇ ਪਿੱਛੇ ਪਹੁੰਚ ਕੇ ਹੌਲੀ ਜਿਹੀ ਆਵਾਜ਼ ਦਿੱਤੀ:

"ਰਮਿੰਦਰ।"

ਰਮਿੰਦਰ ਇਹ ਸੁਣ ਕੇ ਹੋਰ ਵੀ ਸਹਿਮ ਗਈ ਤੇ ਮਨ ਵਿਚ ਸੋਚਣ ਲੱਗੀ ਕਿ ਲੋਕਾਂ ਦੀਅ ਗੱਲਾਂ ਤੇਜ ਬਾਰੇ ਸੱਚੀਆਂ ਹਨ, ਇਹ ਕਮਬਖ਼ਤ ਮੇਰਾ ਪਿੱਛਾ ਨਹੀਂ ਛੱਡਦਾ, ਵਿਚਾਰੀ ਮੀਤਾਂ ਨਾਲ ਕੀ ਵਾਪਰਦੀ ਹੋਵੇਗੀ ?

ਅਜੇ ਥੋੜ੍ਹੇ ਹੀ ਦਿਨ ਪਹਿਲਾਂ ਉਸ ਨੇ ਕੈਨਟੀਨ ਵਿਚ ਬੈਠੇ ਲੜਕੇ ਲੜਕੀਆਂ ਦੇ ਮੂੰਹੋਂ ਤੇਜ ਤੇ ਮੀਤਾਂ ਬਾਰੇ ਮੁੜ ਉਹ ਚਰਚਾ ਸੁਣੀ ਸੀ, ਫਿਰ ਵੀ ਰਮਿੰਦਰ ਨੇ ਇਹ ਸੋਚਦਿਆਂ ਕਿ ਉਸ ਦੀ ਚੁੱਪ ਕੋਈ ਹੋਰ ਭਾਵ ਨਾ ਪ੍ਰਗਟਾ ਦੇਵੇ, ਤੇਜ ਨੂੰ ਸੰਖਿਪਤ ਜਿਹਾ ਉੱਤਰ ਦੇਣ ਲਈ ਮਨ ਬਣਾ ਲਿਆ।

ਚਿਹਰੇ ਨੂੰ ਤਣਦਿਆਂ ਹੋਇਆਂ ਸਾਹਮਣੇ ਖੜੇ ਤੇਜ ਨੂੰ ਕਹਿਣ ਲੱਗੀ, "ਹਾਂ, ਕੀ ਗੱਲ ਹੈ ?"

"ਇਕ ਗੱਲ ਆਖਾਂ, ਜੇ ਮੰਨ ਲਵੇਂ ਤਾਂ ?" ਅਜੇ ਇਹ ਸ਼ਬਦ ਤੇਜ ਦੇ ਮੂੰਹੋਂ ਨਿਕਲੇ ਹੀ ਸਨ ਕਿ ਦੂਰੋਂ ਕਿਸੇ ਨੇ ਰਮਿੰਦਰ ਨੂੰ ਹੱਥ ਨਾਲ ਇਸ਼ਾਰਾ ਕੀਤਾ। ਰਮਿੰਦਰ ਨੇ ਪਹਿਲਾਂ ਦੂਰ ਖੜੀ ਦਲਜੀਤ ਦੀ ਗੱਲ ਸੁਣ ਆਉਣਾ ਵਧੇਰੇ ਉਚਿਤ ਸਮਝਿਆ ਕਿਉਂਕਿ ਉਸ ਨੇ ਪਿੰਡ ਜਾਣ ਲਈ ਬੱਸ ਲੈਣੀ ਸੀ ਤੇ ਹਨੇਰਾ ਹੋਣ ਦਾ ਡਰ ਸੀ।



Academy of the Punjab in North America: http://www.apnaorg.com

ਤੇਜ ਨੂੰ ਬਿਨਾਂ ਕਿਸੇ ਹਾਂ ਜਾਂ ਨਾਂਹ ਦਾ ਉੱਤਰ ਦੇਣ ਦੇ ਬਾਹਰਲੇ ਗੇਟ ਵੱਲ ਨੂੰ, ਜਿੱਥੇ ਦਲਜੀਤ ਖੜੀ ਸੀ, ਤੁਰ ਪਈ। ਸਹੇਲੀ ਨੂੰ ਮਿਲਣ ਉਪਰੰਤ ਉਹ ਮੁੜ ਲਾਇਬਰੇਰੀ ਵੱਲ ਨੂੰ ਆ ਗਈ। ਤੇਜ ਦੀ ਗੱਲ ਦਾ ਉੱਤਰ ਦਿੱਤੇ ਬਿਨਾਂ ਹੀ ਮੁੜਨ ਵਿਚ ਉਹ ਹੱਤਕ ਮਹਿਸੂਸ ਕਰ ਰਹੀ ਸੀ ਪਰ ਉਸ ਨੂੰ ਇਕ ਡੂੰਘਾ ਡਰ ਵੀ ਅੰਦਰ ਖਾਈ ਜਾ ਰਿਹਾ ਸੀ। ਜਿਉਂ ਜਿਉਂ ਪੈਰ ਪੁੱਟਦੀ, ਦਿਲ ਤੇਜ਼ੀ ਨਾਲ ਧੜਕਣ ਲੱਗ ਪਿਆ। ਉਹ ਸੋਚਣ ਲੱਗੀ ਕਿ ਲੋਕਾਂ ਦੀ ਦੰਦ-ਕਥਾ ਠੀਕ ਹੀ ਸੀ, ਅੱਜ ਉਹ ਸੱਚਾਈ ਪ੍ਰਗਟ ਹੋ ਰਹੀ ਹੈ।

ਮਨ ਵਿਚ ਪਛਤਾਵਾ ਵੀ ਸੀ ਕਿ ਜਿਵੇਂ ਉਹ ਸਵੇਰੇ ਪਿੰਡ ਜਾਣ ਲਈ ਤਿਆਰ ਹੋਈ ਸੀ, ਜੇ ਚਲੀ ਜਾਂਦੀ ਤਾਂ ਅੱਜ ਵਾਲੀ ਘਟਨਾ ਨਾ ਵਾਪਰਦੀ। ਹੁਣ ਜੇ ਭਲਾ ਤੇਜ ਨੇ ਕੋਈ ਬੁਰਾ-ਭਲਾ ਸ਼ਬਦ ਕਹਿ ਦਿੱਤਾ ਤਾਂ ਨਿਸ਼ਚੇ ਹੀ ਕੋਈ ਕਰੜਾ ਉੱਤਰ ਹੀ ਦੇਣਾ ਪਵੇਗਾ। ਖਾਹ-ਮਖਾਹ ਦੀ ਪਰੇਸ਼ਾਨੀ ਤੇ ਲੋਕ-ਚਰਚਾ ਵਾਧੂ ਦੀ।

ਔਕੜ ਵੇਲੇ ਮਨੁੱਖ ਦਾ ਮਨ ਅਵੱਸ਼ ਹੀ ਕੋਈ ਨਿੱਗਰ ਨਿਰਣਾ ਕਰ ਲੈਂਦਾ ਹੈ। ਰਮਿੰਦਰ ਨੇ ਵੀ ਇਸ ਸਥਿਤੀ ਵਿਚ ਮਨ ਤਕੜਾ ਕਰ ਲਿਆ ਤੇ ਜ਼ਰਾ ਦਲੇਰੀ ਨਾਲ ਕਦਮ ਅਗਾਂਹ ਵਧਾਉਂਦੀ ਨੇ ਮਨ ਵਿਚ ਸੋਚ ਲਿਆ, "ਫਿਰ ਕੀ ਹੋਇਆ, ਜੇ ਇਸ ਵੇਲੇ ਨੇੜੇ-ਤੇੜੇ ਹੋਰ ਕੋਈ ਵੀ ਨਹੀਂ ਦਿਸ ਰਿਹਾ, ਤਾਂ ਵੀ ਮੈਨੂੰ ਡਰਨ ਦੀ ਕੀ ਲੋੜ ਹੈ ? ਆਖ਼ਰ ਮੈਂ ਵੀ ਇਨਸਾਨ ਹਾਂ, ਹੱਡ-ਮਾਸ ਦੀ ਬਣੀ ਹਾਂ, ਮੈਨੂੰ ਮੂੰਹ ਵਿਚ ਤੇ ਕੋਈ ਪਾ ਹੀ ਨਹੀਂ ਸਕਦਾ, ਵੇਖੀ ਜਾਵੇਗੀ।"

ਇੰਨੇ ਚਿਰ ਨੂੰ ਉਹ ਤੇਜ ਦੇ ਨੇੜੇ ਪਹੁੰਚ ਗਈ ਤੇ ਤੇਜ਼ ਨੇ ਫਿਰ ਨਿੰਮੂਝਾਣ ਜਿਹੇ ਹੋ ਕੇ ਕਿਹਾ :

"ਰਮਿੰਦਰ।"

"ਹਾਂ ਕੀ ਗੱਲ ਹੈ ?"

"ਇਕ ਗੱਲ ਆਖਾਂ, ਜੇ ਮੰਨ ਲਵੇਂ ਤਾਂ ?"

ਰਮਿੰਦਰ ਨੇ ਅੱਗੋਂ ਇਸ ਢੰਗ ਨਾਲ ਸਿਰ ਹਿਲਾਇਆ, ਜਿਸ ਤੋਂ ਹਾਂ ਜਾਂ ਨਾਂਹ ਦਾ ਭਾਵ ਗ੍ਰਹਿਣ ਕਰਨਾ ਕਠਿਨ ਸੀ।

ਤੇਜ ਨੇ ਮੁੜ ਆਪਣੀ ਗੱਲ ਦੁਹਰਾਉਂਦਿਆਂ ਹੋਇਆਂ ਕਿਹਾ :

"ਸੋਚ ਲਓ, ਮੈਂ ਤਾਂ ਆਖਾਂ ਜੇ ਤੁਸੀਂ ਮੇਰੀ ਗੱਲ ਮੰਨ ਲੈਣੀ ਹੋਵੇ ?"

ਰਮਿੰਦਰ ਜ਼ਰਾ ਖਿੱਝ ਕੇ ਬੋਲੀ, "ਭਲਾ ਐਸੀ ਕਿਹੜੀ ਗੱਲ ਹੈ ਜੋ ਐਡੀ ਪੱਕੀ ਕਰ ਕੇ ਕੀਤੀ ਜਾਣੀ ਏ ?"



Academy of the Punjab in North America: http://www.apnaorg.com

ਅੱਜ ਤੇਜ ਨੇ ਮਨ ਨੂੰ ਤਕੜਾ ਕਰ ਕੇ ਰਮਿੰਦਰ ਨੂੰ ਆਪਣਾ ਇਰਾਦਾ ਸੁਣਾਉਂਦਿਆਂ ਕਿਹਾ :

"ਰਮਿੰਦਰ, ਜੇ ਭਲਾ ਤੂੰ ਆਪਣਾ ਕਮਰਾ ਛੱਡ ਕੇ ਸਾਡੇ ਘਰ ਆ ਰਹੇ ਤਾਂ ਚੰਗਾ ਨਹੀਂ ?"

ਰਮਿੰਦਰ ਨੇ ਪਿਛਲੇ ਛੇ ਮਹੀਨਿਆਂ ਤੋਂ ਇਹ ਕਮਰਾ ਕਿਰਾਏ 'ਤੇ ਲਿਆ ਸੀ।

"ਪਰ ਕਿਉਂ, ਜਦ ਕਿ ਮੈਨੂੰ ਅਜੇ ਤਕ ਇਥੇ ਕਿਸੇ ਪ੍ਰਕਾਰ ਦੀ ਕੋਈ ਤਕਲੀਫ਼ ਨਹੀਂ ?" ਰਮਿੰਦਰ ਨੇ ਬੜੇ ਦ੍ਰਿੜ੍ਹ ਵਿਸ਼ਵਾਸ ਨਾਲ ਤੇਜ ਵੱਲ ਵੇਖਦਿਆਂ ਕਿਹਾ।

ਤੇਜ, ਜਿਸ ਨੂੰ ਹੁਣ ਤਕ ਵੀ ਆਸ ਸੀ ਕਿ ਰਮਿੰਦਰ ਉਸ ਦੀ ਗੱਲ ਦਾ ਗਹੁ ਜ਼ਰੂਰ ਕਰੇਗੀ, ਨੇ ਆਪਣੀ ਧੁੰਨ 'ਤੇ ਕਾਇਮ ਰਹਿੰਦਿਆਂ ਮੁੜ ਕਿਹਾ, "ਪਰ ਜੇ ਤੇਰੇ ਆਉਣ ਨਾਲ ਸਾਡੇ ਘਰ ਦੀ ਕੋਈ ਮੁਸ਼ਕਿਲ ਹੱਲ ਹੁੰਦੀ ਹੋਵੇ ਤਾਂ ਤੈਨੂੰ ਫਿਰ ਇਹ ਥਾਂ ਛੱਡਣ 'ਤੇ ਕੀ ਇਤਰਾਜ਼ ਹੈ ?"

ਰਮਿੰਦਰ, ਜਿਸ ਦੀ ਪਰੇਸ਼ਾਨੀ ਪਲ-ਪਲ ਵਧਦੀ ਜਾ ਰਹੀ ਸੀ, ਤੁਰੰਤ ਕੜਕ ਕੇ ਬੋਲੀ :

"ਤੇਜ, ਤੂੰ ਲੜਕੀਆਂ ਨੂੰ ਏਨੀਆਂ ਬੁੱਧੂ ਸਮਝਦਾ ਏਂ ਕਿ ਉਹ ਤੇਰੀਆਂ ਗੱਲਾਂ ਵਿਚ ਆ ਜਾਣ, ਮੈਂ ਤੇਰੇ ਬਾਰੇ ਸਭ ਕੁਝ ਸੁਣ ਚੁੱਕੀ ਹਾਂ, ਤੇਰੀ ਇਹ ਸਾਊ ਸੂਰਤ ਹੁਣ ਹੋਰ ਭੁਲੇਖਾ ਨਹੀਂ ਪਾ ਸਕਦੀ ? ਅਗਰ ਤੂੰ ਅੱਗੇ ਤੋਂ ਮੈਨੂੰ ਬੁਲਾ ਕੇ ਇਸ ਤਰ੍ਹਾਂ ਦੀਆ ਗੱਲਾਂ ਕਰਨ ਦੀ ਹਰਕਤ ਕੀਤੀ ਤਾਂ ਇਸ ਦਾ ਸਿੱਟਾ ਬੁਰਾ ਹੋਵੇਗਾ।" ਇਹ ਕਹਿੰਦਿਆਂ ਰੋਹ ਨਾਲ ਭਰੀ ਰਮਿੰਦਰ ਆਪਣੇ ਕਮਰੇ ਵੱਲ ਨੂੰ ਕਾਹਲੀ ਪੈਰੀਂ ਤੁਰ ਪਈ।

ਇਸ ਘਟਨਾ ਨੇ ਤੇਜ ਦਾ ਸ਼ੇਰ-ਦਿਲ ਹੌਸਲਾ ਢਾਹ ਦਿੱਤਾ। ਅੱਜ ਉਹ ਆਪਣੇ ਪਰਮ ਸਨੇਹੀ ਡਾਕਟਰ ਜੁਗਿੰਦਰ ਸਿੰਘ ਦੀ ਦੁਕਾਨ ਅੱਗੋਂ ਵੀ ਅੱਖ ਬਚਾ ਕੇ ਲੰਘ ਗਿਆ।

ਜਦ ਦਾ ਤੇਜ ਇਸ ਸ਼ਹਿਰ ਵਿਚ ਆਇਆ ਸੀ, ਤੇਜ ਵੇਖਦਾ ਰਹਿੰਦਾ ਸੀ ਕਿ ਜੁਗਿੰਦਰ ਸਿੰਘ ਦੀ ਦੁਕਾਨ 'ਤੇ ਹਮੇਸ਼ਾਂ ਲੋਕਾਂ ਦੀ ਭੀੜ ਜਮ੍ਹਾਂ ਰਹਿੰਦੀ ਹੈ, ਜਦ ਕਿ ਦੂਜੇ ਡਾਕਟਰਾਂ ਵੱਲ ਕੋਈ ਟਾਵਾਂ-ਟਾਵਾਂ ਮਰੀਜ਼ ਹੀ ਪਹੁੰਚਦਾ ਸੀ। ਜੁਗਿੰਦਰ ਸਿੰਘ ਦੇ ਹਮਦਰਦੀ ਭਰੇ ਵਰਤਾਰੇ ਤੇ ਚੰਗੀ ਦਵਾਈ ਦੇ ਫਲਸਰੂਪ ਮਰੀਜ਼ ਦਿਨਾਂ ਵਿਚ ਹੀ ਰਾਜ਼ੀ ਹੋ ਜਾਂਦੇ ਸਨ।



Academy of the Punjab in North America: http://www.apnaorg.com

ਡਾਕਟਰ ਸਾਹਿਬ ਦੇ ਇਸ ਪਰ-ਉਪਕਾਰੀ ਸੁਭਾਅ ਨੂੰ ਤੇਜ ਏਨਾ ਚੰਗਾ ਸਮਝਦਾ ਸੀ ਕਿ ਰੋਜ਼ ਇਕ ਵੇਰਾਂ ਦੁਕਾਨ ਉੱਤੇ ਬੈਠ ਕੇ ਜਾਂਦਾ। ਪਿਛਲੇ ਕੁਝ ਸਮੇਂ ਤੋਂ ਤਾਂ ਤੇਜ ਦੇ ਮਨ ਅੰਦਰ ਵੀ ਸਮਾਜ ਸੇਵਾ ਦਾ ਜਜ਼ਬਾ ਪ੍ਰਬਲ ਹੋ ਰਿਹਾ ਸੀ। ਉਹ ਸਦਾ ਆਪਣੇ ਮਨ ਹੀ ਮਨ ਵਿਚ ਪੜ੍ਹਾਈ ਤੋਂ ਵਿਹਲੇ ਹੋ ਕੇ ਲੋਕਾਂ ਦੇ ਕੰਮ ਆਉਣ ਦੀਆਂ ਵਿਉਂਤਾਂ ਬਣਾਉਂਦਾ ਤੇ ਆਪਣੀਆਂ ਅੱਖਾਂ ਸਾਹਮਣੇ ਸਮਾਜ ਸੁਧਾਰ ਦੇ ਸੁਨਹਿਰੀ ਸੁਪਨੇ ਚਿਤਰਦਾ ਰਹਿੰਦਾ।

ਜਦ ਉਹ ਇਥੋਂ ਉੱਠ ਕੇ ਘਰ ਜਾ ਰਿਹਾ ਹੁੰਦਾ ਤਾਂ ਇਹਨਾਂ ਵਿਚਾਰਾਂ ਨਾਲ ਭਰਪੂਰ ਉਸ ਦਾ ਸਾਰਾ ਸਰੀਰ ਜ਼ੋਰ ਨਾਲ ਤਣ ਜਾਂਦਾ। ਉਸ ਨੂੰ ਆਪਣੀਆਂ ਬਾਹਵਾਂ ਫ਼ੌਲਾਦ ਬਣ ਰਹੀਆਂ ਪ੍ਰਤੀਤ ਹੁੰਦੀਆਂ ਜਿਨ੍ਹਾਂ ਦੀ ਕਰੜੀ ਘਾਲ ਧਰਤੀ ਲਈ ਵਰ ਸਿੱਧ ਹੋ ਸਕਦੀ। ਲੋਕ-ਸੇਵਾ ਦੇ ਮਨੋਰਥ ਦੇ ਵਿਚਾਰਾਂ ਦੀ ਉੱਥਲ-ਪੁੱਥਲ ਵਿਚ ਉਸ ਦਾ ਸਾਹ ਤੇਜ ਤੇ ਕਦਮ ਹੋਰ ਕਾਹਲੇ ਹੋ ਜਾਂਦੇ ਤੇ ਘਰ ਦੇ ਬੂਹੇ ਅੱਗੇ ਪਹੁੰਚ ਜਾਂਦਾ।

ਅੱਜ ਤੇਜ ਕਿਸੇ ਵੱਖਰੀ ਚਾਲੇ ਚੱਲ ਰਿਹਾ ਸੀ। ਉਸ ਦੀਆਂ ਬਾਹਵਾਂ ਦਾ ਬਲ ਢਿੱਲਾ ਪੈ ਚੁੱਕਾ ਸੀ ਤੇ ਉਹ ਵਿਚਾਰਾਂ ਦੀ ਕਿਸੇ ਅਨੋਖੀ ਦੁਨੀਆਂ ਵਿਚ ਡੁੱਬਾ ਤੁਰਿਆ ਜਾ ਰਿਹਾ ਸੀ। ਬਾਂਹ 'ਤੇ ਬੱਝੀ ਘੜੀ 'ਤੇ ਨਜ਼ਰ ਪਈ ਤਾਂ ਉਸ ਨੇ ਵੇਖਿਆ ਅਜੇ ਥੋੜ੍ਹਾ ਵਕਤ ਸੀ। ਸੋਚਿਆ ਇਸ ਸਮੇਂ ਘਰ ਜਾਣ ਤੇ ਮੀਤਾਂ ਵੱਲੋਂ ਪੁੱਛ-ਗਿੱਛ ਹੋਵੇਗੀ। ਜੇ ਮੇਰੇ ਕੋਲੋਂ ਸੱਚੀ ਗੱਲ ਦੱਸਣੋਂ ਨਾ ਰਿਹਾ ਗਿਆ ਤਾਂ ਉਹ ਵਿਚਾਰੀ ਸੁਣ ਕੇ ਦੁਖੀ ਹੋਵੇਗੀ। ਜੇ ਮੈਂ ਚੁੱਪ ਰਿਹਾ ਤਾਂ ਇਹ ਚੁੱਪ ਮੇਰਾ ਮਾਨਸਿਕ ਸੰਤੁਲਨ ਖੋ ਬੈਠੇਗੀ। ਕਿਉਂ ਨਾ ਆਪਣਾ ਮਨ ਬਦਲਣ ਲਈ ਸਟੇਸ਼ਨ ਵੱਲ ਚੱਕਰ ਮਾਰ ਆਵਾਂ ? ਸ਼ਾਇਦ ਗੱਡੀਆਂ ਦੀ ਖੜ-ਖੜ ਤੇ ਲੋਕਾਂ ਦੇ ਭੀੜ-ਭੜੱਕੇ ਦਾ ਰੌਲਾ ਮੇਰਾ ਗ਼ਮ ਘਟਾ ਦੇਵੇ। ਇਹ ਸੋਚ ਦੇ ਤੇਜ ਪਿਛਾਂਹ ਨੂੰ ਮੁੜ ਗਿਆ ਤੇ ਅਗਲੇ ਪਲ ਹੀ ਸਟੇਸ਼ਨ 'ਤੇ ਜਾ ਪੁੱਜਾ।

ਰਮਿੰਦਰ ਦਾ ਗੁੱਸਾ ਅਜੇ ਠੰਡਾ ਨਹੀਂ ਸੀ ਹੋਇਆ। ਉਸ ਨੇ ਹੱਥ ਵਿਚ ਫੜੀਆਂ ਕਿਤਾਬਾਂ ਨੂੰ ਕਾਹਲੀ ਨਾਲ ਕੁਰਸੀ 'ਤੇ ਸੁੱਟਿਆ ਤੇ ਕਮਰੇ ਦਾ ਦਰਵਾਜ਼ਾ ਬੰਦ ਕਰ ਕੇ ਗੁਣਵੰਤ ਵੱਲ ਚਲੀ ਗਈ। ਗੁੱਸੇ ਵਿਚ ਭਰੀ-ਪੀਤੀ ਨੇ ਦਿਨ ਦੀ ਸਾਰੀ ਘਟਨਾ ਤੋਂ ਛੁੱਟ ਤੇਜ ਬਾਰੇ ਆਪਣਾ ਅਗਲਾ-ਪਿਛਲਾ ਪ੍ਰਭਾਵ ਦੱਸਿਆ।

ਗੁਣਵੰਤ ਵੀ ਤੇਜ ਬਾਰੇ ਕੋਈ ਚੰਗੀ ਰਾਇ ਨਹੀਂ ਸੀ ਰੱਖਦੀ ਕਿਉਂਕਿ ਇਹ ਵਿਸ਼ਾ ਰੋਜ਼ ਚੱਲਦਾ ਰਹਿੰਦਾ ਸੀ। ਉਸ ਨੇ ਪ੍ਰਿੰਸੀਪਲ ਨੂੰ ਸ਼ਿਕਾਇਤ ਕਰਨ ਤੋਂ ਪਹਿਲਾਂ ਤੇਜ ਨਾਲ ਹੀ ਸਖ਼ਤੀ ਨਾਲ ਨਿਬੜਨ ਦੀ ਸਲਾਹ ਦਿੱਤੀ। ਰਮਿੰਦਰ, ਤੇਜ ਨਾਲ ਕਿਸੇ ਸਥਿਤੀ ਵਿਚ ਵੀ ਜ਼ਬਾਨ ਸਾਂਝੀ ਕਰਨ ਲਈ ਤਿਆਰ ਨਹੀਂ



Academy of the Punjab in North America: http://www.apnaorg.com

ਸੀ ਪਰ ਗੁਣਵੰਤ ਨਾਲ ਸੰਮਤੀ ਪ੍ਰਗਟ ਕੀਤੇ ਬਿਨਾਂ ਉਸ ਕੋਲ ਕੋਈ ਚਾਰਾ ਵੀ ਨਹੀਂ ਸੀ। ਦੋਵੇਂ ਕਾਹਲੇ ਪੈਰੀਂ ਤੁਰ ਪਈਆਂ।

ਮੁਹੱਲੇ ਦਾ ਨਾਂ ਜਿਸ ਵਿਚ ਤੇਜ ਰਹਿੰਦਾ ਸੀ, ਉਹਨਾਂ ਨੇ ਪਹਿਲਾਂ ਹੀ ਸੁਣਿਆ ਸੀ। ਉਥੇ ਪਹੁੰਚ ਕੇ ਅੱਗੋਂ ਪੁੱਛਦੀਆਂ ਪੁਛਾਉਂਦੀਆਂ ਦੋਵੇ ਸਹੇਲੀਆਂ ਇਕ ਗਲੀ ਦੇ ਮੂਹਰੇ ਪਹੁੰਚ ਕੇ ਖੜੀਆਂ ਹੋ ਗਈਆਂ। ਏਨੀ ਦੇਰ ਨੂੰ ਪਿੱਛੋਂ ਇਕ ਅੱਧਖੜ ਤੀਵੀਂ ਗਲੀ 'ਚੋਂ ਲੰਘ ਰਹੀ ਸੀ। ਉਸ ਨੇ ਰਮਿੰਦਰ, ਗੁਣਵੰਤ ਨੂੰ ਉਥੇ ਖੜੇ ਵੇਖ ਕੇ ਆਪ ਹੀ ਪੁੱਛ ਲਿਆ। ਗੁਣਵੰਤ ਦੇ ਮੂੰਹੋਂ ਤੇਜ ਦਾ ਨਾਂ ਸੁਣਦਿਆਂ ਹੀ ਉਹ ਜ਼ਨਾਨੀ ਝੱਬਦੇ ਕਹਿਣ ਲੱਗੀ, "ਹੱਛਾ ਬੀਬੀ, ਤੁਸਾਂ ਮਨਤੇਜ ਸਿੰਘ ਨੂੰ ਮਿਲਣਾ ਹੈ, ਆਉ ਮੈਂ ਲੈ ਚੱਲਾਂ, ਬੜਾ ਸਾਊ ਮੁੰਡਾ ਹੈ, ਜਦੋਂ ਦਾ ਸਾਡੀ ਗਲੀ ਵਿਚ ਆਇਆ ਏ, ਸਾਰੇ ਉਸ ਦੇ ਸੁਭਾਅ 'ਤੇ ਬੜੇ ਖ਼ੁਸ਼ ਨੇ। ਆਓ, ਮੇਰੇ ਨਾਲ ਤੁਰੀਆਂ ਆਓ, ਅੱਜ ਕਲ੍ਹ ਥੋੜੇ ਕੀਤੇ ਮਕਾਨ ਮਿਲਦੇ ਨਹੀਂ ਮੈਂ ਆਪਣੀ ਜਿਠਾਣੀ ਕੋਲੋਂ ਜ਼ੋਰ ਦੇ ਕੇ ਇਕ ਕਮਰਾ ਵਿਹਲਾ ਕਰਾ ਦਿੱਤਾ ਸੀ, ਹੁਣ ਉਹ ਉਹਨਾਂ ਨਾਲ ਇਸ ਤਰ੍ਹਾਂ ਘੁਲ ਮਿਲ ਗਿਆ ਏ, ਜਿਵੇਂ ਉਹਨਾਂ ਦੇ ਘਰ ਦਾ ਜੀਅ ਹੋਵੇ।"

ਰਮਿੰਦਰ ਨੂੰ ਇਹ ਗੱਲਾਂ ਸੁਣ-ਸੁਣ ਕੇ ਕਚੀਚੀਆਂ ਆ ਰਹੀਆਂ ਸਨ, ਉਸ ਨੂੰ ਇਸ ਤਰ੍ਹਾਂ ਜਾਪਦਾ ਸੀ, ਜਿਵੇਂ ਉਸ ਜ਼ਨਾਨੀ ਦੀ ਵੀ ਹੋਸ਼ ਟਿਕਾਣੇ ਨਹੀਂ ਸੀ। ਹੌਲੀ ਜਿਹੀ ਗੁਣਵੰਤ ਨੂੰ ਕਹਿਣ ਲੱਗੀ, "ਵੇਖ ਲਾ, ਹਾਥੀ ਦੇ ਵਿਖਾਵੇ ਦੇ ਦੰਦਾਂ ਵਾਂਗ ਇਹ ਆਪਣੇ ਅਸਲੀ ਰੂਪ ਦਾ ਕਿਸੇ ਨੂੰ ਪਤਾ ਨਹੀਂ ਲੱਗਣ ਦਿੰਦਾ, ਇਸ ਔਰਤ ਦੇ ਸਿਰ ਖੌਰੇ ਇਸ ਨੇ ਕੀ ਜਾਦੂ ਕਰ ਦਿੱਤਾ ਹੈ ਜੋ ਇਸ ਨੂੰ ਇਸ ਦੇ ਔਗੁਣ ਹੀ ਦਿਸਣੋਂ ਹਟ ਗਏ ਹਨ ?"

ਘਰ ਵੜਨ ਵੇਲੇ ਰਮਿੰਦਰ ਨੇ ਕਿਹਾ, "ਚੰਗਾ ਮਾਤਾ ਜੀ, ਤੁਸੀਂ ਸਾਨੂੰ ਘਰ ਦੱਸ ਦਿੱਤਾ ਹੈ, ਹੁਣ ਅਸੀਂ ਆਪੇ ਅੰਦਰ ਲੰਘ ਜਾਂਦੀਆਂ ਹਾਂ, ਤੁਹਾਡੀ ਬੜੀ ਮੇਹਰਬਾਨੀ।"

ਮਕਾਨ ਦਾ ਦਰਵਾਜ਼ਾ ਲੰਘ ਕੇ ਦੋਵੇਂ ਸਹੇਲੀਆਂ ਇਕ ਪਲ ਲਈ ਡਿਉੜੀ ਵਿਚ ਖੜੀਆਂ ਹੋ ਗਈਆਂ, ਕਿਉਂਕਿ ਉਹਨਾਂ ਨੇ ਡਿਉੜੀ 'ਚ ਖੁੱਲ੍ਹਦੇ ਇਕ ਦਰਵਾਜ਼ੇ ਉਪਰ ਤੇਜ ਦੇ ਨਾਂ ਵਾਲਾ ਲੈਟਰ-ਬਕਸ ਵੇਖ ਲਿਆ ਸੀ। ਦਰਵਾਜ਼ਾ ਬੰਦ ਜਾਪਦਾ ਸੀ ਪਰੰਤੂ ਅੰਦਰ ਜਗਦੀ ਬੱਤੀ ਦੀ ਰੌਸ਼ਨੀ ਵਿਚ ਧਿਆਨ ਨਾਲ ਵੇਖਿਆਂ ਪਤਾ ਲੱਗਾ ਕਿ ਇਹ ਕੇਵਲ ਢੋਇਆ ਹੋਇਆ ਸੀ ਤੇ ਅੰਦਰੋਂ ਗੱਲਾਂ ਦੀ ਆਵਾਜ਼ ਆ ਰਹੀ ਸੀ। ਰਮਿੰਦਰ ਨੇ ਦਰਵਾਜ਼ੇ ਕੋਲ ਹੋ ਕੇ ਝੀਤ ਵਿਚੋਂ ਵੇਖਿਆ ਤਾਂ ਉਸ ਨੂੰ ਤੇਜ ਨਜ਼ਰੀਂ ਪੈ ਗਿਆ। ਉਸ ਨੇ ਝੱਟ ਗੁਣਵੰਤ ਨੂੰ ਇਸ਼ਾਰਾ ਕੀਤਾ



Academy of the Punjab in North America: http://www.apnaorg.com

ਤੇ ਉਹ ਵੀ ਮਲਕੜੇ ਦਰਵਾਜ਼ੇ ਕੋਲ ਹੋ ਕੇ ਵੇਖਣ ਲੱਗ ਪਈ। ਬੱਤੀ ਦੀ ਤੇਜ਼ ਰੌਸ਼ਨੀ ਵਿਚ ਅੰਦਰ ਸਭ ਕੁਝ ਦਿਖਾਈ ਦੇ ਰਿਹਾ ਸੀ।

ਤੇਜ ਮੀਤਾਂ ਨੂੰ ਜੱਫੀ ਵਿਚ ਲੈ ਕੇ ਚੁੱਪ ਕਰਾ ਰਿਹਾ ਸੀ ਤੇ ਮੀਤਾਂ ਰੋ-ਰੋ ਕੇ ਕਹਿ ਰਹੀ ਸੀ, "ਵੀਰ, ਹੁਣ ਤੂੰ ਉਹ ਵੇਲਾ ਭੁੱਲ ਗਿਆਂ ਏ, ਜਦੋਂ ਮੇਰੇ ਪਿਤਾ ਜੀ ਨੇ ਮਰਦੇ ਸਮੇਂ ਮੇਰੀ ਬਾਂਹ ਤੇਰੇ ਹੱਥ ਵਿਚ ਫੜਾ ਕੇ ਕਿਹਾ ਸੀ, "ਤੇਜ, ਵਾਹਿਗੁਰੂ ਦੇ ਭਾਣੇ ਵਿਚ ਇਸ ਘਰ ਦੀ ਵੈਰਾਨੀ ਲਿਖੀ ਸੀ, ਉਸ ਦਾ ਭਾਣਾ ਅਟੱਲ ਹੈ, ਹਰਬੰਸ ਨੂੰ ਪਲਾਂ ਵਿਚ ਲੈ ਗਿਆ, ਤੁਹਾਨੂੰ ਹਿਰਖ ਰਹਿ ਗਿਆ। ਮੈਂ ਇੰਨੇ ਮਹੀਨੇ ਬੀਮਾਰੀ ਨਾਲ ਘੋਲ ਕਰ ਕੇ ਵੀ ਇਸ ਤੋਂ ਛੁਟਕਾਰਾ ਨਹੀਂ ਪਾ ਸਕਿਆ, ਮੇਰਾ ਅੰਤ ਹੁਣ ਨੇੜੇ ਆ ਗਿਆ ਹੈ। ਤੂੰ ਮੇਰਾ ਭਣੇਵਾਂ ਨਹੀਂ, ਪੁੱਤਰ ਹੈਂ। ਤੂੰ ਇਸ ਵੇਲੇ ਮੇਰੇ ਕੋਲ ਏ, ਅੱਜ ਤੋਂ ਮੀਤਾਂ ਤੇਰੀ ਸਕੀ ਭੈਣ ਏ। ਇਹਨੂੰ ਪੜ੍ਹਾ ਕੇ ਕਿਤੇ ਟਿਕਾਣੇ ਲਾ ਦੇਈਂ, ਵੇਖੀਂ! ਇਹਨੂੰ ਕਦੀ ਆਪਣੇ ਮਾਂ-ਬਾਪ ਦੀ ਘਾਟ ਮਹਿਸੂਸ ਨਾ ਹੋਵੇ।"

ਇਹ ਕਹਿ ਕੇ ਪਿਤਾ ਜੀ ਨੇ ਸਾਨੂੰ ਆਪਣੀਆਂ ਅੱਖਾਂ ਅੱਗੋਂ ਪਰੇ ਜਾਣ ਲਈ ਕਿਹਾ। ਮੈਂ ਉਥੇ ਹੀ ਫੁੱਟ-ਫੁੱਟ ਕੇ ਰੋਣ ਲੱਗ ਪਈ, ਤੂੰ ਮੈਨੂੰ ਬਾਹੋਂ ਫੜ ਕੇ ਖਿੱਚ ਕੇ ਦੂਸਰੇ ਪਾਸੇ ਲੈ ਗਿਆ, ਤੇਰੇ ਵੀ ਅੱਥਰੂ ਤ੍ਰਿਪ-ਤ੍ਰਿਪ ਡਿੱਗ ਰਹੇ ਸਨ। ਪਿਤਾ ਜੀ ਦਮ ਤੋੜ ਗਏ। ਮੈਂ ਯਤੀਮ ਹੋ ਗਈ, ਪਰ ਵੀਰ, ਮੈਨੂੰ ਉਹਨਾਂ ਦੇ ਆਖ਼ਰੀ ਸ਼ਬਦ ਯਾਦ ਹਨ "ਪੁੱਤਰ! ਵੇਖੀਂ ਹਰ ਵੇਲੇ ਰੋਂਦੀ ਨਾ ਰਹੀਂ, ਪਰਮਾਤਮਾ ਨੂੰ ਇਹੋ ਕੁਝ ਮਨਜ਼ੂਰ ਸੀ, ਅੱਜ ਤੋਂ ਗੁਰਦੀਪ ਤੇ ਜੁਗਿੰਦਰ ਹੀ ਤੇਰੇ ਮਾਂ ਪਿਓ ਹਨ ਤੇ ਤੇਜ ਤੇਰਾ ਆਪਣਾ ਵੀਰ ਹੈ।"

ਮੀਤਾਂ ਗੱਲ ਕਰਦੀ-ਕਰਦੀ ਰੁਕ ਗਈ, ਰੋਣ ਥੰਮ੍ਹਿਆ ਨਾ ਗਿਆ, ਸਿਸਕੀਆਂ ਨੂੰ ਉੱਚੀ ਚੀਕਾਂ ਵਿਚ ਬਦਲਦੀਆਂ ਦੇਖ ਕੇ ਤੇਜ ਨੇ ਘਬਰਾ ਕੇ ਆਪਣੇ ਦੋਵੇਂ ਹੱਥ ਮੀਤਾਂ ਦੇ ਮੂੰਹ ਅੱਗੇ ਰੱਖ ਕੇ ਉਸ ਨੂੰ ਹੌਲੀ ਕਰਾਇਆ, ਕੋਲ ਪਈ ਮੰਜੀ 'ਤੇ ਬਿਠਾ ਕੇ ਮੁੜ ਗਲ ਨਾਲ ਲਾ ਕੇ ਕਿਹਾ, "ਮੀਤਾਂ, ਮੈਨੂੰ ਹੋਰ ਦੁਖੀ ਨਾ ਕਰ, ਮੈਨੂੰ ਉਹ ਪ੍ਰਣ ਯਾਦ ਹੈ ਜੋ ਮੈਂ ਮਾਮਾ ਜੀ ਨਾਲ ਕੀਤਾ ਸੀ ਕਿ ਮੈਂ ਤੈਨੂੰ ਔਖਿਆਂ ਨਹੀਂ ਹੋਣ ਦਿਆਂਗਾ।"

ਮੀਤਾਂ, "ਪਰ ਤੇਜ ਵੀਰ, ਤੂੰ ਮੈਨੂੰ ਪਿੰਡ ਛੱਡ ਆਉਣ ਦੀ ਸਲਾਹ ਕੀਤੀ ਹੈ, ਉਸ ਨਾਲ ਮੇਰਾ ਦੁੱਖ ਘਟੇਗਾ ਜਾਂ ਕਿ ਹੋਰ ਵੀ ਵਧ ਜਾਵੇਗਾ? ਤੂੰ ਸੱਚਾ ਏਂ, ਤੈਨੂੰ ਮੇਰੇ ਕਾਰਣ ਹਰ ਰੋਜ਼ ਲੋਕਾਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ। ਭਾਵੇਂ ਤੂੰ ਮੈਨੂੰ ਕਈ ਵੇਰਾਂ ਨਾ ਦੱਸੇ, ਪਰ ਮੈਂ ਤੇਰੇ ਚਿਹਰੇ ਤੋਂ ਸਭ ਸਮਝ ਜਾਂਦੀ ਹਾਂ। ਪਰ ਵੀਰ ਤੂੰ ਘਬਰਾ ਕਿਉਂ ਗਿਆ ਏਂ, ਤੇਰੇ ਅੰਦਰ ਇਕ ਭਰੋਸਾ ਹੋਣਾ



Academy of the Punjab in North America: http://www.apnaorg.com

ਚਾਹੀਦਾ ਏ ਕਿ ਤੂੰ ਇਕ ਯਤੀਮ ਭੈਣ ਦਾ ਆਸਰਾ ਬਣਿਆ ਏਂ। ਇਹ ਦੁਨੀਆਂ ਭੁਲੇਖੇ ਵਿਚ ਹੈ, ਚੰਨ ’ਤੇ ਥੁੱਕਿਆਂ ਆਪਣੇ ’ਤੇ ਹੀ ਪੈਂਦਾ ਹੈ। ਸੱਚ ਸੱਚ ਹੁੰਦਾ ਹੈ, ਤੂੰ ਜੇ ਆਪਣੇ ਮਿੱਤਰ ਦੇ ਘਰ ਰਾਤ ਨੂੰ ਪੜ੍ਹਨ ਦਾ ਵਿਚਾਰ ਬਣਾਇਆ ਸੀ ਤਾਂ ਫਿਰ ਕੀ ਸੀ। ਮੈਨੂੰ ਇਥੇ ਇਕੱਲੀ ਨੂੰ ਕੀ ਡਰ ਏ ? ਮੈਂ ਆਪੇ ਮਾਂ ਜੀ ਨੂੰ ਕੋਲ ਸਵਾਂ ਲਿਆ ਕਰਦੀ। ਤੂੰ ਕਾਹਨੂੰ ਕੋਸ਼ਿਸ਼ ਕਰਨੀ ਸੀ ਕਿ ਤੇਰੀ ਜਮਾਤ ਦੀ ਲੜਕੀ ਮੇਰੇ ਨਾਲ ਆ ਕੇ ਰਹੇ। ਐਵੇਂ ਏਡੀ ਗੱਲ ਵਧੀ। ਤੂੰ ਐਡਾ ਨਿੰਮੋਝੂਣਾ ਹੋਇਆ।”

ਤੇਜ ਜੋ ਹੁਣ ਤਕ ਅਹਿੱਲ ਖੜਾ ਸੁਣ ਰਿਹਾ ਸੀ, ਉਸ ਤੋਂ ਵੀ ਅੱਜ ਮਨ ਕਾਬੂ ਵਿਚ ਨਾ ਰਿਹਾ। ਉੱਠ ਕੇ ਮੁੜ ਮੀਤਾਂ ਨੂੰ ਜੱਫੀ ਵਿਚ ਲੈ ਕੇ ਫੁੱਟ-ਫੁੱਟ ਕੇ ਰੋ ਪਿਆ ਤੇ ਕਹਿਣ ਲੱਗਾ :

“ਭੈਣ, ਤੂੰ ਸੱਚ ਕਹਿੰਦੀ ਹੈਂ, ਇਹ ਸਮਾਜ ਸਭ ਨੂੰ ਇਕੋ ਰੱਸੇ ਬੰਨ੍ਹੀ ਜਾਂਦਾ ਏ, ਮੇਰੇ ਮਨ ਵਿਚ ਕਿਸੇ ਲਈ ਮੈਲ ਨਹੀਂ, ਮੈਂ ਸੱਚਾ ਹਾਂ, ਮੈਨੂੰ ਸਭ ਲੜਕੀਆਂ ਮੀਤਾਂ ਦਾ ਹੀ ਰੂਪ ਜਾਪਦੀਆਂ ਹਨ। ਪਰ ਮੇਰੀ ਪਹਿਚਾਣ ਕਿਸੇ ਨੂੰ ਨਹੀਂ ਆਈ।”

ਰਮਿੰਦਰ ਤੇ ਗੁਣਵੰਤ ਜੋ ਹੁਣ ਤਕ ਦਾ ਸਾਰਾ ਕਿੱਸਾ ਸੁਣ ਚੁੱਕੀਆਂ ਸਨ, ਉਦਾਸ ਮਨ ਨਾਲ ਚੁੱਪ ਖੜੀਆਂ ਰਹੀਆਂ। ਰਮਿੰਦਰ ਹੋਰਾਂ ਦਾ ਮਨ ਬੜਾ ਭਰਿਆ ਹੋਇਆ ਸੀ, ਮੂੰਹੋਂ ਆਵਾਜ਼ ਨਾ ਨਿਕਲਦੀ ਵੇਖ ਦੋਵੇਂ ਜਣੀਆਂ ਅੱਗੜ-ਪਿੱਛੜ ਕਾਹਲੇ ਪੈਰੀਂ ਬਾਹਰ ਨੂੰ ਤੁਰ ਪਈਆਂ।



Academy of the Punjab in North America: http://www.apnaorg.com

# ਮੇਰਿਆ ਰਾਜਿਆ !

ਭਾਵੇਂ ਵਸਾਵਾ ਸਿੰਘ ਰੱਤੀ ਭਰ ਵੀ ਮਨੋਂ ਰਾਜ਼ੀ ਨਹੀਂ ਸੀ ਕਿ ਉਹ ਮੁੜ ਉਹਨਾਂ ਵੱਲ ਜਾਵੇ ਪਰ ਮਾਇਆ ਦੇਵੀ ਦੇ ਮੁੜ-ਮੁੜ ਕਹਿਣ ਉੱਤੇ ਉਸ ਨੂੰ ਹੱਠ ਛੱਡਣਾ ਪਿਆ। ਹੁਣ ਜਦ ਉਹ ਡਿੱਗਦਾ-ਢਹਿੰਦਾ ਘਰ ਪਹੁੰਚਾ ਤਾਂ ਸਰੀਰ ਨਾਲੋਂ ਵਧੇਰੇ ਮਨੋਂ ਢੱਠਿਆ ਹੋਇਆ ਸੀ। ਪੁੱਤਰਾਂ ਦੇ ਗ਼ਮ ਤੇ ਘਰ ਦੀ ਤੰਗੀ ਨੇ ਭਾਵੇਂ ਮਾਇਆ ਵਿਚ ਵੀ ਸਾਹ ਸੱਤ ਨਹੀਂ ਸੀ ਛੱਡਿਆ, ਪਰ ਉਹ ਆਪਣੇ ਦੁੱਖ ਨੂੰ ਸਦਾ ਹੋਊ-ਪਰੇ ਕਰ ਛੱਡਦੀ ਸੀ, ਉਸ ਨੂੰ ਚਿੰਤਾ ਸੀ ਤਾਂ ਸਿਰਫ਼ ਪਤੀ ਦੀ ਸਿਹਤ ਦੀ। ਲੱਗਦੀ ਵਾਹ ਉਹ ਉਸ ਨੂੰ ਮਨ ਉੱਤੇ ਕੋਈ ਗੱਲ ਨਾ ਲਿਆਉਣ ਦਿੰਦੀ।

ਵਸਾਵਾ ਸਿੰਘ ਨੂੰ ਨਿੰਮੋਝੂਣਾ ਆਉਂਦਿਆਂ ਵੇਖ ਕੇ ਮਾਇਆ ਨੇ ਛੇਤੀ ਨਾਲ ਵਿਹੜੇ ਵਿਚ ਹੀ ਮੰਜੀ ਡਾਹ ਦਿੱਤੀ, ਜਿਸ ਉੱਤੇ ਉਹ ਲੰਮਾ ਤਾਂ ਪੈ ਗਿਆ ਪਰ ਮਨ ਨੂੰ ਚੈਨ ਨਾ ਆਵੇ, ਘੜੀ ਪਲ ਹਾਰ-ਹੁੱਠ ਕੇ ਉਹ ਉੱਠ ਬੈਠਾ ਤੇ ਮਾਇਆ ਨੂੰ ਆਵਾਜ਼ ਮਾਰ ਕੇ ਕੋਲ ਸੱਦ ਕੇ ਕਹਿਣ ਲੱਗਾ, “ਮੋਹਨ ਦੀ ਮਾਂ, ਏਦਾਂ ਕਰ, ਹੱਟੀ ਜਾ ਕੇ ਮੋਹਨ ਕੋਲੋਂ ਰੁਪਈਆ ਧੇਲੀ ਲੈ ਆ ਤੇ ਆਪਾਂ ਕਮੇਟੀ ਦੇ ਹਸਪਤਾਲੋਂ ਦਵਾਈ ਲੈ ਆਈਏ, ਕਹਿੰਦੇ ਆ, ਦੋ ਪੁੜੀਆਂ ਨਾਲ ਹੀ ਫ਼ਰਕ ਜਾਪਣ ਲੱਗ ਪੈਂਦਾ ਹੈ, ਤੈਨੂੰ ਕਿਹੜੀ ਭੁੱਲ ਆ, ਜਦ ਵੱਡੇ ਮੁੰਡਿਆਂ ਵਿਚੋਂ ਦਸਾਂ ਸਾਲਾ ਤੋਂ ਕੋਈ ਦੁਆਨੀ ਦਾ ਦੁਆਲ ਨਹੀਂ ਹੋਇਆ ਤਾਂ ਅੱਜ ਉਹਨਾਂ ਕਿਹੜੀ ਧੋਣੀ ਧੋ ਦੇਣੀ ਸੀ। ਵੇਖੇ-ਜਾਚੇ ਦਾ ਕੀ ਵੇਖਣਾ ਹੁੰਦਾ ਹੈ।”

ਪਤੀ ਦੀ ਗੱਲ ਮਨ ਨੂੰ ਲੱਗਦੀ ਜਾਪ, ਮਾਇਆ ਹੱਟੀ ਉੱਤੇ ਜਾ ਝਬਦੇ ਹੀ ਨਿੱਕੇ ਪੁੱਤਰ ਤੋਂ ਪੈਸੇ ਲੈ ਆਈ ਤੇ ਦੋਵੇਂ ਜਣੇ ਨੇੜਿਓਂ ਯੂਨਾਨੀ ਹਸਪਤਾਲੋਂ ਦਵਾਈ ਲੈ ਆਏ।

ਮਾਇਆ ਪੂਰੇ ਫ਼ਿਕਰ ਨਾਲ ਮਨ ਵਿਚ ਵਿਸ਼ਵਾਸ ਰੱਖ ਕੇ ਦਵਾਈ ਦੇਂਦੀ ਰਹੀ। ਵਸਾਵਾ ਸਿੰਘ ਨੂੰ ਜਾਪਿਆ ਜਿਵੇਂ ਦਿਨਾਂ ਵਿਚ ਹੀ ਉਸ ਦੀ ਕਾਇਆ ਕਲਪ ਹੋ ਗਈ ਹੋਵੇ। ਹੁਣ ਉਹ ਸਵੇਰੇ ਦੁੱਧ ਆਪ ਲੈਣ ਲਈ ਜਾਣ ਲੱਗ ਪਿਆ, ਦੂਜੇ ਤੀਜੇ ਦਿਨ ਗੁਰਦੁਆਰੇ ਜਾ ਕੇ ਮੱਥਾ ਵੀ ਟੇਕ ਆਉਂਦਾ ਤੇ ਆਉਂਦਾ ਹੋਇਆ ਛੋਟੇ ਪੁੱਤਰ ਕੋਲ ਹੱਟੀ ਵੀ ਘੜੀ-ਪਲ ਬਹਿ ਆਉਂਦਾ।



Academy of the Punjab in North America: http://www.apnaorg.com

ਪਰ ਨਿਰੀ ਦਵਾਈ ਵੀ ਕਦ ਤਕ ਬੰਦੇ ਨੂੰ ਬਲਵਾਨ ਬਣਾਈ ਰੱਖਦੀ ਹੈ, ਖ਼ਾਸ ਕਰਕੇ ਬੁੱਢੀ ਉਮਰ ਦੀ ਕਮਜ਼ੋਰੀ ਲਈ ਥੋੜ੍ਹੇ ਬਹੁਤ ਦੁੱਧ ਦਹੀਂ ਦੀ ਭਰਤੀ ਵੀ ਜ਼ਰੂਰੀ ਹੁੰਦੀ ਹੈ। ਮੋਹਨ ਦੀ ਕਮਾਈ ਨਾਲ ਤਾਂ ਆਟਾ, ਦਾਲ ਹੀ ਮਸਾਂ ਚੱਲਦਾ ਸੀ, ਉਪਰਲਾ ਖ਼ਰਚ ਕਿਥੋਂ ਹੁੰਦਾ ? ਪਾ ਦੁੱਧ ਤਿੰਨ ਜੀਆਂ ਦੀ ਦੋ ਵੇਰਾਂ ਦੀ ਚਾਹ ਵਿਚ ਹੀ ਮੁੱਕ ਜਾਂਦਾ। ਉਤੋਂ ਸਿਆਲੀ ਦਿਨ ਆ ਗਏ, ਜੋ ਮਾੜੇ ਬੰਦੇ ਦੇ ਹੱਡਾਂ ਦਾ ਖੌਅ ਹੁੰਦੇ ਹਨ। ਵਸਾਵਾ ਸਿੰਘ ਦਿਨ-ਬ-ਦਿਨ ਮਾਂਦਾ ਪੈਂਦਾ ਜਾ ਰਿਹਾ ਸੀ। ਦਵਾਈ ਪੋਹਣੋ ਹਟ ਗਈ। ਮਾਇਆ ਦੇਵੀ ਬਥੇਰਾ ਵਾਹ ਲੱਗਦੀ ਨੂੰ ਓਹੜ-ਪੋਹੜ ਕਰਦੀ, ਪਰ ਕਮਜ਼ੋਰੀ ਵਧਦੀ ਗਈ।

ਮੰਜੀ ’ਤੇ ਪਿਆ ਵਸਾਵਾ ਸਿੰਘ, ਹੁਣ ਹਰ ਵੇਲੇ ਇਹੋ ਗੱਲਾਂ ਕਰਦਾ, “ਮੋਹਨ ਦੀ ਮਾਂ, ਵੇਖਿਆ ਈ ਨਾ, ਇਹਨਾਂ ਕਿੱਦਾਂ ਮੱਥੇ ’ਤੇ ਅੱਖਾਂ ਧਰ ਲਈਆਂ ਨੇ। ਇਸ ਵੱਡੇ ਸੁਰਜਨ ਵੇਲੇ ਤੂੰ ਦੋਵੇਂ ਵੇਲੇ ਪਾਠ ਕਰ ਕੇ, ਕਿਸੇ ਕੰਮ ਧੰਦੇ ਵੱਲ ਹੁੰਦੀ ਸੈਂ। ਮੈਂ ਪੰਜ ਮੱਸਿਆ ਨਹਾਤੀਆਂ। ਕਦੀ ਮੋਟਰ ’ਤੇ ਚੜ੍ਹ ਕੇ ਨਾ ਗਿਆ, ਤੁਰ ਕੇ ਜਾਣਾ ਤੇ ਤਕਾਲਾਂ ਨੂੰ ਤੁਰੇ ਪੈਰੀਂ ਆ ਜਾਣਾ। ਜਿਸ ਕਿਸੇ ਕੋਈ ਜਾਹਰੀ ਥਾਂ ਦੱਸਣੀ, ਅਸਾਂ ਉਥੇ ਪੁੱਜ ਕੇ ਅੱਪੜਨਾ। ਜਦੋਂ ਬਾਬੇ ਕੀ ਬੀੜ ਗਏ, ਉਹ ਭੀੜ-ਭੜੱਕਾ ਕਦੇ ਵੇਖਿਆ, ਡਿੱਠਾ ਨਹੀਂ ਹੋਣਾ, ਉਤੋਂ ਹਾੜ ਦੇ ਦਿਨ ਸਨ, ਪਰ ਤੂੰ ਸਾਰਾ ਦਿਨ ਵਾਹਿਗੁਰੂ ਦੇ ਚਰਨਾਂ ਵਿਚ ਸੇਵਾ ਕੀਤੀ। ਕਿਤੇ ਤਰਕਾਲਾਂ ਪਈਆਂ ਨੂੰ ਘਰ ਮੁੜੇ।”

ਮਾਇਆ ਨੇ ਜਦ ਵੇਖਿਆ ਕਿ ਭਾਵੇਂ ਵਸਾਵਾ ਸਿੰਘ ਰੋਜ਼ ਹੀ ਪਿਛਲੀਆਂ ਗੱਲਾਂ ਯਾਦ ਕਰਦਾ ਸੀ ਪਰ ਅੱਜ ਉਸ ਦੇ ਬੋਲ ਵਿਚ ਬੜਾ ਫ਼ਰਕ ਸੀ। ਉਸ ਦਾ ਸਾਹ ਟੁੱਟਦਾ ਤੇ ਉਹ ਮੱਧਮ ਹੋ ਜਾਦਾ, ਝੱਟ ਲੰਮਾ ਪੈਣ ਲੱਗਦਾ ਪਰ ਵਿਚੋਂ ਕੋਈ ਹੋਰ ਗੱਲ ਯਾਦ ਆਉਣ ਲੱਗ ਪੈਂਦੀ ਤੇ ਜ਼ੋਰ ਲਾ ਕੇ ਉਤਾਂਹ ਨੂੰ ਉਠ ਬਹਿੰਦਾ।

ਵਸਾਵਾ ਸਿੰਘ ਨੂੰ ਬੇਚੈਨ ਵੇਖ ਕੇ ਕੰਮ ਵਿਚੇ ਹੀ ਛੱਡ ਕੇ ਮਾਇਆ ਉਸ ਨੂੰ ਕੋਲ ਬਹਿ ਕੇ ਘੁੱਟਣ ਲੱਗ ਪਈ। ਸੋਚਿਆ ਖੌਰੇ ਸਰੀਰਕ ਥਕਾਵਟ ਘਟਣ ਨਾਲ ਅੱਖ ਲੱਗ ਜਾਏ ਪਰ ਵਸਾਵਾ ਸਿੰਘ ਦੀਆਂ ਅੱਖਾਂ ਵਿਚ ਅੱਜ ਨੀਂਦ ਕਿਥੇ ?

ਉਹ ਆਪਣੀ ਗੱਲ ਕਰੀ ਗਿਆ, “ਵਾਹਿਗੁਰੂ ਨੇ ਸਾਡੀ ਸੁਣੀ, ਪਤਾ ਈ ਨਾ, ਜਿੱਦਣ ਸੁਰਜਨ ਹੋਇਆ ਕਿੰਨੀ ਖ਼ੁਸ਼ੀ ਕੀਤੀ, ਪੂਰਾ ਡੂਢ ਮਣ ਪੱਕਾ ਆਟਾ ਪੱਕਾ ਸੀ। ਫਿਰ ਜਦੋਂ ਵਾਹਿਗੁਰੂ ਨੇ ਜੋੜੀ ਬਣਾਈ। ਸਾਡਾ ਜੁਗਿੰਦਰ ਹੋਇਆ, ਮੇਰੀ ਮਾਂ ਨੇ ਪੰਜ ਦਿਨ ਗੌਣ ਬਿਠਾਇਆ। ਕੁੜੀਆਂ ਨੇ ਸਿਰ ’ਤੇ ਘਰ ਚੁਕਣਾ ਲਿਆ ਸੀ। ਦੋਹਾਂ ਵੱਡਿਆਂ ਦਾ ਤੇ ਤੂੰ ਕਦੀ ਵਸਾਹ ਨਹੀਂ ਸੀ ਕੀਤਾ। ਮੇਰਾ ਕੰਮ ਉਦੋਂ ਚੰਗਾ ਸੀ। ਜੋ ਮੰਗਣਾ ਤੂੰ ਹੱਟੀ ’ਤੇ ਸੁਨੇਹਾ ਘੱਲ



Academy of the Punjab in North America: http://www.apnaorg.com

ਕੇ ਉਸੇ ਘੜੀ ਮੰਗਵਾਉਣਾ। ਨਿੱਕਾ ਵਿਚਾਰਾ ਮੋਹਨ ਤੇ ਜੰਮਦਿਆਂ ਵਖਤਾਂ ਵਿਚ ਪੈ ਗਿਆ।"

ਪਤੀ ਦੀਆਂ ਗੱਲਾਂ ਸੁਣ ਕੇ ਮਾਇਆ ਦਾ ਆਪਣਾ ਮਨ ਭਰਿਆ ਪਿਆ ਸੀ। ਪਰ ਉਸ ਨੇ ਮਨ ਨੂੰ ਬੰਨ੍ਹ ਕੇ ਪਤੀ ਨੂੰ ਲੰਮਾ ਪਾ ਦਿੱਤਾ ਤੇ ਕਹਿਣ ਲੱਗੀ, "ਮੋਹਨ ਦੇ ਭਾਈਆ! ਤੂੰ ਕਾਹਨੂੰ ਹੁਣ ਝੂਰਦਾ ਏਂ। ਚਲੋ ਹੱਛਾ, ਉਹਨਾਂ ਦੇ ਪੱਲੇ ਅਸਾਂ ਨਾ ਪਾਇਆ ਹੋਊ। ਵਾਹਿਗੁਰੂ ਉਹਨਾਂ ਨੂੰ ਵੀ ਨਵਾਂ ਨਰੋਆ ਰੱਖੇ। ਇਸ ਬਾਲੜੇ ਦੇ ਕੰਮਾਂ ਵਿਚ ਬਰਕਤ ਪਾਵੇ, ਜੀਹਨੇ ਸਾਡੀ ਡੰਗੋਰੀ ਫੜੀ ਹੈ।"

ਮਾਇਆ ਕੋਲੋ ਮੋਹਨ ਦਾ ਨਾਂ ਸੁਣ ਕੇ ਵਸਾਵਾ ਸਿੰਘ ਮੁੜ ਉਤਾਂਹ ਨੂੰ ਹੋਇਆ ਤੇ ਕਿਹਾ, "ਮੋਹਨ ਕਿਥੇ ਏ! ਮਾਇਆ ਮੋਹਨ ਨੂੰ ਸੱਦ, ਕਹੁ ਮੇਰੇ ਕੋਲ ਆ ਕੇ ਬਹੇ। ਮੋਹਨ! ਮੋਹਨ ਆ ਮੇਰੇ ਕੋਲ ਆ ਕੇ ਬਹੁ।" ਜਦ ਵਸਾਵਾ ਸਿੰਘ ਨੇ ਜ਼ੋਰ ਨਾਲ ਆਵਾਜ਼ ਮਾਰੀ ਤਾਂ ਉਸ ਦਾ ਸਾਹ ਉੱਖੜ ਗਿਆ। ਮਾਇਆ ਨੇ ਛੇਤੀ ਨਾਲ ਕੋਲ ਪਿਆ ਪਾਣੀ ਫੜਿਆ। ਵਸਾਵਾ ਸਿੰਘ ਨੇ ਘੁੱਟ ਪਾਣੀ ਤਾਂ ਪੀਤਾ ਪਰ ਸਾਹ ਮੁੜਨ ਵਿਚ ਨਾ ਆਏ। ਮਾਇਆ ਬਾਹਰ ਕਿਸੇ ਨੂੰ ਮੋਹਨ ਨੂੰ ਸੱਦਣ ਲਈ ਆਖਣ ਭੱਜੀ। ਪਰ ਉਸ ਦੇ ਅੰਦਰ ਆਉਂਦਿਆਂ ਨੂੰ ਵਸਾਵਾ ਸਿੰਘ ਦਾ ਤਪਦਾ ਹਿਰਦਾ ਸ਼ਾਂਤ ਹੋ ਚੁੱਕਾ ਸੀ ਤੇ ਸਰੀਰ ਵਿਚ ਕੋਈ ਸਾਹ ਬਾਕੀ ਨਹੀਂ ਸੀ।

ਹੱਕੀ-ਬੱਕੀ ਨੇ ਦੁਹਾਈ ਪਾਉਣੀ ਸ਼ੁਰੂ ਕਰ ਦਿੱਤੀ। ਮਾਇਆ ਦੇ ਵੈਣ ਸੁਣ ਕੇ ਗਲੀ-ਗਵਾਂਢ ਭੱਜਾ ਆਇਆ। ਜ਼ਨਾਨੀਆਂ ਬਹਿੰਦੀਆਂ ਗਈਆਂ। ਸਭ ਵਸਾਵਾ ਸਿੰਘ ਦੀ ਨੇਕੀ ਨੂੰ ਯਾਦ ਕਰਨ ਲੱਗੇ। ਮਰਦ ਉਸ ਦੀਆਂ ਲੱਤਾਂ ਬਾਹਵਾਂ ਹਿਲਾ ਕੇ ਵੇਖਣ ਲੱਗੇ। ਪੁੱਤਰਾਂ ਨੂੰ ਸੁਨੇਹਾ ਭੇਜ ਦਿੱਤਾ ਗਿਆ।

ਲੋਕ ਉਡੀਕ ਕਰ ਰਹੇ ਸਨ ਕਿ ਉਹਨਾਂ ਨਾਲ ਪਿਓ ਦਾ ਅਫ਼ਸੋਸ ਕਰਨ, ਪਰ ਉਹਨਾਂ ਨੂੰ ਆਉਂਦਿਆਂ ਨੜੋਏ ਦਾ ਫ਼ਿਕਰ ਪੈ ਗਿਆ। ਘਰ ਦੀ ਹਾਲਤ ਵੇਖ ਕੇ ਮੇਲੀ, ਗੇਲੀ ਸਾਕ-ਸੰਬੰਧੀ ਕੀ ਆਖਣਗੇ ? ਗਲੀ ਮੁਹੱਲਾ ਵੀ ਬੜਾ ਗੰਦਾ ਹੈ। ਸੋਚ ਵਿਚਾਰ ਕੇ ਦੋਹਾਂ ਨੇ ਮੋਏ ਪਿਉ ਨੂੰ ਆਪਣੇ ਘਰ ਲੈ ਜਾਣ ਦੀ ਵਿਉਂਤ ਬਣਾਈ।

ਜਦ ਮਾਇਆ ਦੇ ਕੰਨੀਂ ਇਹ ਗੱਲ ਪਈ ਤਾਂ ਉਸ ਦੀ ਚੀਕ ਨਿਕਲ ਗਈ, "ਵੇ ਲੋਕੋ! ਰੱਬ ਦਾ ਵਾਸਤਾ ਜੇ, ਕਿਤੇ ਨਾ ਖੜਿਉ, ਇਹਦਾ ਨੜੋਆ ਇਸੇ ਘਰੋਂ ਨਿਕਲੇਗਾ। ਦੁਹਾਈ ਵੇ ਲੋਕੋ! ਮੈਂ ਲੁੱਟੀ ਗਈ, ਮੈਂ ਆਪਣਾ ਢਿੱਡ ਕੀਹਦੇ ਅੱਗੇ ਫੋਲਾਂ ?" ਕਹਿੰਦੀ ਹੋਈ ਮਾਇਆ ਨੇ ਰੋ-ਰੋ ਕੇ ਆਪਣੇ ਵਾਲ ਖੋਹ ਸੁੱਟੇ ਤੇ ਸਾਰਾ ਸਰੀਰ ਦੁਹੱਥੜਾਂ ਮਾਰ-ਮਾਰ ਨੀਲਾ ਕਰ ਸੁੱਟਿਆ।



Academy of the Punjab in North America: http://www.apnaorg.com

ਅੱਧੇ ਘੰਟੇ ਦੇ ਵਿਚ-ਵਿਚ ਮਾਇਆ ਦੀ ਮਰਜ਼ੀ ਤੋਂ ਬਿਨਾਂ ਹੀ ਵੱਡੇ ਪੁੱਤਰ ਅਰਥੀ ਆਪਣੇ ਘਰ ਵੱਲ ਲੈ ਤੁਰੇ। ਸਿਆਣੀਆਂ ਜਨਾਨੀਆਂ ਮਾਇਆ ਨੂੰ ਸਮਝਾਉਣੀਆਂ ਦੇ ਰਹੀਆਂ ਸਨ, "ਮਾਇਆ, ਕਮਲ ਨਾ ਕਰ, ਪੁੱਤ ਕਾਹਦੇ ਲਈ ਹੁੰਦੇ ਨੇ ? ਇਹੋ ਮੰਗੀਦਾ ਭਈ ਪੁੱਤ ਜੰਮਣ ਤੇ ਮਾਪਿਆਂ ਦਾ ਮਰਨਾ ਸੰਵਾਰਨ।" ਪਰ ਮਾਇਆ ਨੇ ਪਿੱਟ-ਪਿੱਟ ਕੇ ਆਪਣੇ ਸਰੀਰ ਦਾ ਕੁਝ ਨਾ ਛੱਡਿਆ। ਆਖ਼ਰ ਮੋਹਨ ਦੇ ਕਹਿਣ 'ਤੇ ਉਹ ਰੋਂਦੀ-ਪਿੱਟਦੀ ਅਰਥੀ ਮਗਰ ਤੁਰ ਪਈ।

ਅਰਥੀ ਲਿਆ ਕੇ ਵੱਡੇ ਵਿਹੜੇ ਵਿਚ ਰੱਖੀ ਗਈ। ਮੇਲੀ, ਗੇਲੀ, ਗਲੀ-ਮੁਹੱਲਾ ਸਭ ਇਕੱਠੇ ਹੋ ਗਏ। ਪੁੱਤਰਾਂ ਦੀ ਹੈਸੀਅਤ ਮੁਤਾਬਕ ਕੀਮਤੀ ਦੁਸ਼ਾਲਾ ਖ਼ਰੀਦਿਆ ਗਿਆ, ਕੁੜਮਾਂ ਦੀਆਂ ਮਕਾਣਾਂ ਵੀ ਪੁੱਜਣੀਆਂ ਸ਼ੁਰੂ ਹੋ ਗਈਆਂ, ਦੋਹਰੀਆਂ ਤੀਹਰੀਆਂ ਚੱਦਰਾਂ ਕੱਢੀਆਂ ਗਈਆਂ ਵਸਾਵਾ ਸਿੰਘ 'ਤੇ ਪਾਉਣ ਲਈ ਜਿਹੜੀਆਂ ਇਕ ਦੂਜੇ ਤੋਂ ਚੜ੍ਹਦੀਆਂ ਸਨ।

ਹੋਰ ਮਕਾਣਾਂ ਆਉਂਦੀਆਂ ਗਈਆਂ, ਜਦੋਂ ਆਹਮੋ-ਸਾਹਮਣੇ ਮਕਾਣਾਂ ਪੈਂਤੜਾ ਬੰਨ੍ਹ ਕੇ ਖਲੋ ਗਈਆਂ ਤਾਂ ਨੈਣ ਨੇ ਮਾਇਆ ਨੂੰ, ਜੋ ਹੁਣ ਤਕ ਸਿਲ੍ਹ ਬਣੀ ਬੈਠੀ ਸੀ, ਬਾਹੋਂ ਫੜ ਕੇ ਉਠਾਇਆ। ਮਾਇਆ ਅਗਾਂਹ ਹੋ ਕੇ ਖਲੋ ਗਈ।

ਨੈਣ ਨੇ ਪਹਿਲੀ ਅਲਾਹੁਣੀ ਚੁੱਕੀ, 'ਜਾਂ ਮਰਨਾ ਤਾਂ ਸਚ ਵਾ ਜੀਣਾ ਝੂਠ ਪਾਸਾਰ' ਤੇ ਜ਼ਨਾਨੀਆਂ, 'ਰਾਜਾ ਵਾਹ ਰਾਜਾ', ਦਾ ਕਰੁਣਾਮਈ ਅਲਾਪ ਕਰਦੀਆਂ ਰਹੀਆਂ। ਇਥੋਂ ਤਕ ਮਾਇਆ ਵੀ ਬਰਾਬਰ ਨਿਭਾਉਂਦੀ ਰਹੀ ਪਰ ਜਦ ਨੈਣ ਨੇ ਦੂਸਰੀ ਅਲਾਹੁਣੀ 'ਮੇਰਿਆ ਰਾਜਿਆ ਤੂੰ ਅਮੀਰ, ਰਾਜਾ ! ਵਾਹ ਰਾਜਾ ! ਉੱਚੇ ਮਹਿਲਾਂ ਵਾਲਾ, ਰਾਜਾ ਵਾਹ ਰਾਜਾ ! ਵੱਡਿਆਂ ਬਾਗਾਂ ਵਾਲਾ, ਰਾਜਾ ਵਾਹ ਰਾਜਾ ! ਸੋਹਣੇ ਭੋਸ਼ਣਾਂ ਵਾਲਾ, ਰਾਜਾ ਵਾਹ ਰਾਜਾ !' ਦੀ ਦਿੱਤੀ ਤਾਂ ਮਾਇਆ ਨੇ ਵੇਖਿਆ ਨੂੰਹਾਂ, 'ਮੇਰਿਆ ਰਾਜਿਆ ਤੂੰ ਅਮੀਰ' ਕਹਿੰਦੀਆਂ ਹੋਈਆ ਜ਼ੋਰ-ਜ਼ੋਰ ਨਾਲ ਦੁਹੱਥੜਾਂ ਪਿੱਟ ਰਹੀਆਂ ਸਨ।

ਉਸੇ ਘੜੀ ਮਾਇਆ ਦੇ ਮਨ ਤੇ ਤਨ ਵਿਚ ਇਹ ਅਲਾਹੁਣੀ ਜਾਣੋ ਬਿਜਲੀ ਵਾਂਗ ਐਸੀ ਲੱਥੀ ਕਿ ਉਸ ਤੋਂ ਖਲੋਤਾ ਨਾ ਗਿਆ ਤੇ ਉਹ ਡਿੱਗਣ ਲੱਗੀ।

ਆਪਣੇ ਆਪ ਨੂੰ ਸੰਭਾਲਦਿਆਂ ਵੀ ਉਹ ਜ਼ੋਰ ਨਾਲ ਦਰੀ 'ਤੇ ਜਾ ਡਿੱਗੀ। ਸਾਰੀਆਂ ਬਾਹਵਾਂ ਰੁਕ ਗਈਆਂ। ਸਭ ਮਰਦ ਤੀਵੀਆਂ ਮਾਇਆ ਦੁਆਲੇ ਇਕੱਠੇ ਹੋਏ ਸਨ, ਪਰ ਉਹ ਬੇਸੁਰਤ ਪਈ ਸੀ।



Academy of the Punjab in North America: http://www.apnaorg.com

# ਸੇਵਾ ਮੁਕਤੀ

"ਮਾਮ ਪਲੀਜ਼, ਘੱਟੋ ਘੱਟ ਤੁਸੀਂ ਮੇਡ ਦੇ ਮਗਰ ਫਿਰ ਕੇ ਤਾਂ ਸਫ਼ਾਈ ਕਰਾ ਦਿਆ ਕਰੋ। ਦੇਖੋ, ਕਿਵੇਂ ਗਰਦਾ ਹਰ ਥਾਂ 'ਤੇ ਨਜ਼ਰ ਆ ਰਿਹਾ ਹੈ। ਰੁੜ੍ਹ ਜਾਣੀ ਮਜ਼ਾਲ ਏ, ਕਿਤੇ ਥੋੜ੍ਹੀ ਬਹੁਤੀ ਝਾੜ-ਪੂੰਝ ਕਰ ਲਿਆ ਕਰੇ। ਉਪਰੋਂ-ਉਪਰੋਂ ਮਿੰਟਾਂ 'ਚ ਝਾੜਣ ਦਾ ਨਾਟਕ ਕਰਦੀਆਂ ਨੇ, ਜੀ ਨਹੀਂ ਕਰਦਾ ਮਨ ਲਾ ਕੇ ਕੰਮ ਕਰਨ।" ਮਨਜੀਤ ਨੇ ਘਰ ਵੜਦਿਆਂ ਹੀ ਬਲਵੰਤ ਕੌਰ ਨੂੰ ਵੇਖਦਿਆਂ ਇਕੋ ਸਾਹੇ ਬੋਲਣਾ ਸ਼ੁਰੂ ਕਰ ਦਿੱਤਾ।

"ਮਨਜੀਤ ਬੇਟੀ! ਤੂੰ ਆਪ ਕਿਹਾ ਸੀ ਤੁਸੀਂ ਉਸ ਨਾਲ ਗੱਲੀਂ ਰੁੱਝ ਜਾਂਦੇ ਹੋ, ਉਹ ਹੋਰ ਮਚਲ-ਮਚਲ ਤੁਰਨ ਲੱਗ ਪੈਂਦੀ ਹੈ, ਤੁਸੀਂ ਉਹਨੂੰ ਕੰਮ ਵਿਚ ਲੱਗੀ ਰਹਿਣ ਦਿਆ ਕਰੋ। ਮਨ ਉਟਕਾਅ ਲੈਂਦੀਆਂ ਹਨ, ਅੱਗੇ ਕਿਹੜਾ ਮਨ ਨਾਲ ਕੰਮ ਕਰਦੀ ਏ। ਹੁਣ ਤੂੰ ਕਹਿੰਦੀ ਏਂ ਨਾਲ-ਨਾਲ ਦੱਸ ਕੇ ਕੰਮ ਕਰਾਇਆ ਕਰੋ।"

"ਇਹੋ ਗੱਲ ਹੈ, ਤੁਹਾਨੂੰ ਸਮਝਾਇਆ ਨਹੀਂ ਜਾ ਸਕਦਾ। ਮੈਂ ਕਹਿੰਦੀ ਆਂ ਇਹਨਾਂ ਨਾਲ ਗੱਲੀਂ ਨਹੀਂ ਪੈਦਾ ਚਾਹੀਦਾ। ਇਹ ਮਚਲੀਆਂ ਹੋ ਜਾਂਦੀਆਂ ਨੇ। ਇਹ ਮੈਂ ਕਦੋਂ ਕਿਹਾ, ਕੰਮ ਨਾ ਵੇਖਿਆ ਕਰੋ। ਇਹਨਾਂ ਲੋਕਾਂ ਦੇ ਤੇ ਸਿਰ 'ਤੇ ਚੜ੍ਹੇ ਰਹੀਏ, ਫਿਰ ਸਾਫ਼ ਕੰਮ ਦੀ ਆਸ ਹੁੰਦੀ ਹੈ। ਮਾਤਾ ਜੀ! ਤੁਸੀਂ ਵੀ ਅਜੀਬ ਜਿਹੀਆਂ ਗੱਲਾਂ ਕਰਨ ਲੱਗ ਪਏ ਹੋ।"

ਬਲਵੰਤ ਕੌਰ ਦਾ ਮੂੰਹ ਝਿੱਥਾ ਪੈ ਗਿਆ ਪਰ ਡਰਦੀ ਨੇ ਮੁੜ ਕਿਹਾ, "ਮਾਨਾ ਬੇਟੀ! ਸੱਚ ਜਾਣਂ, ਮੈਂ ਮਗਰ-ਮਗਰ ਹੀ ਰਹਿੰਦੀ ਆਂ, ਓਹ ਵਿਚਾਰੀ ਕੰਮ ਵੀ ਠੀਕ ਕਰਦੀ ਏ, ਐਵੇਂ ਹਰ ਵੇਲੇ ਕੰਮਾਂ ਵਾਲਿਆਂ ਨੂੰ ਡਾਂਟਦੇ ਰਹੀਏ ਤਾਂ ਇਹ ਟਿਕਦੇ ਵੀ ਨਹੀਂ। ਸਾਡੀ ਲੋੜ ਹੈ। ਇਕ ਦਿਨ ਨੌਕਰ ਨਾ ਆਉਣ ਘਰ ਵਿਚ ਹੇਠਲੀ ਉੱਤੇ ਆ ਜਾਂਦੀ ਹੈ। ਤੂੰ ਵੇਖਦੀ ਤੇ ਹੈਂ, ਮੈਂ ਪੂਰਾ ਧਿਆਨ ਦੇਂਦੀ ਆਂ, ਕਮਰਿਓ-ਕਮਰੀ ਪਿੱਛੇ ਹੀ ਲੱਗੀ ਰਹਿੰਦੀ ਆਂ, ਆਹ ਗੋਡਿਆਂ ਦੀ ਪ੍ਰਾਬਲਮ ਹੁਣ ਇੰਨੀ ਭੱਜ-ਨੱਠ ਨਹੀਂ ਕਰਨ ਦਿੰਦੀ।"



Academy of the Punjab in North America: http://www.apnaorg.com

ਮਨਜੀਤ ਹੁਣ ਬੋਲੀ ਤੇ ਨਾ ਪਰ ਮਨ ਵਿਚ ਅਜੇ ਵੀ ਗੁੱਸਾ ਸੀ ਤੇ ਚਿਹਰਾ ਤਣਿਆ ਹੋਇਆ। ਲੌਬੀ ਵਿਚ ਪਏ ਸੋਫ਼ੇ 'ਤੇ ਬੈਠ ਕੇ ਅਖ਼ਬਾਰ ਫੜੀ। ਨਾਲ ਹੀ ਨੌਕਰ ਨੂੰ ਆਵਾਜ਼ ਦਿੱਤੀ ਕਿ ਉਹਦੇ ਲਈ ਕੋਲਡ ਡਰਿੰਕ ਲਿਆਵੇ। ਰਾਜੂ ਸ਼ਾਇਦ ਉਪਰ ਕੰਮ ਕਰ ਰਿਹਾ ਸੀ। ਉਸ ਨੇ ਆਵਾਜ਼ ਨਾ ਸੁਣੀ ਸਮਝ ਕੇ ਬਲਵੰਤ ਕੌਰ ਆਪ ਫਰਿਜ ਵੱਲ ਉੱਠ ਤੁਰੀ ਕਿ ਸ਼ਾਇਦ ਮਨਜੀਤ ਨੂੰ ਵਧੇਰੇ ਪਿਆਸ ਲੱਗੀ ਹੋਵੇਗੀ, ਬਾਹਰੋਂ ਆਈ ਹੈ। ਇੰਨੇ ਨੂੰ ਰਾਜੂ ਹੇਠਾਂ ਉੱਤਰ ਆਇਆ ਤੇ ਉਸ ਨੇ ਛੇਤੀ ਨਾਲ ਫਰਿੱਜ ਵਿਚੋਂ ਮਨਜੀਤ ਨੂੰ ਕੋਲਡ ਡਰਿੰਕ ਗਲਾਸ ਵਿਚ ਪਾ ਕੇ ਫੜਾਈ।

ਪੀਂਦਿਆਂ ਵੀ ਮਨਜੀਤ ਦਾ ਗੁੱਸਾ ਠੰਡਾ ਨਹੀਂ ਸੀ ਹੋਇਆ। ਰਾਜੂ ਨੂੰ ਰਸੋਈ ਵਿਚੋਂ ਮੁੜ ਆਵਾਜ਼ ਮਾਰ ਕੇ ਡਾਂਟਣ ਲੱਗ ਪਈ, "ਛੋਟੂ, ਸਾਰਾ ਦਿਨ ਕੀ ਕਰਦਾ ਏਂ ? ਅਜੇ ਤੇਰਾ ਕੰਮ ਨਹੀਂ ਮੁੱਕਾ। ਇਹ ਘੜੀਆਂ ਕਾਹਦੇ ਲਈ ਲਾਈਆਂ ਨੇ ? ਤੂੰ ਵੀ ਤੇ ਨਹੀਂ ਗੱਲਾਂ-ਬਾਤਾਂ ਸੁਣਨ ਵਿਚ ਰੁੱਝ ਜਾਂਦਾ। ਪਾਲਕ-ਪਨੀਰ ਤਿਆਰ ਕਰ ਲਿਆ ਏ, ਭਿੰਡੀਆਂ ਭਰ ਕੇ ਬਣਾਈਆਂ ਕਿ ਉਸ ਤਰ੍ਹਾਂ ? ਸਾਹਿਬ ਆਉਣ ਵਾਲੇ ਨੇ, ਚੱਲ ਕਰ ਕੰਮ ਛੇਤੀ ਨਾਲ। ਮੰਮੀ ਪਲੀਜ਼ ! ਤੁਸੀਂ ਜਾਓ ਬੈਠੋ, ਕਰੋ ਅਰਾਮ ਆਪਣੇ ਕਮਰੇ ਵਿਚ ਜਾ ਕੇ। ਫਿਰ ਕਹੋਗੇ ਕਹਿੰਦੀ ਆ। ਬੰਦਾ ਕੀ ਕਰੇ ਬਾਹਰ ਦੀ ਡਿਊਟੀ ਕਰੇ ਕਿ ਘਰ ਸੰਵਾਰੇ। ਬੜਾ ਔਖਾ ਕੰਮ ਹੈ। ਉਪਰੋਂ ਰੋਸੇ ਸੁਣੋ, ਮੈਨੂੰ ਆਹ ਕਹਿ ਦਿੱਤਾ, ਉਹ ਕਹਿ ਦਿੱਤਾ, ਸਾਡੇ ਕੋਲ ਐਨੀ ਹਿੰਮਤ ਨਹੀਂ ਹੁੰਦੀ। ਦੱਸੋ ਭਾਈ ਅਸੀਂ ਫ਼ੌਲਾਦ ਦੇ ਬਣੇ ਆਂ ? ਸਾਰੇ ਇਕੋ ਜਿਹੇ ਹੁੰਦੇ ਹਨ।"

ਬਲਵੰਤ ਕੌਰ ਕੋਲੋਂ ਹੁਣ ਹੋਰ ਸੁਣਨਾ ਅਸਹਿ ਹੋ ਗਿਆ। ਡਰਦਿਆਂ ਉੱਚੀ ਤਾਂ ਨਾ ਬੋਲੀ, ਪਰ ਮਨ ਵਿਚ ਹੀ ਕਹਿਣ ਲੱਗ ਪਈ, "ਕਿਹਾ ਵਕਤ ਆ ਗਿਆ ਏ। ਇਹ ਵੀ ਦਿਨ ਵੇਖਣੇ ਸਨ। ਇਹੋ ਜਿਹੇ ਜੀਣ ਨਾਲੋਂ ਤਾਂ ਬੰਦਾ ਕੁਝ ਖਾ ਕੇ ਮਰ ਜਾਵੇ। ਜਾਨ ਹੁੰਦੀ ਤਾਂ ਇਹਦੇ ਆਉਣ ਤੋਂ ਪਹਿਲਾਂ ਨਾਲ ਲੱਗ ਕੇ ਝਾੜ-ਪੂੰਝ ਕਰ ਲਵਾਂ ਪਰ ਹਿੰਮਤ ਕਿਥੋਂ ਲਿਆਵਾਂ ? ਦਿਨੋ ਦਿਨ ਕਮਜ਼ੋਰੀ ਆਉਂਦੀ ਜਾਂਦੀ ਏ। ਇਹੋ ਜਿਹੀ ਘੁਟਣ ਵਿਚ ਤਾਂ ਚੰਗੇ ਭਲੇ ਬੰਦੇ ਦੀ ਮੱਤ ਮਾਰੀ ਜਾਂਦੀ ਏ। ਜੇ ਕੋਈ ਕੰਮ, ਹਿੰਮਤ ਕਰ ਕੇ ਕਰ ਵੀ ਦਿਉ ਪਸੰਦ ਨਹੀਂ ਆਉਂਦਾ।"

ਖਿੜਕੀ ਨਾਲ ਲੱਗ ਕੇ ਖਲੋ ਗਈ, "ਪੇਕੇ, ਸਹੁਰੇ, ਘਰ ਸੰਵਰਨ ਅਤੇ ਸਲੀਕੇ ਵਿਚ ਮੈਂ ਮੰਨੀ ਹੋਈ ਸਾਂ। ਨੌਕਰੀ ਕਰਦਿਆਂ ਜਿਹੜੇ ਸਕੂਲ ਵਿਚ ਜਾਣਾ, ਧੁੰਮ ਪੈ ਜਾਣੀ, ਵੱਡੇ ਭੈਣ ਜੀ ਨੇ ਆਉਂਦਿਆਂ ਹੀ ਸਫ਼ਾਈ ਅਤੇ ਪ੍ਰਬੰਧ ਵਿਚ ਸਕੂਲ ਦੀ ਨੁਹਾਰ ਬਦਲ ਦਿੱਤੀ ਹੈ। ਕੀ ਮਾੜੇ ਕਰਮ ਕਰ ਬੈਠੀ ਆਂ ਪਿਛਲੇ



Academy of the Punjab in North America: http://www.apnaorg.com

ਜਨਮ ਵਿਚ ? ਜਿੱਦਾਂ ਕੁੱਤੇ ਨੂੰ ਦੁਰਕਾਰੀਦਾ, ਇਹ ਹਾਲ ਆ ਮੇਰਾ।" ਬਲਵੰਤ ਕੌਰ ਦਾ ਰੋਣ ਨਿਕਲ ਗਿਆ। ਫਿਰ ਅੱਖਾਂ ਪੂੰਝ ਕੇ ਹੌਲੀ ਆਵਾਜ਼ ਵਿਚ ਬੋਲੀ, "ਹੱਛਾ, ਕੱਲ ਤੋਂ ਆਪ ਨਾਲ ਲੱਗ ਕੇ ਕੰਮ ਕਰਵਾ ਲਵਾਂਗੀ। ਪਰ ਫਿਰ ਵੀ ਸਰੀਰ ਵਿਚ ਜਿੰਨੀ ਹਿੰਮਤ ਹੈ ਉਨਾ ਹੀ ਕਰ ਸਕਦੀ ਹਾਂ। ਕਿਥੇ ਮਰ ਜਾਵਾਂ ? ਕੋਈ ਹੱਜ ਨਹੀਂ ਜੀਊਣ ਦਾ "

"ਕਹਿ ਕੇ ਟੈਨਸ਼ਨ ਸਹੇੜ ਲਈ ਹੈ। ਬੱਸ, ਇਹੋ ਤਾਂ ਕਲੇਸ਼ ਰੋਜ਼ ਦਾ। ਜੇ ਮੈਂ ਕਹਿ ਦਿੰਦੀ, ਬੇਜੀ, ਕੰਮ ਨਾਲ ਸਿਹਤ ਤੰਦਰੁਸਤ ਰਹਿੰਦੀ ਹੈ। ਸਰੀਰ ਨੂੰ ਜਿੰਨਾ ਚਲਾਓ ਠੀਕ ਰਹਿੰਦਾ ਹੈ ਤਾਂ ਖੰਭਾਂ ਦੀਆਂ ਡਾਰਾਂ ਬਣ ਜਾਣੀਆਂ ਸਨ ਕਿ ਮਨਜੀਤ ਕਹਿੰਦੀ ਕੰਮ ਆਪ ਕਰ ਲਿਆ ਕਰੋ। ਇਹਦੇ ਵਿਚ ਕਿਹੜੀ ਮਾੜੀ ਗੱਲ ਏ। ਨਿੱਕੀ-ਮੋਟੀ ਪੀੜ ਵੱਲ ਧਿਆਨ ਨਹੀਂ ਦੇਣਾ ਚਾਹੀਦਾ। ਏਦਾਂ ਬੰਦਾ ਵਹਿਮੀ ਹੋ ਜਾਂਦਾ ਹੈ। ਮਾਤਾ ਜੀ ! ਕੰਮ ਵਿਚ ਰੁੱਝੇ ਰਿਹਾ ਕਰੋ, ਕੰਮ ਵਿਚ।" ਮਨਜੀਤ ਨੇ ਬਲਵੰਤ ਕੌਰ ਦੇ ਨੇੜੇ ਹੋ ਕੇ ਹੱਸਦਿਆਂ ਹੋਇਆਂ ਟਿਚਕਰੀ ਲਹਿਜੇ ਵਿਚ ਕਿਹਾ।

ਇੰਨੇ ਵਿਚ ਛੋਟੂ ਨੇ ਆ ਕੇ ਵੱਡੀ ਮੰਮੀ ਨੂੰ ਕਿਹਾ, "ਤੁਹਾਡੇ ਕੱਪੜੇ ਲਾਹ ਲਿਆਵਾਂ ? ਸੁੱਕ ਗਏ ਹੋਣੇ।" ਮਨਜੀਤ ਨੇ ਛੋਟੂ ਨੂੰ ਦਬਕਾ ਮਾਰਦਿਆਂ ਕਿਹਾ, "ਜਾ ਤੂੰ ਜਾ ਕੇ ਰਸੋਈ ਵਿਚ ਕੰਮ ਕਰ। ਐਵੇਂ ਵਾਧੂ ਕੰਮਾਂ ਵੱਲ ਤੁਰ ਪੈਨਾ ਏ, ਮੂਰਖ ਕਿਸੇ ਥਾਂ ਦਾ।"

ਬਲਵੰਤ ਕੌਰ ਹੋਰ ਉਦਾਸ ਹੋ ਗਈ। ਸਾਰੀਆਂ ਗੱਲਾਂ ਸਮਝਦੀ ਸੀ ਪਰ ਕਰ ਕੁਝ ਨਹੀਂ ਸੀ ਸਕਦੀ। ਮਨਜੀਤ ਵੱਲ ਵੇਖ ਕੇ ਕਹਿਣ ਲੱਗੀ, "ਬੇਟੀ, ਜੇ ਮੇਰੀ ਸਿਹਤ ਮੰਨੇ ਤਾਂ ਮੈਂ ਛੋਟੇ ਕੋਲ ਨਾ ਛੇ ਮਹੀਨੇ ਕੱਟ ਆਵਾਂ। ਉਹਨੇ ਤੈਨੂੰ ਪਤਾ ਈ ਐ ਕਿੰਨੀ ਵੇਰ ਸੱਦ ਭੇਜਿਆ ਹੈ। ਇਹੋ ਡਰ ਹੈ ਜਦੋਂ ਉਹ ਆਏ ਸੀ ਉਹਦੀ ਵਹੁਟੀ ਨੱਕ-ਮੂੰਹ ਵੱਟਦੀ ਸੀ ਕਿ ਬੇਜੀ ਨੇ ਜੇ ਉਥੇ ਆਉਣਾ ਹੈ ਤਾਂ ਇਹ ਸੋਚ ਕੇ ਆਉਣ ਕਿ ਉਥੇ ਸਾਰੇ ਵੱਡੇ-ਛੋਟਿਆਂ ਨੂੰ ਕੰਮ ਕਰਨਾ ਪੈਂਦਾ ਹੈ। ਇਹ ਨਾ ਆਖਣ ਬਈ ਹੁਣ ਮੈਂ ਨੌਕਰੀ ਤੋਂ ਮੁਕਤ ਹੋ ਗਈ ਆਂ ਤੇ ਘਰ ਸਾਰਾ ਦਿਨ ਆਰਾਮ ਕਰਾਂ। ਸਾਨੂੰ ਤੇ ਸਗੋਂ ਲੋੜ ਹੈ, ਸਾਰਾ ਦਿਨ ਕਿਵੀ ਦੀ ਸਾਂਭ-ਸੰਭਾਲ ਕਰ ਲਿਆ ਕਰਨਗੇ ਤੇ ਮੈਨੂੰ ਸਾਹ ਆ ਜਾਊ। ਇਹ ਹੁਣ ਵਿਹਲੇ ਹੀ ਹਨ।"

"ਮੈਂ ਸੋਚਦੀ ਆਂ ਨਿੱਕਾ ਨਿਆਣਾ ਸਾਂਭਣਾ ਕਿਹੜਾ ਸੌਖਾ ਏ। ਐਡਾ ਬਾਲ ਬਾਂਦਰ ਵਾਂਗ ਟਪਾਉਂਦਾ ਏ। ਫਿਰ ਬਾਹਰ ਜੰਮੇ-ਪਲੇ ਬੱਚੇ ਕੀਹਦੇ ਕੋਲੋਂ ਕਾਬੂ ਆਉਂਦੇ ਨੇ ? ਮੇਰੇ ਵਿਚ ਹੁਣ ਇੰਨਾ ਜ਼ੋਰ ਨਹੀਂ ਰਿਹਾ। ਗੁੱਸਾ ਨਾ ਕਰੀਂ ! ਹੁਣ



Academy of the Punjab in North America: http://www.apnaorg.com

ਸਭ ਰਿਸ਼ਤੇ ਗੌਂ ਦੇ ਹੀ ਹੋ ਗਏ ਨੇ। ਉਹ ਮੋਹ ਮੁਹੱਬਤ ਨਹੀਂ ਰਹੇ। ਚੰਮ ਨੂੰ ਕੌਣ ਪੁੱਛਦਾ ਏ ? ਸਭ ਨੂੰ ਕੰਮ ਹੀ ਚੰਗਾ ਲੱਗਦਾ ਏ ਕੰਮ।"

"ਰਾਜੂ, ਪਾਣੀ ਦੇਵੀਂ, ਮੁੜ-ਮੁੜ ਤੇਹ ਲੱਗਦੀ ਆ।" ਬਲਵੰਤ ਕੌਰ ਦਾ ਮਨ ਭਰ ਆਇਆ ਸੀ।

ਮਨਜੀਤ ਨੇ, ਜੋ ਸੋਫ਼ੇ 'ਤੇ ਪਈ ਟੀ.ਵੀ. ਵੇਖ ਰਹੀ ਸੀ, ਰਾਜੂ ਨੂੰ ਕਿਹਾ, "ਛੋਟੂ, ਪਹਿਲਾ ਟੇਬਲ ਸੈੱਟ ਕਰ ਦੇ ਫਿਰ ਹੋਰ ਕੋਈ ਕੰਮ ਕਰੀਂ।"

ਬਲਵੰਤ ਕੌਰ ਨੇ ਆਪ ਹੌਲੀ-ਹੌਲੀ ਜਾ ਕੇ ਰਸੋਈ ਵਿਚੋਂ ਪਾਣੀ ਲੈ ਕੇ ਪੀਤਾ ਤੇ ਫਿਰ ਆ ਕੇ ਬੈਠ ਕੇ ਕਹਿਣ ਲੱਗੀ, "ਬੇਟੀ ! ਜੇ ਮੈਂ ਉਥੇ ਚਲੀ ਵੀ ਜਾਵਾਂ। ਦੁੱਖ ਤਕਲੀਫ਼ ਦਾ ਕੀ ਭਰੋਸਾ ਹੁੰਦਾ ? ਨਾ ਮੈਂ ਇਹਨਾਂ ਦੀ ਸਾਰ ਲੈਣ ਜੋਗੀ, ਨਾ ਇਹਨਾਂ ਨੂੰ ਮੇਰੀ ਖ਼ਬਰ ਸੁਰਤ। ਪੰਮੀ ਵੀ ਕਹਿੰਦੀ ਸੀ, ਹੁਣ ਇਕ ਥਾਂ ਟਿਕ ਕੇ ਬਹਿ ਜਾਓ, ਮਨ ਨੂੰ ਸਮਝਾਓ ਇਹ ਉਮਰ ਗੁਜ਼ਾਰੇ ਦੀ ਹੁੰਦੀ ਆ। ਰਿਟਾਇਰਮੈਂਟ ਤੋਂ ਪਿੱਛੋਂ ਘਰ ਪਰਿਵਾਰ ਵਿਚ ਅੜਾ-ਉਜਰ ਨਹੀਂ ਕਰਨਾ ਚਾਹੀਦਾ। ਵੀਰਾਂ ਦੀ ਕਹੀ ਮੰਨ ਲਿਆ ਕਰੋ। ਹੁਣ ਸਮਾਂ ਜੂ ਏਦਾਂ ਦਾ ਆ ਗਿਆ ਹੈ।"

ਛੋਟੂ ਬੈੱਲ ਸੁਣ ਕੇ ਬਾਹਰ ਗਿਆ ਤੇ ਰਾਜੇਸ਼ਵਰ ਲਈ ਦਰਵਾਜ਼ਾ ਖੋਲ੍ਹਿਆ। ਅੰਦਰ ਆਉਂਦਿਆਂ ਉਹ ਮਨਜੀਤ ਨਾਲ ਖਾਣੇ ਵਾਲੇ ਟੇਬਲ 'ਤੇ ਬੈਠ ਗਿਆ ਤੇ ਮਾਂ ਨੂੰ ਕਹਿਣ ਲੱਗਾ, "ਪਹਿਲਾਂ ਰੋਟੀ ਖਾ ਲਓ। ਐਵੇਂ ਨਾ ਦਿਮਾਗ਼ ਘੁੰਮਾਈ ਰੱਖਿਆ ਕਰੋ। ਕੌਣ ਕਹਿੰਦੀ ਸੀ ? ਕੀਹਦੀ ਗੱਲ ਕਰ ਰਹੇ ਹੋ ?"

"ਪੰਮੀ ਦੀ, ਢਿੱਡੋਂ ਕੱਢੀ ਹੁਣ ਮੈਨੂੰ ਮੱਤਾਂ ਦਿੰਦੀ ਆ। ਸੋਚਦੇ ਰਹੋਗੇ, ਮਨ ਦਾ ਕਲਪਾਅ ਵਧੇਗਾ। ਇਸ ਤਰ੍ਹਾਂ ਸਿਹਤ ਖ਼ਰਾਬ ਹੋ ਜਾਂਦੀ ਹੈ।"

ਰਾਜੇਸ਼ਵਰ ਖਾਣਾ ਖਾ ਰਿਹਾ ਸੀ। ਵਿਚੋਂ ਕਹਿਣ ਲੱਗਾ, "ਮੰਮੀ, ਖਾਣਾ ਖਾਓ, ਵਾਧੂ ਸੋਚਾਂ ਕਿਉਂ ਸੋਚਦੇ ਹੋ ? ਆਰਾਮ ਕਰਿਆ ਕਰੋ। ਸਾਡੀਆਂ ਡਿਊਟੀਆਂ ਵੇਖੋ, ਕਿੱਦਾਂ ਕੰਮ ਕਰਨਾ ਪੈਂਦਾ ਹੈ। ਅਸੀਂ ਫ਼ਾਲਤੂ ਗੱਲਾਂ ਵੱਲ ਧਿਆਨ ਨਹੀਂ ਦੇ ਸਕਦੇ।"

"ਬੇਟਾ ! ਖਾਓ ਮੈਂ ਤੁਹਾਨੂੰ ਰੋਕਦੀ ਆਂ ? ਮੈਂ ਤੇ ਪੰਮੀ ਦੀਆਂ ਗੱਲਾਂ ਕਰਦੀ ਆਂ, ਕਿੱਡੀ ਖੁੱਟਰੀ ਹੋ ਗਈ ਏ। ਕਹਿੰਦੀ, ਮੈਂ ਵੀ ਤੁਹਾਡੇ ਕੋਲ ਨਹੀਂ ਆ ਕੇ ਰਹਿ ਸਕਦੀ। ਕੰਮ ਵਿਚ ਬਹੁਤ ਬਿਜ਼ੀ ਹਾਂ। ਬੱਚੇ ਪੜ੍ਹਦੇ ਹਨ। ਇਹ ਪਸੰਦ ਨਹੀਂ ਕਰਦੇ ਕਿ ਮੈਂ ਹਰ ਵੇਲੇ ਆਪਣੇ ਮਾਂ-ਪਿਉ ਦਾ ਫ਼ਿਕਰ ਲਾਈ ਰੱਖਾਂ। ਦੋਵੇਂ ਵੀਰ ਵੀ ਸੋਚਣਗੇ ਮੈਂ ਕਿਉਂ ਖਾਹਮਖਾਹ ਤੁਹਾਡਾ ਧਿਆਨ ਕਰਦੀ ਹਾਂ ? ਉਹ ਤੁਹਾਡਾ



Academy of the Punjab in North America: http://www.apnaorg.com

ਖ਼ਿਆਲ ਕਰ ਹੀ ਰਹੇ ਹਨ। ਇਹ ਵਾਧੂ ਬੁਰਾ ਬਣਨ ਵਾਲੀ ਗੱਲ ਹੈ। ਮੈਂ ਠੀਕ-ਠਾਕ ਹਾਂ। ਤੁਸੀਂ ਮੇਰਾ ਫ਼ਿਕਰ ਨਾ ਕਰਿਆ ਕਰੋ। ਤੁਸੀਂ ਵੀ ਬਿਲਕੁਲ ਠੀਕ ਹੋ। ਐਵੇਂ ਬਹੁਤਾ ਸੈਂਸਟਿਵ ਨਹੀਂ ਹੋਣਾ ਚਾਹੀਦਾ।" ਇਹ ਕਹਿੰਦਿਆਂ ਬਲਵੰਤ ਕੌਰ ਦੂਸਰੇ ਪਾਸੇ ਮੂੰਹ ਕਰ ਕੇ ਰੋਣ ਲੱਗ ਪਈ।

ਮਨ ਵਿਚ ਹੌਲੀ-ਹੌਲੀ ਸੋਚਦਿਆਂ ਉਸ ਦੇ ਮੂੰਹੋਂ ਫਿਰ ਆਵਾਜ਼ ਆਈ, "ਸਾਲਾਂ ਦੇ ਸਾਲ ਬੱਚਿਆਂ ਨੂੰ ਪਾਲਦਿਆਂ-ਪੜ੍ਹਾਉਂਦਿਆਂ ਦੇ ਹੀ ਬੀਤ ਗਏ। ਦੋਵੇਂ ਖ਼ੁਸ਼ੀ ਨਾਲ ਉੱਡਦੇ ਫਿਰਦੇ ਸਾਂ। ਖ਼ੌਰੇ ਅਸੀਂ ਕੀ ਮੱਲਾਂ ਮਾਰ ਰਹੇ ਹਾਂ। ਅਸੀਂ ਕਦੀ ਦਿਲ 'ਤੇ ਨਹੀਂ ਸੀ ਲਿਆਂਦਾ। ਮਾਮੂਲੀ ਤਨਖ਼ਾਹਾਂ, ਸੋਚਣਾ ਕਲ੍ਹ ਨੂੰ ਇਹਨਾਂ ਦੇ ਸਿਰ 'ਤੇ ਦਿਨ ਫਿਰ ਜਾਣੇ ਹਨ। ਸਾਨੂੰ ਕਿਹੜੀ ਕੋਈ ਥੋੜ੍ਹ ਰਹਿ ਜਾਣੀ ਏ। ਰਾਜੇਸ਼ਵਰ ਦੇ ਸਿਰ 'ਤੇ ਸਾਨੂੰ ਬੜੀਆਂ ਆਸਾਂ ਸਨ। ਅਜੇ ਤੇਜਵੰਤ ਕੁਝ ਨਿਰਮੋਹਾ ਜਾਪਦਾ ਸੀ। ਪੰਮੀ ਵਿਚ ਤਾਂ ਸਾਡੀ ਜਾਨ ਸੀ। ਉਹਨੇ ਜ਼ਰਾ ਜਿੰਨਾ ਮੂੰਹ ਨਿੰਮੋਝੂਣਾ ਕਰਨਾ, ਅਸੀਂ ਡੁੱਬਦੇ ਜਾਣਾ। ਜਦੋਂ ਡਾਕਟਰੀ ਪਾਸ ਕਰ ਲਈ ਅਸੀਂ ਫੁੱਲੇ ਨਹੀਂ ਸਾਂ ਸਮਾਉਂਦੇ। ਆਖਣਾ, ਧੀਆਂ-ਪੁੱਤਰਾਂ ਵਿਚ ਕੋਈ ਫ਼ਰਕ ਨਹੀਂ ਹੁੰਦਾ ਸਗੋਂ ਧੀ ਤੇ ਮਾਪਿਆਂ ਦੀ ਧਿਰ ਹੁੰਦੀ ਆ। ਹੁਣ ਉਹ ਵੀ ਅਸਲੋਂ ਨਿਰਮੋਹੀ ਹੋ ਗਈ ਆ। ਕੁਝ ਨਹੀਂ ਹਾਲ ਮਾਪਿਆਂ ਦੇ ?"

ਰਾਜੇਸ਼ਵਰ ਕਮਰੇ ਵਿਚ ਚਲਾ ਗਿਆ। ਮਨਜੀਤ ਮੇਜ਼ ਤੋਂ ਉੱਠਦਿਆਂ ਗੁੱਸੇ ਨਾਲ ਬੋਲੀ, "ਅਸੀਂ ਨਹੀਂ ਬੱਚੇ ਪੜ੍ਹਾਉਂਦੇ ? ਤੁਸੀਂ ਕੋਈ ਅਲੋਕਾਰ ਤੇ ਨਹੀਂ ਪੜ੍ਹਾਏ, ਇਹ ਤੁਹਾਡਾ ਫ਼ਰਜ਼ ਸੀ। ਸੋਚੋ ! ਪਹਿਲਾਂ ਬਾਹਰੋਂ ਡਿਊਟੀ ਤੋਂ ਥੱਕੇ ਆਉ, ਮੁੜ ਘਰ ਆ ਕੇ ਇਹ ਰੋਜ਼ ਦਾ ਕਲੇਸ਼, ਆਹ ਨਹੀਂ, ਉਹ ਨਹੀਂ। ਦੱਸੋ, ਅਸੀਂ ਕੀ ਕਰ ਸਕਦੇ ਹਾਂ ?"

"ਬੇਟੀ, ਗੁੱਸਾ ਨਾ ਕਰਿਆ ਕਰ। ਮੇਰਾ ਮਨ ਡੋਲ ਜਾਂਦਾ ਏ, ਉਮਰ ਈ ਐਸੀ ਹੋ ਜਾਂਦੀ ਹੈ। ਸਰੀਰ ਵਿਚ ਤਾਕਤ ਨਹੀਂ ਰਹਿੰਦੀ, ਗੱਲ ਬਰਦਾਸ਼ਤ ਨਹੀਂ ਹੁੰਦੀ। ਤੁਸੀਂ ਤਾਂ ਬਥੇਰਾ ਧਿਆਨ ਕਰਦੇ ਹੋ, ਪਤਾ ਨਹੀਂ ਕਿਉਂ ਮੇਰਾ ਮਨ ਉਦਾਸ ਰਹਿਣ ਲੱਗ ਪਿਆ ਹੈ।"

"ਮਾਤੀ ਜੀ ! ਸਾਰੇ ਦਿਨ ਇਕੋ ਜਿਹੇ ਨਹੀਂ ਰਹਿੰਦੇ। ਰਿਟਾਇਰ ਹੋ ਕੇ ਘਰ ਵਿਚ ਕੁਝ ਹਲੀਮੀ ਨਾਲ ਰਹਿਣਾ ਪੈਂਦਾ ਹੈ। ਉਹ ਗੱਲ ਨਹੀਂ ਰਹਿੰਦੀ, ਸਮਾਂ ਬਦਲ ਜਾਂਦਾ ਹੈ। ਬਾਹਰ ਦਾ ਕੰਮ ਮੁੱਕ ਜਾਂਦਾ ਏ, ਘਰ ਦਾ ਕੰਮ ਤੇ ਨਹੀਂ ਮੁੱਕਦਾ। ਸਰੀਰ ਕੀ ਕਰੇ ? ਇਸ ਮਸ਼ੀਨਰੀ ਨੂੰ ਜਿੰਨਾ ਚਲਾਓ, ਉਨੀ ਫਿੱਟ। ਪੰਮੀ ਭੈਣ ਜੀ ਨੂੰ ਪੁੱਛ ਵੇਖੋ ? ਤੁਹਾਨੂੰ ਲਿਜਾ ਸਕਦੀ ਏ, ਲੈ ਜਾਣ। ਸਾਨੂੰ ਕੋਈ ਇਤਰਾਜ਼ ਨਹੀਂ।"



Academy of the Punjab in North America: http://www.apnaorg.com

ਮਨਜੀਤ ਮੁੜ ਸੋਫ਼ੇ 'ਤੇ ਜਾ ਬੈਠੀ, "ਆਹ ਰੋਜ਼ ਦੀ ਬੇਰਸੀ, ਨਿੱਤ ਦਾ ਰੋਣਾ-ਧੋਣਾ, ਮੈਥੋਂ ਆਹ ਨਹੀਂ ਹੁੰਦਾ, ਉਹ ਨਹੀਂ ਹੁੰਦਾ, ਗੋਡੇ ਦੁੱਖਦੇ.....ਬਾਹਵਾਂ ਦੁਖਦੀਆਂ.....ਰੋਜ਼ ਦੀ ਰਟ। ਦੱਸੋ, ਪੀੜ ਦੀ ਘਰ ਵਿਚ ਸੌ ਦਵਾਈ ਆ, ਬੰਦਾ ਚੁੱਪ ਕਰ ਕੇ ਖਾ ਲਵੇ। ਇਹ ਤਾਂ ਜਿਵੇਂ ਢੰਡੋਰਾ ਪਿੱਟਣਾ ਹੁੰਦਾ, ਅਸੀਂ ਮਾੜੇ ਹੋ ਗਏ ਆਂ। ਬੁੱਢੇ ਹੋ ਗਏ ਆਂ। ਭਲਾ ਤੁਸੀਂ ਕੋਈ ਅਲੋਕਾਰ ਬੁੱਢੇ ਹੋ ਗਏ ਹੋ। ਘਰ ਵਿਚ ਰੁੱਝੋ, ਸਭ ਦਿਲਚਸਪੀਆਂ ਛੱਡੋ। ਕਦੀ ਮੈਂ ਅੱਜ ਭਣੇਵੀਂ ਵੱਲ ਹੋ ਆਵਾਂ, ਕਦੀ ਭਤੀਜੇ ਨੂੰ ਮਿਲ ਆਵਾਂ। ਮੇਲ-ਜੋਲ ਵੀ ਥਕਾ ਦਿੰਦਾ ਹੈ। ਮੇਰੇ ਮੰਮੀ-ਪਾਪਾ ਕਹਿੰਦੇ ਹੁੰਦੇ ਹਨ, "ਰਾਜ ਬਦਲ ਜਾਂਦਾ ਏ ਰਾਜ।" ਪਿਤਾ ਜੀ ਆਪੇ ਰਹਿ ਲੈਣਗੇ। ਉਹਨਾਂ ਦਾ ਕੀ ਦੁੱਖ ਹੈ, ਸਾਰਾ ਦਿਨ ਗੁਰਦੁਆਰੇ ਕੀਰਤਨ-ਕਥਾ ਸੁਣਦੇ ਨੇ, ਅਜੇ ਤਕ ਉਥੇ ਨੇ। ਇਹ ਭਗਤੀ ਘਰ ਦੇ ਬੱਚਿਆਂ ਨੂੰ ਸੁੱਖ ਦਿੰਦੀ ਏ।"

ਮਨਜੀਤ ਨੇ ਕਮਰੇ ਵੱਲ ਦੇਖਦਿਆਂ ਕਿਹਾ, "ਰਾਜੇਸ਼ਵਰ! ਤੁਸੀਂ ਕਰੋ ਫ਼ੋਨ ਅੱਜ ਹੀ ਪੰਮੀ ਭੈਣ ਜੀ ਤੇ ਤੇਜਵੰਤ ਵੀਰ ਜੀ ਨੂੰ, ਇਹਨਾਂ ਨੂੰ ਮੰਗਵਾ ਲੈਣ। ਜੇ ਸਮਝਾਉ ਤਾਂ ਲੰਮੀਆਂ ਕਹਾਣੀਆਂ ਸੁਣਨੀਆਂ ਪੈਂਦੀਆਂ, ਮੈਂ ਮਾੜੀ ਹੋ ਗਈ ਆਂ....ਨੀਂਦ ਨਹੀਂ ਆਉਂਦੀ.....ਭੁੱਖ ਨਹੀਂ ਲੱਗਦੀ.....। ਜਿੰਨੀ ਲੱਗਦੀ ਖਾ ਲਓ। ਬਹੁਤਾ ਖਾ ਕੇ ਕਰਨਾ ਵੀ ਕੀ ਏ? ਸਗੋਂ ਨੀਂਦ ਨਾ ਆਵੇ ਤਾਂ ਰੱਬ ਦਾ ਧਿਆਨ ਕਰ ਲਿਆ। ਮੇਰਾ ਤੇ ਦਿਮਾਗ਼ ਖ਼ਰਾਬ ਹੋ ਗਿਆ।"

ਲੌਬੀ ਵਿਚ ਕੁਰਸੀ 'ਤੇ ਬੈਠਦਿਆਂ ਮੁੜ ਕਹਿਣ ਲੱਗੀ, "ਐਵੇਂ ਭਾਰ ਪਾਈ ਜਾਣਾ। ਕਹਿੰਦੇ ਸਾਡੇ ਨਾਲ ਕੋਈ ਗੱਲ ਨਹੀਂ ਕਰਦਾ। ਮੰਮੀ ਪਲੀਜ਼! ਹੁਣ ਗੱਲਾਂ ਦਾ ਜ਼ਮਾਨਾ ਨਹੀਂ ਰਿਹਾ। ਪਤਾ ਨਹੀਂ, ਤੁਸੀਂ ਲੋਕ ਕਿਉਂ ਗੱਲਾਂ ਕਰ ਕੇ ਟਾਈਮ ਵੇਸਟ ਕਰਦੇ ਹੋ। ਸਾਡੇ ਕੋਲ ਤਾਂ ਇਕ ਮਿੰਟ ਫ਼ੁਰਸਤ ਨਹੀਂ ਗੱਲ ਕਰਨ ਦੀ। ਤੁਸੀਂ ਲੋਕ ਐਵੇਂ ਕਦੀ ਉਹਨੂੰ ਯਾਦ ਕਰ ਲਿਆ, ਕਦੀ ਦੂਸਰੇ ਨੂੰ। ਮੈਂ ਇਹ ਸੋਚ ਲਿਆ ਤੁਹਾਨੂੰ ਜ਼ਰੂਰ ਬਾਹਰ ਭੇਜਣਾ ਹੈ। ਬਾਹਰ ਦੇ ਨਜ਼ਾਰੇ ਤੇ ਵੇਖੋ। ਕੰਨਾਂ ਨੂੰ ਹੱਥ ਨਾ ਲੱਗ ਗਏ ਤਾਂ ਮੈਨੂੰ ਆਖਿਓ। ਪੰਮੀ ਭੈਣ ਜੀ ਕੀ ਕਰਨ? ਉਹਨਾਂ ਨੂੰ ਆਪਣੇ ਘਰ ਦੀਆਂ ਜ਼ਿੰਮੇਵਾਰੀਆਂ ਨੇ।"

"ਮਾਨਾ ਬੇਟੀ! ਕਿਉਂ ਗਰਮ ਹੁੰਦੀ ਏਂ?"

"ਮੈਂ ਸੱਚ ਕਹਿ ਰਹੀ ਆਂ। ਤੁਹਾਨੂੰ ਕਿੱਦਾਂ ਲਾਡ ਲਡਾਉਂਦੇ ਫਿਰਨ? ਐਡੀਆਂ ਆਸਾਂ ਸੀ ਤਾਂ ਬੱਚਿਆਂ ਨੂੰ ਨਾ ਪੜ੍ਹਾਉਂਦੇ। ਯੂ.ਐਸ.ਏ. ਜਾ ਕੇ ਨਾਨੀ ਨਾ ਚੇਤੇ ਆ ਗਈ ਤਾਂ ਮੈਨੂੰ ਨਾ ਕਹਿਓ। ਉਹਨਾਂ ਬੇਬੀ ਸਿਟਿੰਗ ਵੀ ਕਰਵਾਣੀ ਤੇ ਘਰ ਦਾ ਸਾਰਾ ਕੰਮ ਵੀ ਤੁਹਾਡੇ ਸਿਰ 'ਤੇ ਵੇਖਿਓ! ਕਿੱਦਾਂ ਨੀਂਦ ਆਉਂਦੀ।



Academy of the Punjab in North America: http://www.apnaorg.com

ਇਥੇ ਨਹੀਂ ਨਾ ਨੀਂਦ ਆਉਂਦੀ। ਕੋਈ ਪੁੱਛੇ ਅਸੀਂ ਰਾਤ ਉੱਠ ਕੇ ਵੇਖਣ ਆਉਂਦੇ ਆਂ, ਆਉਂਦੀ ਕਿ ਨਹੀਂ ? ਚਲੋ ! ਉਥੇ ਜਾ ਕੇ ਨਜ਼ਾਰੇ ਤੇ ਵੇਖੋ। ਘਰ ਵਿਚੋਂ ਕਲੇਸ਼ ਮੁੱਕੇ।"

ਇਹ ਸੁਣ ਕੇ ਬਲਵੰਤ ਕੌਰ ਦੀਆਂ ਭੁੱਬਾਂ ਨਿਕਲ ਗਈਆਂ, "ਬੇਟੀ ਮਾਨਾ ! ਤੇਰਾ ਮਤਲਬ ਏ ਮੈਂ ਤੁਹਾਡੇ ਸੁੱਖ ਦੀ ਕਾਮਨਾ ਨਹੀਂ ਕਰਦੀ ? ਧੀਏ ! ਤੂੰ ਵੀ ਮਾਂ ਏਂ, ਜ਼ਰਾ ਸੋਚ, ਮਾਵਾਂ ਨੂੰ ਬੱਚੇ ਕਿੰਨੇ ਪਿਆਰੇ ਹੁੰਦੇ ਨੇ। ਰਾਤ ਦਿਨ ਸੁੱਖ ਮੰਗਦੀਆਂ। ਤੂੰ ਆਪ ਈ ਕਾਹਲੀ ਪੈ ਜਾਂਦੀ ਏਂ। ਮੈਂ ਕਿਹੜਾ ਕੰਮ ਤੁਹਾਡੇ ਪੁੱਛੇ ਬਗ਼ੈਰ ਕਰਦੀ ਆਂ ?"

ਬਲਵੰਤ ਕੌਰ ਨੇ ਮਨਜੀਤ ਦੇ ਕੋਲ ਹੋ ਕੇ ਉਸ ਨੂੰ ਘੁੱਟ ਕੇ ਬਾਹਵਾਂ ਵਿਚ ਲੈ ਲਿਆ ਤੇ ਤਰਲੇ ਨਾਲ ਕੁਝ ਕਹਿਣ ਲੱਗੀ ਸੀ ਕਿ ਮਨਜੀਤ ਗੁੱਸੇ ਨਾਲ ਪਰੇ ਹੋ ਗਈ। ਬਲਵੰਤ ਕੌਰ ਮੁੜ ਅਗਾਂਹ ਹੋਣ ਲੱਗੀ ਸੀ ਪਰ ਬੌਂਦਲੀ ਡਿੱਗ ਪਈ। ਘਬਰਾ ਗਈ। ਫੁਟ ਫੁੱਟ ਕੇ ਕਹਿਣ ਲੱਗੀ, "ਧੀਏ ! ਮੇਰੇ ਹੱਥ ਜੋੜੇ, ਮੈਨੂੰ ਤੇ ਇਹਨਾਂ ਨੂੰ ਵਿਛੋੜੀਂ ਨਾ।" ਮੁੜ ਉੱਠ ਕੇ ਉਸ ਦਾ ਹੱਥ ਫੜ ਕੇ ਭੁੱਬੋ-ਭੁੱਬੀ ਰੋ ਪਈ, "ਪੁੱਤ ! ਇਹ ਪਾਪ ਨਾ ਕਰੀਂ। ਸਾਨੂੰ ਵਿਛੋੜੀਂ ਨਾ। ਮੈਨੂੰ ਬਾਹਰ ਨਾ ਭੇਜੀਂ। ਅਸੀਂ ਜੀਉਂਦੇ ਵਿੱਛੜਨਾ ਨਹੀਂ ਚਾਹੁੰਦੇ। ਸਾਨੂੰ ਦੂਰ ਨਾ ਕਰੀਂ।"

ਉੱਠ ਕੇ ਕੁਰਸੀ 'ਤੇ ਬੈਠ ਗਈ, "ਸਾਰੀ ਉਮਰ ਦੁੱਖ-ਸੁੱਖ ਵਿਚ ਇਕੱਠਿਆਂ ਕੱਟੀ। ਮੈਨੂੰ ਇਹਨਾਂ ਦਾ ਹਉਕਾ ਮਾਰ ਜਾਊ, ਇਹ ਗੱਲ ਮਨ 'ਤੇ ਲਾ ਲੈਣਗੇ। ਜਿਸ ਤਰ੍ਹਾਂ ਕਹੇਂਗੀ, ਜੇ ਆਖੇ ਮੈਂ ਵੀ ਕੱਲ੍ਹ ਤੋਂ ਇਹਨਾਂ ਨਾਲ ਗੁਰਦੁਆਰੇ ਚਲੀ ਜਾਇਆ ਕਰਾਂਗੀ। ਪਰ ਧੀਏ ! ਘਰ, ਤੇਰੇ ਘਰ ਦੀ ਰਾਖੀ ਬੈਠੀ ਰਹਿੰਦੀ ਆਂ, ਭਾਵੇਂ ਮੈਥੋਂ ਕੰਮ ਹੁਣ ਬਹੁਤਾ ਨਹੀਂ ਹੁੰਦਾ। ਤੂੰ ਤੰਗ ਨਾ ਹੋ। ਇਹ ਕਮਜ਼ੋਰ ਹੋ ਗਏ ਨੇ। ਮੈਨੂੰ ਇਹਨਾਂ ਦਾ ਵੀ ਫ਼ਿਕਰ ਖਾਂਦਾ ਰਹਿੰਦਾ ਏ। ਮੈਨੂੰ ਇਹਨਾਂ ਤੋਂ ਦੂਰ ਨਾ ਭੇਜੀਂ। ਖ਼ੌਰੇ ਅਸੀਂ ਤੁਹਾਨੂੰ ਛੇਤੀ ਵਿਹਲੇ ਕਰ ਜਾਈਏ।

"ਰਾਜੇਸ਼ਵਰ ਸੌਂ ਗਿਆ ਏ ? ਸੁਣ ਕੇ ਜਾਗ ਨਾ ਪਵੇ। ਜਾ, ਤੂੰ ਵੀ ਆਰਾਮ ਕਰ ਲਾ। ਅਸੀਂ ਤੁਹਾਡਾ ਸੁੱਖ ਰਾਤ ਦਿਨੇ ਮੰਗਦੇ ਆਂ।

ਮਨਜੀਤ ਨੇ ਗੁੱਸੇ ਨਾਲ ਕਮਰੇ ਵਿਚ ਜਾ ਕੇ ਅੰਦਰੋਂ ਚਿਟਕਣੀ ਲਗਾ ਲਈ ਛੋਟੂ ਰਸੋਈ ਸਾਫ਼ ਕਰ ਰਿਹਾ ਸੀ। ਬਲਵੰਤ ਕੌਰ ਹਫ਼ ਚੁੱਕੀ ਸੀ। ਸਿੱਧੀ ਬਾਥਰੂਮ ਵਿਚ ਗਈ। ਬੇਧਿਆਨੀ ਵਿਚ ਪਾਣੀ ਵਾਲੀ ਟੂਟੀ ਨਾਲ ਜਾ ਵੱਜੀ। ਸਿਰ ਵਿਚੋਂ ਲਹੂ ਵਗਦਿਆਂ ਵੇਖ ਘਬਰਾ ਗਈ ਤੇ ਫ਼ਰਸ਼ ਉੱਤੇ ਹੀ ਬੈਠ ਗਈ। ਜ਼ੋਰ ਲਾ ਕੇ ਛੋਟੂ ਨੂੰ ਆਵਾਜ਼ ਮਾਰੀ। ਉਹਦੇ ਆਉਣ ਤਕ ਉਹ ਬੇਹੋਸ਼ ਪਈ ਸੀ।



Academy of the Punjab in North America: http://www.apnaorg.com

# ਸਿੱਖ

ਇਸ ਵੇਰਾਂ ਅਸੀਂ ਹਰਕੀਰਤ ਨੂੰ ਕਈ ਵੇਰ ਮਨਾਉਣ ਦਾ ਯਤਨ ਕੀਤਾ ਕਿ ਉਹ ਸਾਡੇ ਨਾਲ ਦੋ ਸਾਲ ਲਈ ਇੰਡੀਆ ਚਲੇ ਜਾਵੇ ਤੇ ਉਸ ਦੀ ਮਾਂ ਆਪਣਾ ਕੋਰਸ ਮੁਕੰਮਲ ਕਰ ਲਵੇ। ਛੋਟਾ ਤਾਂ ਸਾਧੂ ਸੁਭਾਅ ਦਾ ਬੱਚਾ ਹੈ, ਘਰ ਆ ਕੇ ਵੀ ਬਹੁਤਾ ਤੰਗ ਨਹੀਂ ਕਰਦਾ। ਇਹ ਜ਼ਿਹਨੀ ਵੀ ਬਹੁਤ ਹੈ ਤੇ ਚੰਚਲ ਵੀ ਹੱਦੋਂ ਵੱਧ। ਅਜੇ ਇਸ ਦੀ ਛੋਟੀ ਜਿਹੀ ਉਮਰ ਹੈ। ਮੁੱਢਲੇ ਸਾਲਾਂ ਵਿਚ ਇਕ ਦੇਸ਼ ਤੋਂ ਦੂਸਰੇ ਦੇਸ਼ ਵਿਚ ਜਾ ਕੇ ਪੜ੍ਹਾਈ ਕਰਨ ਵਿਚ ਵਧੇਰੇ ਫ਼ਰਕ ਨਹੀਂ ਪੈਂਦਾ। ਸਗੋਂ ਇੰਡੀਆ ਵਿਚ ਸੈਕਿੰਡ, ਥਰਡ, ਫੋਰਥ ਸਟੈਂਡਰਡ ਤਕ ਹੀ ਬੱਚੇ ਬਹੁਤ ਕੁਝ ਪੜ੍ਹ ਜਾਂਦੇ ਹਨ।

ਬਾਹਰ ਤਾਂ ਛੋਟੀਆਂ ਜਮਾਤਾਂ ਖੇਡਣ-ਮੱਲ੍ਹਣ ਵਾਲੀ ਗੱਲ ਹੈ। ਉਹ ਇਸ ਨੂੰ ਬੱਚੇ ਦਾ ਮਾਨਸਿਕ ਵਿਕਾਸ ਕਹਿੰਦੇ ਹਨ। ਹਰ ਆਏ ਦਿਨ ਚਾਰਟ ਪੇਪਰ, ਕਲਰ, ਕੌਟਨ, ਰਬੜਾਂ, ਪੈਨਸਿਲਾਂ, ਬੀਡਜ਼, ਰੰਗ-ਬਿਰੰਗੇ ਧਾਗੇ, ਸਿਤਾਰੇ ਆਦਿ ਕਈ ਕੁਝ ਦਾ ਟੀਚਰਜ਼ ਵੱਲੋਂ ਹੁਕਮ ਚਾੜ੍ਹ ਦਿੱਤਾ ਜਾਂਦਾ ਹੈ। ਮਾਪੇ ਰਾਤ ਦਿਨ ਦੇ ਕੰਮਾਂ ਦੇ ਭੰਨੇ, ਖਿੱਝ-ਖਿੱਝ ਪੈਂਦੇ ਇਹ ਚੀਜ਼ਾਂ ਖ਼ਰੀਦ ਕੇ ਦਿੰਦੇ ਹਨ। ਉਦਾਂ ਕਹਿਣ ਨੂੰ ਬਾਹਰ ਪੜ੍ਹਾਈ ਫ਼ਰੀ ਆ।

ਜਦੋਂ ਨਵੀਆਂ ਜਮਾਤਾਂ ਸ਼ੁਰੂ ਹੁੰਦੀਆਂ, ਬੱਚਿਆਂ ਨੇ ਮਾਂ-ਬਾਪ ਨੂੰ ਵਖ਼ਤ ਪਾਇਆ ਹੁੰਦਾ। ਸਕੂਲ ਗੋਇੰਗ ਬੱਚੇ ਟੀ.ਵੀ. ਉੱਤੇ ਰੋਜ਼ ਘਰਾਂ ਵਿਚ ਸੁੱਟੇ ਜਾਣ ਵਾਲੇ ਬਰਾਂਡਿਡ ਜੀਨਜ਼, ਟੌਪਸ, ਸ਼ੂਜ਼, ਸਕੂਲ ਬੈਗਜ਼ ਦੀਆਂ ਐਡਜ਼ ਦੇ ਇਸ਼ਤਿਹਾਰ ਵੇਖ ਕੇ ਮਾਪਿਆਂ ਨੂੰ ਵਖ਼ਤ ਪਾ ਦਿੰਦੇ ਹਨ। ਮਾਪੇ ਵਿਚਾਰੇ ਸ਼ਰਮ ਦੇ ਮਾਰੇ ਔਖੇ ਹੋ ਕੇ ਵੀ ਖ਼ਰੀਦ-ਖ਼ਰੀਦ ਕੇ ਦਿੰਦੇ ਹਨ।

ਕਈ ਸਿੰਗਲ ਮਦਰਜ਼ ਜਾਂ ਥੋੜ੍ਹੀ ਆਮਦਨੀ ਵਾਲੇ ਪਰਿਵਾਰ, ਅਖ਼ਬਾਰਾਂ ਵਿਚ ਬੱਚਿਆਂ ਵੱਲੋਂ ਇਸ ਅੰਨ੍ਹੀ ਦੌੜ ਦੀਆਂ ਮੰਗਾਂ ਤੇ ਆਪਣੀ ਖ਼ਰੀਦ ਸ਼ਕਤੀ ਦੀ ਬੇਬੱਸੀ ਦੇ ਸਿੱਖਿਆ ਬੋਰਡ ਦੇ ਅਧਿਕਾਰੀਆਂ, ਸਕੂਲ, ਕਾਲਜਾਂ ਦੇ ਮੁਖੀਆਂ ਅਤੇ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਅੱਗੇ ਆਪਣੇ ਹਾੜੇ ਦਰਜ ਕਰਾਉਂਦੇ ਹਨ



Academy of the Punjab in North America: http://www.apnaorg.com

ਕਿ ਇਸ ਖ਼ਰਚ ਨੂੰ ਠੱਲ੍ਹ ਪਾਈ ਜਾਵੇ। ਬੱਚਿਆਂ ਨੂੰ ਹਦਾਇਤ ਕੀਤੀ ਜਾਵੇ ਕਿ ਬਰਾਂਡ ਦੇ ਮਗਰ ਨਾ ਦੌੜਨ।

ਪਰ ਪੜ੍ਹਾਈ ਵਿਚ ਇਹ ਹਿਸਾਬ ਪਹਿਲਾਂ ਸੌਖ ਹੀ ਸੌਖ, ਬੱਚਿਆਂ ਨੂੰ ਮੌਜ-ਮੇਲੇ ਵਿਚ ਹੀ ਰਹਿਣ ਦੀ ਰੱਜ ਕੇ ਖੁੱਲ੍ਹ ਦੇ ਰੱਖਣੀ ਤੇ ਫਿਰ ਕਾਲਜ, ਯੂਨੀਵਰਸਿਟੀ ਵਿਚ ਪ੍ਰਵੇਸ਼ ਕਰਦਿਆਂ ਹੀ ਵਿਚਾਰੇ ਵਿਦਿਆਰਥੀਆਂ 'ਤੇ ਲੋੜੋਂ ਵੱਧ ਬੋਝ। ਅੱਧਿਉਂ ਵੱਧ ਗੋਰੇ ਕਾਲਜ ਤਕ ਨਹੀਂ ਪਹੁੰਚਦੇ। ਸੁਭਾਅ ਵਿਚ ਮੌਜ-ਮਸਤੀ ਵੀ ਹੁੰਦੀ ਹੈ ਤੇ ਕੁਝ ਵਿਲੱਖਣ ਕਰਨ ਦਾ ਟੀਚਾ ਵੀ ਨਹੀਂ ਰੱਖਿਆ ਹੁੰਦਾ। ਸਕੂਲਿੰਗ ਪੂਰੀ ਕਰ ਕੇ ਕੰਮ ਦੀ ਭਾਲ ਵਿਚ ਨਿਕਲ ਤੁਰਦੇ ਹਨ। ਸ੍ਵੈ-ਨਿਰਭਰ ਹੋਣ ਲਈ ਤੇ ਮਿਹਨਤ ਦੇ ਡਰੋਂ ਉਹ ਪੜ੍ਹਾਈ ਤੋਂ ਮੂੰਹ ਮੋੜ ਜਾਂਦੇ ਹਨ। ਇੰਡੀਆ ਤੋਂ ਆਉਣ ਵਾਲੇ ਮਿਹਨਤੀ, ਚੇਤੰਨ, ਹੁਸ਼ਿਆਰ ਬੱਚਿਆਂ ਨੇ ਇਥੇ ਸਕੂਲ ਤੇ ਕਾਲਜ ਲੈਵਲ ਤਕ ਦੂਸਰਿਆਂ ਨੂੰ ਪਛਾੜ ਦਿੱਤਾ ਹੈ। ਇਹ ਸਾਰੀ ਜਾਣਕਾਰੀ ਸਾਨੂੰ ਆਪਣੀ ਧੀ ਤੇ ਦਾਮਾਦ ਦੇ ਬੰਗਾਲੀ ਮਿੱਤਰ ਪਰਿਵਾਰ ਤੋਂ ਪ੍ਰਾਪਤ ਹੋ ਗਈ ਸੀ, ਜੋ ਸਿੱਧੇ ਤੌਰ 'ਤੇ ਉਥੋਂ ਦੇ ਵਿਦਿਆ ਬੋਰਡ ਦੇ ਪ੍ਰਮੁੱਖ ਮੈਂਬਰ ਰਹੇ ਸਨ।

ਨਾਲੇ ਇਥੇ ਕਿਹੜਾ ਸਾਡੀ ਹਰਕੀਰਤ ਨੂੰ ਮਾਂ ਦਾ ਪਿਆਰ ਮਿਲਦਾ ਸੀ। ਫੁੱਲ ਭਰ ਬੱਚੀ ਨੂੰ ਆਪਣੀ ਚੰਚਲਤਾਈ ਤੇ ਪੜ੍ਹਾਈ ਵੱਲੋਂ ਲਾਪ੍ਰਵਾਹੀ ਕਰ ਕੇ ਹਰ ਰੋਜ਼ ਮਾਂ ਵੱਲੋਂ ਸ਼ਾਊਟਿੰਗ ਤੇ ਪਨਿਸ਼ਮੈਂਟ ਦਾ ਡਰ, ਉਸ ਦੀ ਜਾਨ ਸੁਕਾ ਛੱਡਦਾ ਤੇ ਉਹਦੀ ਮਾਂ ਵੀ ਖੱਪ-ਖਪਾਅ ਕੇ ਦੁਖਦਾ ਸਿਰ ਲੈ ਕੇ ਬਹਿ ਜਾਂਦੀ। ਖ਼ਾਸ ਕਰ ਕੇ ਜਿਸ ਦਿਨ ਦਾ ਬੱਚੀ ਨੇ ਗੋਰਿਆਂ ਦੇ ਬੱਚਿਆਂ ਵਾਂਗ ਬਾਹਵਾਂ ਫੈਲਾ ਕੇ ਉੱਚੀ ਟੋਨ ਵਿਚ ਕਹਿ ਦਿੱਤਾ ਸੀ, "ਆਈ ਡੌਂਟ ਵਾਂਟ ਟੂ ਸਟੱਡੀ ਔਨ ਸੈਟਰਡੇ ਐਂਡ ਸੰਡੇ।" ਉਸ ਦੀ ਮਾਂ ਕੋਲ ਵੀ ਉਹ ਹੀ ਦੋ ਦਿਨ ਫ਼ਰੀ ਹੁੰਦੇ ਸਨ, ਜਦੋਂ ਉਸ ਨੇ ਇਸ ਨੂੰ ਸਮਝਾਉਣਾ, ਪੜ੍ਹਾਉਣਾ ਅਤੇ ਯਾਦ ਕਰਾਉਣਾ ਹੁੰਦਾ ਸੀ।

ਕਈ ਵੇਰਾਂ ਪਤੀ-ਪਤਨੀ ਵਿਚ ਵੀ ਇਸ ਗੱਲ ਤੋਂ ਮਨ-ਮੁਟਾਵ ਹੋ ਜਾਂਦਾ ਸੀ। ਬਾਪ ਚਾਹੁੰਦਾ ਕਿ ਬੱਚੀ ਨੂੰ ਪਿਆਰ ਨਾਲ ਸਮਝਾਇਆ ਜਾਵੇ ਪਰ ਮਾਂ ਉਹਦੇ ਤੋਂ ਬਹੁਤ ਸਤੀ ਹੋਈ ਸੀ। ਉਸ ਨੇ ਹਰ ਹੀਲਾ ਅਜ਼ਮਾ ਕੇ ਵੇਖ ਲਿਆ ਸੀ।

ਪਤਾ ਨਹੀਂ ਕਿਉਂ ਸਾਨੂੰ ਉਹਦੇ ਨਾਲ ਗੱਲ-ਬਾਤ ਕਰਨੀ ਚੰਗੀ ਲੱਗਦੀ ਤੇ ਆਸ ਵੀ ਸੀ ਇਸ ਨੂੰ ਬਹੁਤ ਪਿਆਰ ਕਰ ਕੇ ਪੜ੍ਹਾਈ ਵੱਲ ਪ੍ਰੇਰਿਆ ਜਾ ਸਕਦਾ ਹੈ। ਰੋਜ਼ ਵਾਂਗ ਰਾਤ ਨੂੰ ਉਹ ਆਪਣੇ ਕਮਰੇ ਵਿਚੋਂ ਉੱਠ ਕੇ ਸਾਡੇ



Academy of the Punjab in North America: http://www.apnaorg.com

ਕੋਲ ਆ ਕੇ ਪੁੱਛਦੀ, "ਮਾਮ! ਮੈਂ ਤੁਹਾਡੇ ਨਾਲ ਲੇਟ ਸਕਦੀ ਹਾਂ ?" ਮੇਰੇ 'ਹਾਂ' ਕਹਿਣ 'ਤੇ ਉਹ ਲੇਟ ਜਾਂਦੀ ਤੇ ਮੋਟੀਆਂ-ਮੋਟੀਆਂ ਅੱਖਾਂ ਖੋਲ੍ਹ ਕੇ ਗੁਰੂਆਂ, ਭਗਤਾਂ, ਸ਼ਹੀਦਾਂ ਦੇ ਜੀਵਨ ਤੇ ਮਹਾਨ ਕੰਮਾਂ ਦੀਆਂ ਕਥਾ-ਕਹਾਣੀਆਂ ਪੂਰੇ ਧਿਆਨ ਨਾਲ ਸੁਣਦੀ। ਐਨੀ ਸੁਚੇਤ ਹੁੰਦੀ ਕਿ ਬਾਰ-ਬਾਰ 'ਯੈਸ-ਯੈਸ' ਨਾਲ ਹੁੰਗਾਰਾ ਭਰੀ ਜਾਂਦੀ। ਮੈਂ ਸਮਝ ਲਿਆ ਸੀ ਕਿ ਉਹ ਜ਼ਿਹਨੀ ਵੀ ਹੈ ਤੇ ਉਸ ਦੇ ਸੰਸਕਾਰ ਵੀ ਪੰਜਾਬੀ ਹਨ। ਉਹ ਵਿਚ-ਵਿਚ ਬੜੀ ਸ਼ੁੱਧ ਪੰਜਾਬੀ ਬੋਲਦੀ। ਉਹ ਵਿਚੋਂ ਹੀ ਸਾਨੂੰ ਓਥੇ ਹੋਏ ਸਿੱਖ ਬੱਚਿਆਂ ਵੱਲੋਂ ਪੰਜਾਬੀ ਭਾਸ਼ਾ ਬੋਲਣ ਦੇ ਮੁਕਾਬਲੇ ਅਤੇ ਗੁਰਦੁਆਰੇ ਵਿਚ ਬੱਚਿਆਂ ਵੱਲੋਂ ਕੀਤੇ ਕੀਰਤਨ ਗਾਇਨ ਬਾਰੇ ਦੱਸੀ ਜਾਂਦੀ।

ਅੱਜ ਮੈਂ ਉਸ ਨੂੰ ਫਿਰ ਕਿਹਾ, ਉਹ ਸਾਡੇ ਨਾਲ ਇੰਡੀਆ ਚੱਲੇ। ਮੈਂ ਹੈਰਾਨ ਹੋ ਗਈ ਜਦ ਉਸ ਨੇ ਪੂਰੇ ਆਤਮ-ਵਿਸ਼ਵਾਸ ਨਾਲ ਉੱਚੀ ਸਾਰੀ ਬੋਲ ਕੇ ਕਿਹਾ, "ਮਾਮ! ਮੈਂ ਇੰਡੀਆ ਕਿਉਂ ਜਾਵਾਂ ? ਆਈ ਐਮ ਕੈਨੇਡੀਅਨ। ਆਈ ਲਵ ਮਾਈ ਕੰਟਰੀ।" ਹੁਣ ਜਦ ਵੀ ਮੈਂ ਉਸ ਨੂੰ ਇੰਡੀਆ ਜਾਣ ਬਾਰੇ ਪੁੱਛਦੀ ਤਾਂ ਉਸ ਦਾ ਉੱਤਰ ਹਮੇਸ਼ਾ 'ਕਿਉਂ ਜਾਵਾਂ ?' ਹੀ ਹੁੰਦਾ।

ਮੈਂ ਉਸ ਨੂੰ ਦੱਸਿਆ, "ਉਥੇ ਤੇਰੇ ਦਾਦਕੇ ਹਨ, ਨਾਨਕੇ ਹਨ। ਇੰਡੀਆ ਤੇਰੀ ਮਾਂ ਦੀ ਬਰਥ-ਪਲੇਸ ਹੈ। ਇੰਡੀਆ ਵਿਚ ਵੱਡੇ-ਵੱਡੇ ਇਤਿਹਾਸਕ ਗੁਰਦੁਆਰੇ ਹਨ। ਇੰਡੀਆ ਸੁਵਾਦਲੇ ਖਾਣਿਆਂ ਦਾ ਘਰ ਹੈ। ਉਥੇ ਤੈਨੂੰ ਬਹੁਤ ਪਿਆਰ ਮਿਲੇਗਾ। ਨਾਲੇ ਪਤਾ ਲੱਗੇਗਾ ਤੇਰੀ ਉਮਰ ਦੇ ਬੱਚੇ ਤੇਰੇ ਤੋਂ ਪੜ੍ਹਾਈ ਵਿਚ ਕਿੰਨੇ ਅਗਾਂਹ ਹਨ।"

ਉਹ ਸਾਰੀ ਗੱਲ ਸੁਣ ਕੇ ਭੁੜਕ ਕੇ ਬੋਲੀ, "ਮਾਮ! ਆਈ ਵੋਂਟ ਗੋ ਦੇਅਰ। ਆਈ ਹੈਵ ਮੈਨੀ ਫਰੈਂਡਜ਼ ਹੀਅਰ।" ਇਹ ਪੁੱਛਣ 'ਤੇ ਤੇਰੀਆਂ ਸਹੇਲੀਆਂ ਕੌਣ ਹਨ ? ਉਸ ਨੇ ਫ਼ੁਰਤੀ ਨਾਲ ਦੱਸਿਆ, "ਦੇ ਔਲ ਆਰ ਕੈਨੇਡੀਅਨ।" ਬੇਟਾ ਮੇਰਾ ਮਤਲਬ ਹੈ, "ਉਹਨਾਂ ਸਾਰੀਆਂ ਦਾ ਹੋਮ-ਦੇਸ਼ ਕਿਹੜਾ ਹੈ ?"

ਉਹ ਗੁੱਸੇ ਨਾਲ ਫਿਰ ਭੜਕ ਪਈ, "ਵਟ ਡੂ ਯੂ ਮੀਨ ਬਾਏ ਹੋਮ ਕੰਟਰੀ ?"

"ਬੇਟੀ! ਜਿਵੇਂ ਇੰਡੀਆ, ਅਮਰੀਕਾ, ਰੂਸ, ਚੀਨ, ਅਫ਼ਰੀਕਾ, ਕੋਰੀਆ, ਨਾਰਵੇ, ਲਿਬਨਾਨ ਆਦਿ ਦੇਸ਼ ਹਨ। ਮੇਰਾ ਭਾਵ ਉਹਨਾਂ ਦੇ ਪੇਰੈਂਟਸ ਕਿਹੜੇ ਦੇਸ਼ ਤੋਂ ਮਾਈਗਰੇਟ ਹੋ ਕੇ ਆਏ ਹਨ ?"

"ਯੈੱਸ-ਯੈੱਸ, ਨਾਉ ਆਈ ਅੰਡਰਸਟੈਂਡ। ਹਾਂ, ਮੇਰੀਆਂ ਸਹੇਲੀਆਂ ਕੀਨੀਆ ਤੋਂ, ਲੰਡਨ ਤੋਂ, ਸ੍ਰੀਲੰਕਾ ਤੋਂ, ਚਾਈਨਾ ਤੋਂ, ਕਈ ਜਗ੍ਹਾ ਤੋਂ ਆਈਆਂ



Academy of the Punjab in North America: http://www.apnaorg.com

ਹਨ। ਕਈ ਗੁਜਰਾਤੀ, ਬੈਂਗਾਲੀ ਤੇ ਪੰਜਾਬੀ ਕੁੜੀਆਂ ਮੇਰੀਆਂ ਫ਼ਰੈਂਡਜ਼ ਹਨ। ਮਾਮਾ, ਮੈਨੂੰ ਕਿਸੇ ਦੇ ਘਰ ਨਹੀਂ ਜਾਣ ਦਿੰਦੀ। ਮੈਨੂੰ ਉਹਨਾਂ ਨੂੰ ਫ਼ੋਨ ਵੀ ਨਹੀਂ ਕਰਨ ਦਿੰਦੀ। ਜੇ ਫ਼ੋਨ ਆਵੇ ਫਿਰ ਵੀ ਕਹਿੰਦੀ, ਤੂੰ ਨਾ ਛੇੜ ਪਾਇਆ ਕਰ। ਐਵੇਂ ਥੋੜ੍ਹੀ ਉਹ ਤੈਨੂੰ ਫ਼ੋਨ ਕਰਦੀਆਂ ਹਨ। ਮਾਮ ! ਸਾਰੀਆਂ ਸਿੱਖ ਫ਼ਰੈਂਡਜ਼ ਟੀ.ਵੀ. 'ਤੇ ਪਿਕਚਰਾਂ ਦੇਖਦੀਆਂ ਹਨ। ਮਾਮਾ-ਪਾਪਾ ਆਪ ਵੀ ਵੇਖਦੇ ਹਨ। ਮਾਮਾ ਮੈਨੂੰ ਗੁੱਸੇ ਹੁੰਦੀ ਐ। ਕਹਿੰਦੀ ਸਿੱਖ ਕੁੜੀਆਂ ਫ਼ਿਲਮ ਨਹੀਂ ਵੇਖਦੀਆਂ।"

ਉਹ ਕੁਝ ਉਦਾਸ ਸੀ, ਪਰ ਬੋਲੀ ਗਈ, "ਮਾਮ! ਦੋ ਫ਼ਰੈਂਡਜ਼ ਮੇਰੀਆਂ ਪੰਜਾਬੀ ਸਿੱਖ ਹਨ। ਸਿੱਖ ਕੁੜੀਆਂ ਵਾਲ ਨਹੀਂ ਨਾ ਕੱਟਦੀਆਂ ? ਗੁੱਤਾਂ ਕਰਦੀਆਂ ਨੇ। ਮੇਰੀ ਮਾਮਾ ਵੀ ਮੇਰੇ ਵਾਲ ਨਹੀਂ ਕੱਟਣ ਦਿੰਦੀ, ਕਹਿੰਦੀ ਤੇਰੇ ਪਾਪਾ ਗੁੱਸੇ ਹੋਣਗੇ।" "ਮਾਮ ! ਵੀਕ ਐਂਡ 'ਤੇ ਅਸੀਂ ਗੁਰਦੁਆਰੇ ਜਾਂਦੇ ਆਂ। ਉਥੇ ਮੈਨੂੰ ਲੰਗਰ ਵਿਚ ਬੈਠ ਕੇ ਲੰਗਰ ਖਾਣਾ ਬੜਾ ਚੰਗਾ ਲੱਗਦਾ। ਘਰ ਮਾਮਾ ਉਹੋ ਜਿਹਾ ਖਾਣਾ ਨਹੀਂ ਬਣਾਉਂਦੀ। ਤੁਸੀਂ ਵੀ ਇਸ ਵੀਕ ਐਂਡ 'ਤੇ ਸਾਡੇ ਨਾਲ ਜਾਣਾ ਏ। ਮੈਂ ਤੁਹਾਨੂੰ ਆਪਣੀ ਸਿੱਖ ਫ਼ਰੈਂਡ ਜਸਮੀਤ ਨੂੰ ਮਿਲਾਵਾਂਗੀ। ਇਕ ਨੇਹਾ ਵੀ ਹੈ। ਇਕ ਰਿਦਮ ਹੈ।"

ਉਹ ਸਾਰੀਆ ਗੱਲਾਂ ਕਹਿ ਕੇ ਮਨੋਂ ਖ਼ੁਸ਼ ਹੋ ਕੇ ਚਲੀ ਗਈ ਪਰ ਉਸੇ ਵੇਲੇ ਦੁਬਾਰਾ ਕਮਰੇ ਵਿਚ ਆਈ, "ਮਾਮ ! ਮੈਂ ਇੰਡੀਆ ਜਾ ਕੇ ਸਟੱਡੀ ਨਹੀਂ ਕਰਨੀ। ਮੈਂ ਆਪਣੇ ਕੰਟਰੀ ਵਿਚ ਰਹਿਣਾ। ਆਈ ਐਮ ਕੈਨੇਡੀਅਨ, ਆਈ ਐਮ ਆਲਸੋ ਸਿੱਖ। ਦੇਖੋ ਮੈਂ ਵਾਲ ਨਹੀਂ ਕੱਟੇ। ਮਾਮ ! ਸਿੱਖ ਅੱਛੇ ਲੋਕ ਹਨ। ਤੁਸੀਂ ਵੀ ਸਿੱਖਾਂ ਨੂੰ ਲਾਈਕ ਕਰਦੇ ਹੋ ? ਦੇ ਆਰ ਬਰੇਵ ਐਂਡ ਗੁੱਡ ਪੀਪਲ। ਮੈਂ ਤੇ ਜਸਮੀਤ ਦੋਨੋਂ ਸਿੱਖ ਹਾਂ।" ਮੇਰੇ ਮਾਮਾ ਪਾਪਾ ਵੀ ਸਿੱਖ ਹਨ। ਮੇਰੀ ਇਕ ਟੀਚਰ ਵੀ ਸਿੱਖ ਹੈ।

ਗੱਲਾਂ ਸੁਣਾ ਕੇ ਉਹ ਆਪਣੇ ਕਮਰੇ ਵਿਚ ਸੌਂ ਗਈ। ਮੈਂ ਨੋਟ ਕੀਤਾ ਸੀ ਉਹ ਸੌਣ ਤੋਂ ਪਹਿਲਾਂ ਕਿੰਨੀ-ਕਿੰਨੀ ਦੇਰ ਬੈੱਡ 'ਤੇ ਪਈ ਅੱਖਾਂ ਖੋਲ੍ਹ ਕੇ ਕੁਝ ਸੋਚਦੀ ਰਹਿੰਦੀ। ਮੇਰੇ ਮਨ ਵਿਚ ਇਹ ਵੇਖ ਕੇ ਕਈ ਪ੍ਰਸ਼ਨ ਉਭਰਨ ਲੱਗ ਪਏ ਸਨ।

ਸਾਡੇ ਨਾਲ ਉਸ ਦਾ ਹੁਣ ਗੂੜ੍ਹਾ ਪਿਆਰ ਹੋ ਗਿਆ ਸੀ। ਉਹ ਸਾਨੂੰ ਛੋਟੀਆਂ-ਛੋਟੀਆਂ ਸਕੂਲ ਦੇ ਬੱਚਿਆਂ ਦੀਆਂ ਗੱਲਾਂ ਦੱਸ ਕੇ ਖ਼ੁਸ਼ ਹੁੰਦੀ। ਹੁਣ ਉਹ ਪੜ੍ਹਨ ਵਿਚ ਵੀ ਤੁਰ ਪਈ। ਸਕੂਲੋਂ ਵਾਪਸੀ 'ਤੇ ਜਦੋਂ ਉਹ "ਫ਼ਾਈਵ ਆਊਟ ਔਫ਼ ਫ਼ਾਈਵ" ਕਹਿ ਕੇ ਹੱਸ-ਹੱਸ ਕੇ ਉਛਲਦੀ ਤਾਂ ਸਾਨੂੰ ਵੀ ਫ਼ਿਕਰ ਘਟ ਜਾਂਦਾ।



Academy of the Punjab in North America: http://www.apnaorg.com

ਅਸੀਂ ਜਦੋਂ ਵੀ ਉਹਨੂੰ ਯਾਦ ਕਰਾਉਣਾ ਹੁੰਦਾ, ਉਹ ਥੋੜ੍ਹਾ ਜਿਹਾ ਕੰਮ ਕਰ ਕੇ ਕੁਰਸੀ ਤੇ ਸਰੀਰ ਨੂੰ ਢਿੱਲਾ ਛੱਡ ਕੇ ਅੱਧ-ਲੇਟੀ ਕਹਿਣ ਲੱਗ ਜਾਂਦੀ, "ਨਾਉ ਆਈ ਵਾਂਟ ਬਰੇਕ।" ਮੈਂ ਉਸ ਨੂੰ ਦੱਸਦੀ ਤੈਨੂੰ ਪਤਾ ਹੈ ਨਾ ਸਿੱਖ ਬੱਚੇ ਕਿੰਨੀ ਮਿਹਨਤ ਕਰਦੇ ਹਨ। ਸਿੱਖ ਬੱਚੇ ਟੌਪ 'ਤੇ ਜਾ ਰਹੇ ਹਨ।

ਕਦੀ ਮੈਂ ਉਸ ਨੂੰ ਡਰ ਪਾਉਣ ਲਈ ਕਹਿੰਦੀ, "ਮਾਮਾ ਦੇ ਆਉਣ ਤੋਂ ਪਹਿਲਾਂ-ਪਹਿਲਾਂ ਯਾਦ ਕਰ ਲੈ ਨਹੀਂ ਤੇ ਸਾਨੂੰ ਗੁੱਸੇ ਹੋਵੇਗੀ।" ਹੁੰਦੀ ਵੀ ਸੀ। ਕਹਿੰਦੀ ਸੀ, "ਤੁਹਾਨੂੰ ਨਹੀਂ ਪਤਾ, ਤੁਸੀਂ ਵਿਚ ਦਖ਼ਲ ਨਾ ਦਿਉ, ਮੈਨੂੰ ਇਹਨੂੰ ਠੀਕ ਕਰਨਾ ਆਉਂਦਾ। ਪਿਆਰ ਤੇ ਨਰਮੀ ਨਾਲ ਇਹ ਵਿਗੜ ਜਾਂਦੀ ਹੈ।"

ਇਕ ਦਿਨ ਮੈਂ ਉਸ ਨੂੰ ਸਮਝਾਉਣ ਲਈ ਕਿਹਾ, "ਤੈਨੂੰ ਪਤਾ ਹੈ ਤੇਰੀ ਮਾਮਾ ਮੈਨੂੰ ਵੀ ਖਿੱਝ ਕੇ ਬੋਲਦੀ ਹੈ।" ਉਸ ਦਿਨ ਨੰਨ੍ਹੀ ਹਰਕੀਰਤ ਨੇ ਇਕ ਦਮ ਸਿੱਧੀ ਹੋ ਕੇ ਕੁਰਸੀ 'ਤੇ ਬੈਠ ਕੇ ਦਾਨਿਆਂ ਵਾਂਗ ਮੇਰੇ ਵੱਲ ਪੂਰੀ ਤਰ੍ਹਾਂ ਅੱਖਾਂ ਵਿਚ ਝਾਕ ਕੇ ਕਿਹਾ, "ਯੈੱਸ, ਆਈ ਨੋ, ਪਰ ਮਾਮ! ਜੇ ਮਾਮਾ ਤੁਹਾਨੂੰ ਗੁੱਸੇ ਹੁੰਦੀ ਐ। ਤੁਸੀਂ ਉਸ ਦੀ ਮਦਰ ਹੋ ਤਾਂ ਮੈਂ ਵੀ ਫਿਰ ਮਾਮਾ ਨੂੰ ਵੱਡੀ ਹੋ ਕੇ ਗੁੱਸੇ ਹੋ ਸਕਦੀ ਆਂ।" ਉਹਦੇ ਗੋਲ ਭਾਰੇ ਚਿਹਰੇ, ਤਿੱਖੀ ਠੋਡੀ ਤੇ ਗੋਲ-ਗੋਲ ਮੋਟੀਆਂ ਅੱਖਾਂ ਨਾਲ ਚਿਹਰੇ 'ਤੇ ਭਾਵ ਲਿਆ ਕੇ ਜਦ ਗੱਲਾਂ ਕਰਦੀ ਤਾਂ ਸਾਨੂੰ ਪਿਆਰੀ ਲੱਗਦੀ। ਉਸ ਦਿਨ ਉਹ ਸਾਨੂੰ ਆਪਣੀ ਰਾਜ਼ਦਾਨ ਫ਼ਰੈਂਡ ਮਹਿਸੂਸ ਹੋਈ ਤੇ ਉਸ ਦਿਨ ਤੋਂ ਮੈਂ ਉਸ ਨੂੰ ਮਾਈ ਫ਼ਰੈਂਡ ਕਹਿ ਕੇ ਬੁਲਾਉਂਦੀ। ਉਹ ਖਿੜ-ਖਿੜ ਕੇ ਹੱਸਦੀ ਸੀ ਤੇ ਉਸ ਦਾ ਚਿਹਰਾ ਸਾਡੇ ਵੱਲੋਂ ਮਿਲੇ ਪਿਆਰ ਤੇ ਪਛਾਣ ਨਾਲ ਖੇੜੇ ਵਿਚ ਸੂਹਾ ਲਾਲ ਹੋ ਕੇ ਚਮਕ ਪੈਂਦਾ। ਸਾਡੀ ਅਗਵਾਈ ਤੇ ਪਿਆਰ ਨਾਲ ਬੱਚੀ ਨੂੰ ਖ਼ੁਸ਼ ਵੇਖ ਕੇ ਸਾਡੀ ਧੀ ਵੀ ਫ਼ਿਕਰ ਰਹਿਤ ਹੋ ਰਹੀ ਸੀ ਤੇ ਹੁਣ ਬੱਚੀ ਨੂੰ ਆਪਣੇ ਨਾਲ ਲਾ ਕੇ ਘੁੱਟ-ਘੁੱਟ ਕੇ ਪਿਆਰ ਕਰਦੀ।

ਵੀਕ ਐਂਡ ਨੇੜੇ ਆ ਗਿਆ। ਬੱਚੀ ਨੂੰ ਗੁਰੂ ਘਰ ਦੀ ਰੌਣਕ, ਉਥੇ ਮਿਲਣ ਵਾਲੇ ਪ੍ਰਸ਼ਾਦ, ਆਪਣੀਆਂ ਫ਼ਰੈਂਡਜ਼ ਨਾਲ ਮੇਲ ਅਤੇ ਲੰਗਰ ਖਾਣ ਦਾ ਹੱਦੋਂ ਵੱਧ ਚਾਅ ਸੀ।

ਇਸ ਵੀਕ ਐਂਡ ਉੱਤੇ ਹੀ ਗੁਰਦੁਆਰੇ ਦੇ ਪ੍ਰਧਾਨ ਤੇ ਸਾਡੇ ਦਾਮਾਦ ਨਾਲ, ਜੋ ਗੁਰੂ ਘਰ ਦਾ ਪੱਕਾ ਸ਼ਰਧਾਲੂ ਹੈ। ਮੇਰੇ ਵੱਲੋਂ ਗੁਰਬਾਣੀ ਦੇ ਆਧਾਰ 'ਤੇ ਭਾਈਚਾਰਕ ਸਾਂਝ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਦੀ ਗੱਲ ਤਹਿ



Academy of the Punjab in North America: http://www.apnaorg.com

ਹੋਈ ਸੀ।

ਗੁਰਬਾਣੀ ਕੀਰਤਨ ਤੋਂ ਪਿੱਛੋਂ ਅਰਦਾਸ ਤੇ ਵਾਕ ਸੁਣਾਇਆ ਗਿਆ। ਮੈਂ ਬਾਣੀਕਾਰਾਂ ਵੱਲੋਂ ਜ਼ਾਤ-ਪਾਤ ਦਾ ਜਿਵੇਂ ਖੰਡਨ ਹੋਇਆ ਹੈ, ਉਸ ਦੀ ਵਿਆਖਿਆ ਕੀਤੀ। ਸਾਰੇ ਦ੍ਰਿਸ਼ਟਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸਨ। ਸੰਗਤਾਂ ਨੇ ਇਕਾਗਰ ਚਿੱਤ ਹੋ ਕੇ ਵਿਚਾਰ ਸੁਣੇ। ਵਿਚ-ਵਿਚ ਕਈ ਵੇਰਾਂ ਜੈਕਾਰੇ ਛੱਡੇ। ਬੀਬੀਆਂ ਵੀ ਅੱਜ ਤੋੜ ਤਕ ਬੈਠੀਆਂ ਰਹੀਆਂ, ਕਾਹਲੀਆਂ ਨਾ ਪਈਆਂ। ਸ਼ਾਇਦ ਉਹਨਾਂ ਨੂੰ ਇਕ ਬੀਬੀ ਵੱਲੋਂ ਪੇਸ਼ ਵਿਚਾਰਾਂ ਵਿਚ ਆਪਣਾ ਅਕਸ ਵੀ ਜਾਪਿਆ ਤੇ ਕਹੀ ਗੱਲ 'ਤੇ ਡੂੰਘਾ ਵਿਸ਼ਵਾਸ ਬੱਝਾ।

ਅੱਜ ਹਰਕੀਰਤ ਵੀ ਸੰਗਤ ਵਿਚ ਬੀਬੀਆਂ ਵਾਲੇ ਪਾਸੇ ਚੁੱਪ-ਚਾਪ ਬੈਠ ਕੇ ਸਾਰਾ ਪ੍ਰੋਗਰਾਮ ਸੁਣਦੀ ਰਹੀ। ਸਾਡੀ ਧੀ ਨੂੰ ਚੈਨ ਸੀ, ਨਹੀਂ ਤੇ ਚਾਰ-ਚੁਫੇਰੇ ਭੱਜੀ ਫਿਰਦੀ। ਕਦੀ ਸਿਰ ਤੋਂ ਰੁਮਾਲ ਉਤਾਰ ਲੈਂਦੀ ਤੇ ਹੇਠਾਂ ਉੱਤਰ ਜਾਂਦੀ। ਅੱਜ ਉਸ ਨੇ ਆਪਣੇ ਬਾਪ ਨੂੰ ਵੀ ਪ੍ਰੋਗਰਾਮ ਦੀਆਂ ਤਸਵੀਰਾਂ ਲੈਣ ਤੋਂ ਨਾ ਹਟਾਇਆ, ਜਦ ਕਿ ਪਿਛਲੀ ਵੇਰਾਂ ਉਸ ਨੇ ਜ਼ਿੱਦ ਵਿਚ ਆ ਕੇ ਕੈਮਰਾ ਬੰਦ ਕਰਨ ਲੱਗੀ ਨੇ ਖ਼ਰਾਬ ਕਰ ਦਿੱਤਾ ਸੀ। ਉਸ ਦਾ ਪਾਪਾ ਜਦ ਗੁੱਸੇ ਹੋਇਆ ਸੀ ਤਾਂ ਉਹ ਬਾਘਾ ਅੱਡਣ ਲੱਗ ਪਈ। ਹਾਰ ਕੇ ਉਹ ਉਹਨੂੰ ਬਾਹਰ ਲੈ ਗਿਆ। ਪਿਉ ਨੂੰ ਹੋਰ ਗੁੱਸਾ ਚੜ੍ਹਿਆ ਸੀ ਕਿ ਇਸ ਨੇ ਰਹਰਾਸਿ ਸਾਹਿਬ ਦੇ ਪਾਠ ਤੋਂ ਲੈ ਕੇ ਸੁਖਆਸਣ ਤਕ ਦੇ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਸੀ ਹੋਣ ਦਿੱਤਾ।

ਸਾਡੀ ਧੀ ਅੱਜ ਖ਼ੁਸ਼ ਸੀ। ਹਰਕੀਰਤ ਨੇ ਸ਼ਰਾਰਤਾਂ ਨਹੀਂ ਕੀਤੀਆਂ, ਨਹੀਂ ਤੇ ਘੜੀ ਬੈਠਣਾ ਔਖਾ ਹੋ ਜਾਂਦਾ ਹੈ। ਕਹਿਣ ਲੱਗੀ, "ਮਾਮਾ! ਉਹ ਵੇਖੋ ਆਪਣੀ ਫ਼ਰੈਂਡ ਨਾਲ ਗੱਲਾਂ ਮਾਰਦੀ ਤੁਰੀ ਫਿਰਦੀ ਏ। ਘੜੀ ਲੰਘ ਜਾਊ। ਗਲੋਂ ਲੱਥੀ ਰਹੂ, ਸਤਾਉਂਦੀ ਬੜਾ ਏ।"

ਸਮਾਪਤੀ ਤੋਂ ਪਿੱਛੋਂ ਅਸੀਂ ਲੰਗਰ ਲਈ ਹੇਠਾਂ ਉੱਤਰ ਰਹੀਆਂ ਸਾਂ ਤਾਂ ਉਹ ਆਪਣੀ ਸਹੇਲੀ ਨਾਲ ਭੱਜੀ ਆਈ। ਮਾਮ! ਇਹ ਮੇਰੀ ਫ਼ਰੈਂਡ ਐ।" ਅਸੀਂ ਬੱਚੀ ਨੂੰ ਗਲ ਵਿਚ ਲਿਆ, ਪਿਆਰ ਕੀਤਾ। ਬੱਚੀ ਸਾਨੂੰ ਮਿਲ ਕੇ ਦੌੜ ਗਈ। ਹਰਕੀਰਤ ਕਾਹਲੀ ਕਾਹਲੀ ਬੋਲੀ ਜਾ ਰਹੀ ਸੀ, "ਮਾਮ! ਅਸੀਂ ਕੀ ਹੁੰਦੇ ਆਂ ਦੱਸੋ?"

"ਬੇਟੀ! ਅਸੀਂ ਮਨੁੱਖ ਹੁੰਦੇ ਆਂ। ਇਨਸਾਨ ਹੁੰਦੇ ਆਂ। ਇਹ ਗੱਲ ਕਿਉਂ ਪੁੱਛਦੀ ਏਂ?"

"ਮਾਮ! ਜਸਮੀਤ ਪੁੱਛਦੀ ਹੈ, ਤੁਸੀਂ ਜੱਟ ਸਿੱਖ ਓ?"



Academy of the Punjab in North America: http://www.apnaorg.com

"ਹਰਕੀਰਤ ਬੇਟਾ! ਅਸੀਂ ਜੱਟ ਸਿੱਖ ਨਹੀਂ, ਸਿੱਖ ਹੁੰਦੇ ਆਂ। ਕਿਹੜੇ ਸਿੱਖ ਆਂ, ਮੈਂ ਤੈਨੂੰ ਕਿਵੇਂ ਸਮਝਾਵਾਂ? ਸਿੱਖ ਤੇ ਸਿੱਖ ਹੀ ਹੁੰਦੇ ਆ, ਸਾਰੇ ਬਰਾਬਰ ਹੁੰਦੇ ਹਨ। ਅਸੀਂ ਗੁਰੂ ਦੇ ਸਿੱਖ ਆਂ।"

"ਮਾਮ! ਜੱਟ ਸਿੱਖ ਕੌਣ ਹੁੰਦੇ? ਅਸੀਂ ਜੱਟ ਸਿੱਖ ਹਾਂ?" ਹਰਕੀਰਤ ਉਤਾਵਲੀ ਬੋਲੀ ਜਾ ਰਹੀ ਸੀ।

"ਮੈਂ ਤੇ ਹੁਣ ਬੋਲਿਆ ਵੀ ਇਹੋ ਸੀ, ਗ੍ਰੰਥੀ ਸਿੰਘ ਜੀ ਵੀ ਇਹੋ ਸਿੱਖਿਆ ਦਿੰਦੇ ਹਨ ਕਿ ਸਿੱਖ ਸਿੱਖ ਹੀ ਹੁੰਦਾ ਹੈ। ਉਸ ਦੀ ਜ਼ਾਤ, ਉਸ ਦੀ ਪਾਤ ਵਾਹਿਗੁਰੂ ਹੁੰਦੀ ਹੈ। ਉਹ ਸਭ ਦਾ ਸੱਜਣ ਮੀਤ ਹੁੰਦਾ ਹੈ।"

ਚੰਚਲ ਬੱਚੀ ਅੜ ਗਈ, "ਮਾਮ! ਦੱਸੋ, ਉਹ ਮੇਰੀ ਫ਼ਰੈਂਡ ਆ ਰਹੀ ਹੈ। ਦੱਸੋ।"

ਮੈਨੂੰ ਲੋਕਾਂ ਦੀ ਸੋਚ 'ਤੇ ਜੋ ਸੈਂਕੜੇ ਸਾਲਾਂ ਤੋਂ ਉਥੇ ਖੜੀ ਸੀ, ਜਾਣ ਕੇ ਤੇ ਗੁਰੂ ਜੀ ਦੀ ਸਿੱਖਿਆ ਨਾ ਸਮਝਣ ਦੀ ਸਥਿਤੀ 'ਤੇ ਦੁੱਖ ਹੋ ਰਿਹਾ ਸੀ। ਬੱਚੀ ਦੀ ਜ਼ਿੱਦ ਕਰਨ ਤੇ ਮੈਂ ਕਿਹਾ, "ਅਸੀਂ ਮਜ਼ਹਬੀ ਸਿੱਖ ਹੁੰਦੇ ਆਂ।"

"ਮਾਮ! ਮਜ਼ਹਬੀ ਸਿੱਖ ਕੌਣ ਹੁੰਦੇ ਹਾਂ?"

ਮੈਨੂੰ ਤਟ-ਫੱਟ ਉੱਤਰ ਸੁੱਝ ਗਿਆ, "ਹਰਕੀਰਤ! ਮਜ਼ਹਬੀ ਸਿੱਖ ਗੁਰੂ ਜੀ ਦੇ ਸਿੱਖ ਹਨ।"

"ਫਿਰ ਮੈਂ ਨਹੀਂ ਗੁਰੂ ਜੀ ਦੀ ਸਿੱਖ? ਤੁਸੀਂ ਵੀ ਨਹੀਂ, ਮੇਰੀ ਫ਼ਰੈਂਡ ਵੀ ਨਹੀਂ। ਇਕ ਹੋਰ ਮੇਰੀ ਫ਼ਰੈਂਡ ਹਰਲੀਨ ਵੀ ਨਹੀਂ?"

"ਬੇਟੀ, ਮਜ਼ਹਬੀ ਸਿੱਖਾਂ ਨੂੰ ਗੁਰੂ ਜੀ ਨੇ ਬਿੱਗ ਹੱਗ ਕੀਤਾ ਸੀ, ਜਦੋਂ ਭਾਈ ਜੈਤਾ ਜੀ ਭਾਰੀ ਖ਼ਤਰਿਆਂ ਵਿਚ ਗੁਰੂ ਤੇਗ ਬਹਾਦਰ ਜੀ ਦਾ ਸੀਸ ਆਨੰਦਪੁਰ ਸਾਹਿਬ ਲੈ ਕੇ ਪਹੁੰਚੇ ਸਨ ਤਾਂ ਉਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ਉਸ ਵਕਤ ਬਿੱਗ ਹੱਗ ਕੀਤਾ। ਗਲ ਨਾਲ ਲਾਇਆ ਤੇ ਕਿਹਾ "ਰੰਗਰੇਟੇ, ਗੁਰੂ ਕੇ ਬੇਟੇ!"

ਇਹ ਸੁਣ ਕੇ ਹਰਕੀਰਤ ਮੇਰੇ ਮੂੰਹ ਵੱਲ ਤੱਕ ਕੇ ਕਹਿਣ ਲੱਗੀ, "ਮਾਮ! ਅਸੀਂ ਗੁਰੂ ਦੇ ਸਿੱਖ ਨਹੀਂ।"

ਮੇਰਾ ਹਾਸਾ ਨਿਕਲ ਗਿਆ। ਹਰਕੀਰਤ ਉੱਛਲ ਪਈ। ਜਸਮੀਤ ਨੂੰ ਬਾਂਹ ਤੋਂ ਹਿਲਾ ਕੇ ਕਹਿਣ ਲੱਗੀ, "ਤੂੰ ਵੀ ਗੁਰੂ ਦੀ ਸਿੱਖ ਬਣ ਜਾ। ਮੈਂ ਤਾਂ ਜ਼ਰੂਰ ਬਣਾਂਗੀ। ਗੁਰੂ ਜੀ ਸਾਨੂੰ ਪਿਆਰ ਕਰਨਗੇ।" ਮੇਰੇ ਗੋਡਿਆਂ ਨਾਲ ਚੰਬੜ ਕੇ



Academy of the Punjab in North America: http://www.apnaorg.com

ਚਾਂਮਲ ਰਹੀ ਸੀ, "ਮਾਮ! ਇੰਡੀਆ ਵਿਚ ਸਾਰੇ ਗੁਰੂ ਜੀ ਦੇ ਸਿੱਖ ਹਨ?"

"ਨਹੀਂ ਬੇਟਾ! ਸਾਡੀ ਇਹ ਖ਼ੁਸ਼ਕਿਸਮਤੀ ਕਿਵੇਂ! ਅਸੀਂ ਸਾਂਝੇ ਸਮਾਜ ਵਿਚ ਅਜੇ ਵੀ ਤਰ੍ਹਾਂ-ਤਰ੍ਹਾਂ ਦੇ ਸਿੱਖ ਹਾਂ, ਕੋਈ ਜੱਟ ਸਿੱਖ ਹੈ, ਕੋਈ ਰਾਮਗੜ੍ਹੀਆ ਸਿੱਖ ਹੈ, ਦੂਸਰਾ ਕੋਈ ਖੱਤਰੀ ਸਿੱਖ ਹੈ, ਕੋਈ ਅਰੋੜਾ ਸਿੱਖ ਹੈ। ਕੋਈ ਮਜ਼ਹਬੀ ਸਿੱਖ ਹੈ। ਕੋਈ ਦੁਆਬੀਆ ਹੈ, ਕੋਈ ਮਝੈਲ ਹੈ ਤੇ ਕੋਈ ਮਲਵਈ।"

ਮੇਰਾ ਮਨ ਗੰਭੀਰ ਹੋ ਕੇ ਸੋਚਣ ਲੱਗਾ। ਆਪਣੇ ਮਨਾਂ ਦੀ ਨਫ਼ਰਤ ਨੂੰ ਅਸੀਂ ਨੰਨ੍ਹੇ ਦਿਲਾਂ ਵਿਚ ਘੋਲ ਦਿੱਤਾ ਹੈ। ਅਸੀਂ ਕਿਸੇ ਤਰ੍ਹਾਂ ਦੇ ਵੀ ਸਿੱਖ ਨਹੀਂ। ਅਸੀਂ ਇਨਸਾਨ ਹੀ ਨਹੀਂ। ਅਸੀਂ ਗੁਰੂ ਨੂੰ ਪਛਾਣਿਆ ਹੀ ਨਹੀਂ, ਅਸੀਂ ਉਸ ਨਾਲ ਆਪੋ ਆਪਣੇ ਸੰਬੰਧ ਬਣਾਉਂਦੇ ਹਾਂ। ਪਰ ਉਹ ਸਾਡੇ ਨਾਲ ਸੰਬੰਧ ਨਹੀਂ ਬਣਾਏਗਾ। ਅਸੀਂ ਜ਼ਾਤ-ਪਾਤ, ਊਚ-ਨੀਚ ਤੇ ਇਲਾਕਾਈ ਭੇਦ-ਭਾਵ ਤੋਂ ਮੁਕਤ ਨਹੀਂ ਹੋਏ।"

"ਮਾਮ ਮਾਮ ਪਲੀਜ਼! ਤੁਸੀ ਸੈਡ ਕਿਉਂ ਹੋ ਗਏ? ਮੈਂ ਗੁਰੂ ਦੀ ਸਿੱਖ ਬਣਾਂਗੀ। ਫਿਰ ਬਾਬਾ ਜੀ ਮੈਨੂੰ ਬਿੱਗ ਹੱਗ ਕਰਨਗੇ। ਮੈਂ ਖ਼ੂਬ ਪੜ੍ਹਾਂਗੀ। ਮਾਮਾ ਨੂੰ ਵੀ ਤੰਗ ਨਹੀਂ ਕਰਿਆ ਕਰਾਂਗੀ। ਮੈਂ ਤੁਹਾਡੇ ਨਾਲ ਇੰਡੀਆ ਜਾਵਾਂਗੀ। ਤੁਸੀਂ ਤਾਂ ਗੁਰੂ ਦੇ ਸਿੱਖ ਹੋ ਨਾ?"

"ਪੁੱਤਰੀ! ਸਾਡੇ ਭਾਗ ਕਿਥੇ? ਸਰਬੰਸ ਦਾਨੀ ਨੇ ਬਿਨਾਂ ਭੇਦ-ਭਾਵ ਦੇ ਸਾਰੇ ਸਿੱਖਾਂ ਹਿੰਦੂਆਂ ਦੀ ਜ਼ੁਲਮ ਤੋਂ ਰੱਖਿਆ ਲਈ ਸਾਰਾ ਪਰਿਵਾਰ ਵਾਰ ਦਿੱਤਾ। ਅਸੀਂ ਫਿਰ ਵੰਡਾਂ ਪਾ ਲਈਆਂ, ਉਥੇ ਦੇ ਉਥੇ। ਪੰਜ ਪਿਆਰੇ ਵੱਖ-ਵੱਖ ਜਾਤਾਂ ਦੇ ਸਿੱਖ ਨਾ ਹੋ ਕੇ ਸਿਰਫ਼ ਆਪਣੇ ਗੁਰੂ ਦੇ ਸਿੱਖ ਬਣ ਗਏ ਸਨ।"

ਹਰਕੀਰਤ ਮੇਰੇ ਵੱਲ ਇਕ ਟੱਕ ਵੇਖੀ ਗਈ। ਮੈਂ ਬਹੁਤ ਹੀ ਉਦਾਸ ਹੋ ਗਈ। ਗੁਰੂਆਂ ਭਗਤਾਂ ਦੀ ਸਾਂਝੀ ਮਨੁੱਖਤਾ ਲਈ ਕੁਰਬਾਨੀ ਦਾ ਇਤਿਹਾਸ ਮੇਰੀਆਂ ਅੱਖਾਂ ਅੱਗੇ ਰੀਲ ਵਾਂਗ ਗੁਜ਼ਰਨ ਲੱਗਾ। ਸੰਗਤ ਲੰਗਰ ਛਕ ਕੇ ਮੇਰੇ ਤੇ ਨੰਨ੍ਹੀ ਹਰਕੀਰਤ ਵਿਚਲੀ ਵਾਰਤਾਲਾਪ ਸੁਣਨ ਲਈ ਬਾਹਰ ਜਾਂਦੀ-ਜਾਂਦੀ ਸਾਡੇ ਕੋਲੋਂ ਦੀ ਵੇਖ ਕੇ, ਛਿਣ ਰੁਕ ਕੇ ਨਿਕਲ ਰਹੀ ਸੀ। ਸਾਡੀ ਧੀ ਨੇ ਸਾਨੂੰ ਦੋਹਾਂ ਨੂੰ ਉਦਾਸ ਵੇਖਿਆ। ਮੈਨੂੰ ਉਠਾਇਆ, "ਮਾਮ! ਇਵੇਂ ਸੈਂਸਟਿਵ ਨਾ ਬਣੋ। ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ 'ਤੇ ਕੋਈ ਨਹੀਂ ਚੱਲਦਾ। ਤੁਸੀਂ ਕਿਉਂ ਇੰਨੇ ਦੁਖੀ ਹੋ ਗਏ ਹੋ? ਉਹ ਦੇਖੋ, ਕਈ ਤੁਹਾਨੂੰ ਮਿਲਣ ਲਈ ਬਾਹਰ ਖੜੇ ਹਨ।"



Academy of the Punjab in North America: http://www.apnaorg.com

ਮੈਂ ਸੋਚਦੀ-ਸੋਚਦੀ ਬਾਹਰ ਆ ਗਈ, "ਚਾਨਣ ਦੇ ਵਣਜਾਰਿਆਂ ਨੂੰ ਅਸੀਂ ਹਨੇਰੇ ਮਨਾਂ ਨਾਲ ਕਿਵੇਂ ਯਾਦ ਕਰ ਸਕਾਂਗੇ?" ਜ਼ਿਹਨੀ ਹਰਕੀਰਤ ਮੇਰੇ ਨਾਲ ਹੀ ਚੰਬੜੀ ਰਹੀ।

ਇਕ ਸੋਚ ਸੀ, "ਮੈਂ ਇਸ ਨੰਨ੍ਹੀ ਕੋਰੀ ਸਲੇਟ ਨੂੰ ਕਿਥੇ ਲੈ ਜਾਵਾਂ? ਜਿਥੇ 'ਜਾਣਹੁ ਜੋਤਿ ਨ ਪੂਛਹੁ ਜਾਤੀ॥' ਦੇ ਅੱਖਰ ਲਿਖੇ-ਪੜ੍ਹੇ ਜਾਣ।" ਸਾਡੇ ਦਾਮਾਦ ਦੇ ਸਾਰੇ ਵਾਕਫ਼ਕਾਰ ਤੇ ਕਈ ਸਾਡੇ ਵੀ ਵਾਕਫ਼, ਕੁਝ ਪੁੱਛ-ਦੱਸ ਰਹੇ ਸਨ, ਪਰ ਅਸੀਂ ਨਿਰਉੱਤਰ ਖੜੇ ਸਾਂ।



Academy of the Punjab in North America: http://www.apnaorg.com

# ਖੜੋਤ

ਉਸ ਘਰ ਨਾਲ ਉਸ ਦੀ ਤੇ ਉਸ ਦੇ ਪਤੀ ਦੀ ਸਾਂਝ ਦਾ ਆਧਾਰ, ਘਰ ਦੇ ਮੁਖੀ ਦੀ ਸਿਆਸੀ ਵਿਚਾਰਧਾਰਾ, ਪਾਰਟੀ ਨਾਲ ਪ੍ਰਤਿਬੱਧਤਾ ਅਤੇ ਸਮਾਜ ਸੇਵਾ ਦੇ ਕੰਮਾਂ ਵਿਚ ਸਰਗਰਮੀ ਦੀ ਸਾਂਝ ਸੀ। ਉਹ ਤੇ ਉਸ ਦਾ ਪਤੀ ਜਦ ਵੀ ਚੰਡੀਗੜ੍ਹ ਤੋਂ ਆਉਂਦੇ, ਉਹਨਾਂ ਦੇ ਕੰਮ ਦੇ ਸ਼ਡਿਊਲ ਦਾ ਵਧੇਰੇ ਸਮਾਂ ਉਸ ਘਰ ਦੇ ਮੁਖੀ ਨਾਲ ਬੈਠ ਕੇ ਸਮਕਾਲੀ ਹਾਲਾਤਾਂ ਬਾਰੇ ਗਹਿਰ-ਗੰਭੀਰ ਵਿਚਾਰ-ਚਰਚਾ ਵਿਚ ਹੀ ਬੀਤਦਾ। ਉਹ ਅਕਸਰ ਸਮਕਾਲੀ ਹਾਲਤਾਂ, ਪਾਰਟੀ ਦੇ ਸਮਾਜ ਵਿਚ ਰੋਲ, ਪਾਰਟੀ ਵਿਚ ਆਈ ਖੜੋਤ ਦੇ ਕਾਰਨਾਂ ਅਤੇ ਦੂਰ-ਰਸੀ ਸਿੱਟਿਆਂ ਬਾਰੇ ਘੋਖ-ਵਿਚਾਰ ਕਰਦੇ।

ਉਸ ਪਰਿਵਾਰ ਨਾਲ ਇਹਨਾਂ ਦਾ ਰਿਸ਼ਤਾ ਪਰਸਪਰ ਪਛਾਣ ਅਤੇ ਪਿਆਰ ਸਤਿਕਾਰ ਵਾਲਾ ਸੀ। ਹੁਣ ਇਹ ਸਾਂਝ ਅਤੇ ਸਤਿਕਾਰ ਪਰਿਵਾਰਕ ਰਿਸ਼ਤੇ ਵਿਚ ਵੱਟ ਗਏ ਸਨ। ਦੂਰ ਹੁੰਦਿਆਂ ਵੀ ਦੋਹਾਂ ਪਾਸਿਆਂ ਤੋਂ ਵਾਕਫ਼ਕਾਰਾਂ ਅਤੇ ਸਾਥੀਆਂ ਰਾਹੀਂ ਸ਼ੁਭਕਾਮਨਾਵਾਂ ਦਾ ਆਦਾਨ ਪ੍ਰਦਾਨ ਬਣਿਆ ਰਹਿੰਦਾ।

ਸਮਾਂ ਬੀਤਦਾ ਗਿਆ, ਦੋਹੀਂ ਪਾਸੀਂ ਸਰੀਰਕ ਪੱਧਰ ਉੱਤੇ ਨਿਰਬਲਤਾ ਵਧਦੀ ਜਾ ਰਹੀ ਸੀ। ਹੁਣ ਉਸ ਤਰ੍ਹਾਂ ਦੀਆਂ ਸੰਜੀਦਾ ਬੈਠਕਾਂ ਅਤੇ ਆਹਮੋ-ਸਾਹਮਣੀ ਵਾਰਤਾਲਾਪ ਤਾਂ ਨਾ ਹੋ ਸਕਦੀ ਪਰ ਇਥੇ ਆਉਣ ਉੱਤੇ ਪਹਿਲੀ ਗੱਲ, ਉਹਨਾਂ ਵੱਲੋਂ ਵੱਡੇ ਭਰਾਵਾਂ ਵਰਗੇ ਉਸ ਸਾਥੀ ਦੀ ਸਿਹਤ ਬਾਰੇ ਜਾਣਕਾਰੀ ਪ੍ਰਾਪਤ ਕਰਨ ਅਤੇ ਫਿਰ ਜਾ ਕੇ ਮਿਲਣ ਲਈ ਪ੍ਰਬੰਧ ਕਰਨ ਬਾਰੇ ਹੁੰਦੀ। ਉਹ ਤੇ ਅਸੀਂ ਸਾਰੇ ਉਸ ਸਾਥੀ ਨੂੰ ਭਾ ਜੀ ਜਾਂ ਭਰਾ ਜੀ ਕਹਿ ਕੇ ਸੰਬੋਧਿਤ ਹੁੰਦੇ। ਭਾ ਜੀ ਵੀ ਭੈਣਾਂ ਸਮਾਨ ਸਮਝਦਿਆਂ ਬੀਬੀ ਤੇ ਵੱਡੀ ਬੀਬੀ ਕਹਿ ਕੇ ਸੱਦਦੇ। ਸਾਡਾ ਵੀ ਜੀ ਕਰ ਆਉਂਦਾ, ਉਸ ਦੇਸ਼-ਭਗਤ ਦੇ ਦਰਸ਼ਨ ਕਰ ਆਈਏ। ਸਮਾਂ ਕੱਢ ਕੇ ਉਹ ਅਤੇ ਅਸੀਂ ਭਾ ਜੀ ਨੂੰ ਪਿੰਡ ਮਿਲ ਆਉਂਦੇ।

ਪਿਛਲੇ ਕੁਝ ਸਮੇਂ ਤੋਂ ਬੀਬੀ ਦੇ ਮਨ ਵਿਚ ਇਕ ਸੋਚ ਉੱਭਰ ਗਈ ਕਿ ਇਸ ਵੇਰਾਂ ਭਾ ਜੀ ਨੇ ਆਪਣੀ ਪੋਤਰੀ ਦੇ ਵਿਆਹ ਉੱਤੇ ਉਹਨਾਂ ਨੂੰ ਕਿਉਂ ਨਹੀਂ ਸੱਦਿਆ ? ਜਦ ਕਿ ਬਹੁਤ ਸਾਲ ਪਹਿਲਾਂ ਉਹਨਾਂ ਦੀ ਇਕਲੌਤੀ ਧੀ ਦੀ ਸ਼ਾਦੀ



Academy of the Punjab in North America: http://www.apnaorg.com

ਉੱਤੇ ਪਿੰਡ, ਉਸੇ ਘਰ ਵਿਚ, ਉਹ ਦੋਵੇਂ ਜੀਅ ਸਾਰਾ ਦਿਨ ਹਾਜ਼ਰ ਰਹੇ ਸੀ ਸਗੋਂ ਸ਼ਾਦੀ ਦੇ ਮੌਕੇ ਉੱਤੇ ਬੀਬੀ ਨੇ ਅਨੰਦ ਕਾਰਜ ਦੇ ਵੇਲੇ ਦਾ ਸਾਰਾ ਕੰਮ ਨਿਭਾਇਆ ਸੀ ਤੇ ਲਾਵਾਂ ਸਮੇਂ ਸੈਂਕੜੇ ਲੋਕਾਂ ਦੀ ਹਾਜ਼ਰੀ ਵਿਚ ਇਸ ਪ੍ਰਕਾਰ ਦੀਆਂ ਸ਼ਾਦੀਆਂ ਰਚਾਉਣ ਲਈ ਪ੍ਰੇਰਿਆ ਵੀ ਸੀ। ਉਸ ਸਮੇਂ ਲਈਆਂ ਗਈਆਂ ਤਸਵੀਰਾਂ, ਉਸ ਲਈ ਇਕ ਯਾਦਗਾਰੀ ਸਮਾਂ ਬਣ ਗਿਆ ਸੀ।

ਸਾਦੇ ਕੱਪੜਿਆਂ ਵਿਚ ਫੱਬੀ ਭਾ ਜੀ ਦੀ ਸਿਆਣੀ ਧੀ ਹਰਗੀਤ ਅਤੇ ਉਸ ਦਾ ਸੋਹਣਾ ਵਰ, ਫੁੱਲਾਂ ਦੇ ਹਾਰਾਂ ਨਾਲ ਉਪਰੋਂ ਤਕ ਲੱਦੇ, ਇਕ ਮਨਮੋਹਕ ਦ੍ਰਿਸ਼ ਪੇਸ਼ ਕਰ ਰਹੇ ਸਨ। ਖੁੱਲ੍ਹੇ ਘਰ ਵਿਚ ਪਹਿਲਾਂ ਵੀ ਥਾਂ-ਥਾਂ ਬਗ਼ੀਚੇ ਖਿੜੇ ਸਨ ਪਰ ਪਤਾ ਨਹੀਂ ਉਸ ਦਿਨ ਉਥੇ ਇਸ ਆਦਰਸ਼ਕ ਵਿਆਹ ਦਾ ਕੋਈ ਅਲੌਕਿਕ ਪ੍ਰਭਾਵ ਸੀ, ਹਰ ਪਾਸੇ ਸਾਦਗੀ ਦਾ ਗੂੜ੍ਹਾ ਰੰਗ ਸੀ ਅਤੇ ਸ਼ਾਦੀ ਵਿਚ ਸ਼ਾਮਲ ਸਾਰੇ ਮਹਿਮਾਨਾਂ ਵਿਚ ਅਪਣੱਤ ਦੇ ਡੂੰਘੇ ਭਾਵ ਸਨ। ਸਾਡੇ ਅੱਖੀਂ ਡਿੱਠਾ ਇਹ ਵਿਆਹ ਸਮਾਗਮ, ਹਰ ਪਾਸੇ ਖ਼ੁਸ਼ੀ ਖੇੜੇ ਦੀਆਂ ਸੁਗੰਧੀਆਂ ਖਿਲੇਰ ਰਿਹਾ ਸੀ। ਬੱਚੀ ਨੂੰ ਵਿਦਾ ਕਰਨ ਵੇਲੇ ਹਰ ਕਿਸੇ ਨੇ ਅੱਖਾਂ ਭਰੀਆਂ। ਬੀਬੀ ਨੇ ਇਸ ਨਮੂਨਾਗਤ ਸ਼ਾਦੀ ਦੀ ਕਈ ਥਾਵਾਂ 'ਤੇ ਉਦਾਹਰਣ ਪੇਸ਼ ਕੀਤੀ।

ਹੁਣ ਪਤੀ ਦੇ ਫ਼ੌਤ ਹੋਣ ਤੋਂ ਪਿੱਛੋਂ ਭਰਾ ਜੀ ਉਸ ਲਈ ਸ਼ਕਤੀ ਦਾ ਇਕ ਮੁੱਖ ਸ੍ਰੋਤ ਸੀ। ਭਾ ਜੀ ਉਹਨਾਂ ਦੀ ਧਰਵਾਸ ਧਿਰ ਸੀ ਅਤੇ ਪਰਿਵਾਰ ਇਕ ਪਿਆਰ ਧਿਰ। ਉਸ ਪਰਿਵਾਰ ਵੱਲੋਂ ਭਾ ਜੀ ਦੀ ਵੱਡੀ ਪੋਤਰੀ ਦੀ ਸ਼ਾਦੀ ਉੱਤੇ ਨਾ ਸੱਦੇ ਜਾਣਾ ਬੀਬੀ ਲਈ ਵੱਡੀ ਹੈਰਾਨਗੀ ਵੀ ਸੀ ਅਤੇ ਡੂੰਘੀ ਨਿਰਾਸ਼ਾ ਵੀ। ਭਾਵੇਂ ਆਪਣੀ ਇਸ ਮਨੋ-ਅਵਸਥਾ ਨੂੰ ਪ੍ਰਗਟ ਕਰਨ ਵਿਚ ਉਸ ਨੂੰ ਝਿਜਕ ਵੀ ਸੀ ਤੇ ਇਕ ਡਰ ਵੀ ਕਿ ਪੁੱਜਦੀ-ਪੁੱਜਦੀ ਗੱਲ ਭਰਾ ਜੀ ਦੇ ਕੰਨੀਂ ਪੈ ਗਈ ਤਾਂ ਉਹਨਾਂ ਨੂੰ ਹਿਰਖ ਲੱਗ ਜਾਏਗਾ।

ਹਾਰ ਕੇ ਮੈਂ ਇਕ ਦਿਨ ਇਹ ਸਪੱਸ਼ਟ ਦੱਸ ਦਿੱਤਾ ਕਿ ਉਸ ਵਿਆਹ ਵਿਚ ਮੇਰੇ ਪੁੱਛਣ ਉੱਤੇ ਕਿ ਵੱਡੇ ਭੈਣ ਜੀ ਨੂੰ ਨਹੀਂ ਬੁਲਾਇਆ ? ਭਾ ਜੀ ਨੇ ਸਪੱਸ਼ਟ ਦੱਸਿਆ ਕਿ "ਬੀਬੀ ! ਇਥੇ ਤਾਂ ਗੱਡੀ ਲੀਹੋਂ ਲੱਥੀ ਹੋਈ ਸੀ ਤੇ ਮੈਂ ਨਹੀਂ ਸੀ ਚਾਹੁੰਦਾ ਵੱਡੀ ਬੀਬੀ ਵੇਖ ਕੇ ਪਰੇਸ਼ਾਨ ਹੋਵੇ। ਇਸ ਲਈ ਮੈਂ ਉਹਨਾਂ ਨੂੰ ਸੂਚਨਾ ਨਾ ਦੇਣੀ ਹੀ ਠੀਕ ਸਮਝਿਆ।" ਖ਼ੈਰ, ਇਹ ਸੱਚ, ਉਹਨਾਂ ਲਈ ਮਰ੍ਹਮ ਸਾਬਤ ਹੋਇਆ ਤੇ ਸਾਰਾ ਹਿਰਖ਼ ਮੁੱਕ ਗਿਆ।

ਗੱਲ ਭੁੱਲ-ਭੁਲਾਅ ਗਈ। ਹੁਣ ਜਦੋਂ ਮੇਲ ਹੁੰਦਾ, ਉਹੋ ਸਾਂਝ, ਪੁਰਾਣੇ ਦੇਸ਼-ਭਗਤਾਂ ਦੀਆਂ ਕੁਰਬਾਨੀਆਂ, ਦੇਸ਼-ਸਮਾਜ ਦੀ ਹਾਲਤ ਬਾਰੇ ਚਿੰਤਾ, ਪਾਰਟੀ ਵਿਚ ਆਈ ਖੜੋਤ ਦੇ ਫ਼ਿਕਰ ਆਦਿ ਬਾਰੇ ਗੱਲਾਂ ਹੁੰਦੀਆਂ। ਭਰਾ ਜੀ ਦੀ ਪਾਰਟੀ



Academy of the Punjab in North America: http://www.apnaorg.com

ਪ੍ਰਤਿ ਪ੍ਰਤਿਬੱਧਤਾ, ਸਿਧਾਂਤ ਦੀ ਸਮਝ ਅਤੇ ਨਿਧੜਕ ਸੁਭਾਅ ਨੇ ਬੀਬੀ ਵਿਚ ਉਹਨਾਂ ਪ੍ਰਤਿ ਭਗਤੀ ਭਾਵਨਾ ਸਥਿਰ ਕਰ ਦਿੱਤੀ ਸੀ। ਉਹ ਉਹਨਾਂ ਨੂੰ ਸਿਖ਼ਰ ਦਾ ਆਗੂ ਪਰਵਾਨ ਕਰਦੀ ਸੀ।

ਇਸ ਵੇਰਾਂ ਉਸ ਘਰ ਦੇ ਪੋਤਰੇ ਦੀ ਸ਼ਾਦੀ ਨਿਸਚਿਤ ਹੋਈ ਤਾਂ ਪਰਿਵਾਰ ਨੂੰ ਪੱਕੀ ਹਦਾਇਤ ਵੀ ਸੀ ਤੇ ਖ਼ੁਸ਼ੀ ਭਰਿਆ ਫ਼ਰਜ਼ ਵੀ ਸੀ ਕਿ ਵੱਡੀ ਬੀਬੀ ਦੇ ਘਰ ਜਾ ਕੇ ਸੱਦਾ-ਪੱਤਰ ਦੇਣਾ ਹੈ। ਉਸ ਦਿਨ ਉਹ ਰਸਤੇ ਵਿਚ ਸਾਡਾ ਘਰ ਪਹਿਲਾਂ ਆਉਂਦਾ ਵੇਖ ਕੇ ਸਾਨੂੰ ਸੱਦਾ-ਪੱਤਰ ਦੇਣ ਲਈ ਅੰਦਰ ਵੜੇ ਤਾਂ ਸਬੱਬੀ ਵੱਡੀ ਬੀਬੀ ਸਾਡੇ ਵੱਲ ਸੀ। ਉਹਨਾਂ ਨੂੰ ਵੀ ਬੀਬੀ ਨੂੰ ਇਥੇ ਹੀ ਕਾਰਡ ਦੇਣ ਵਿਚ ਸੌਖ ਜਾਪੀ ਤੇ ਉਸ ਨੇ ਵੀ ਬਹੁਤ ਖ਼ੁਸ਼ੀ ਨਾਲ ਸੱਦਾ-ਪੱਤਰ ਜਿਸ ਨਾਲ ਮਠਿਆਈ ਦਾ ਡੱਬਾ ਸੀ, ਇਥੇ ਹੀ ਪੂਰੀ ਖ਼ੁਸ਼ੀ ਨਾਲ ਸਵੀਕਾਰ ਕਰ ਲਿਆ।

ਉਸ ਨੂੰ ਇਸ ਵਿਆਹ ਵਿਚ ਸ਼ਾਮਲ ਹੋਣ ਦਾ ਬੜਾ ਚਾਅ ਸੀ। ਉਸ ਦਿਨ ਹੀ ਤਹਿ ਹੋ ਗਿਆ ਕਿ ਨਿਸਚਿਤ ਦਿਨ ਤੋਂ ਇਕ ਦਿਨ ਪਹਿਲਾਂ ਉਹ ਸਾਡੇ ਵੱਲ ਆ ਜਾਣਗੇ ਤੇ ਫਿਰ ਇਥੋਂ ਇਕੱਠੇ ਚੱਲਾਂਗੇ। ਸਾਨੂੰ ਵੀ ਚੰਗਾ ਲੱਗਾ ਕਿ ਪਹਿਲਾ ਭੁਲੇਖਾ ਦੂਰ ਹੋ ਗਿਆ ਤੇ ਇਹ ਸੱਚੀ ਪਰਿਵਾਰਕ ਸਾਂਝ ਤੋੜ ਤੱਕ ਨਿਭੇਗੀ। ਉਸ ਦਿਨ ਅਸੀਂ ਸਾਰੇ ਫਿਰ ਦੇਰ ਤੱਕ ਜਾਗੇ ਅਤੇ ਉਸ ਨੇ ਉਸ ਪਰਿਵਾਰ ਨਾਲ ਆਪਣੀ ਪੁਰਾਣੀ ਸਾਂਝ, ਘਰ ਦੇ ਮੁਖੀ ਦੀ ਅਸੂਲਾਂ ਉੱਤੇ ਬਾਕਾਇਦਗੀ ਦੀਆਂ ਪਿੱਛੋਂ ਤੋਂ ਲੈ ਕੇ ਹੁਣ ਤੱਕ ਦੀਆਂ ਗੱਲਾਂ ਦੁਹਰਾਈਆਂ। ਪਰਿਵਾਰ ਦੀ ਵੱਡੀ ਧੀ ਦੀ ਸਾਦਗੀ ਨਾਲ ਨਿਭੀ ਸ਼ਾਦੀ ਦਾ ਦਿਨ ਅਤੇ ਦ੍ਰਿਸ਼ ਯਾਦ ਕਰ ਕੇ ਉਸ ਨੂੰ ਅਨੋਖੇ ਜਿਹੇ ਸਰੂਰ ਦਾ ਆਭਾਸ ਹੁੰਦਾ ਅਤੇ ਮਨ ਹੀ ਮਨ ਵਿਚ ਉਹ ਇਸ ਨੂੰ ਇਕ ਜਿੱਤ ਦੇ ਰੂਪ ਵਿਚ ਕਿਆਸਦੀ, ਜਦੋਂ ਲੋਕਾਂ ਨੇ ਇਸ ਕਾਰਜ ਦੀ ਰੱਜ ਕੇ ਸ਼ਲਾਘਾ ਕੀਤੀ ਸੀ।

ਭਾਵੇਂ ਉਸ ਦਾ ਪਹਿਰਾਵੇ ਦੀ ਸਾਦਗੀ ਵਿਚ ਅਟੱਲ ਵਿਸ਼ਵਾਸ ਸੀ ਪਰ ਐਤਕੀਂ ਉਸ ਨੇ ਮੇਰੇ ਨਾਲ ਵਿਚਾਰ ਕਰਨ ਉਪਰੰਤ ਆਪਣੇ ਪਤੀ ਦੀ ਪਸੰਦ ਦੀ ਬੇਜ ਰੰਗ ਦੀ ਕਨਟਰਾਸਟ ਬਾਰਡਰ ਵਾਲੀ ਸਾੜ੍ਹੀ, ਜੋ 35 ਸਾਲ ਪਹਿਲਾਂ ਖ਼ਰੀਦੀ ਗਈ ਸੀ, ਪਾਉਣ ਦੀ ਵਿਉਂਤ ਬਣਾਈ।

ਅਗਲੇ ਦਿਨ ਅਸੀਂ ਬੀਬੀ ਨੂੰ ਸ਼ਾਮ ਨੂੰ ਘਰ ਪਹੁੰਚਾ ਆਏ। ਉਹਨਾਂ ਨੇ ਸਾਨੂੰ ਮੁੜਨ ਲੱਗਿਆਂ ਖ਼ੁਸ਼ੀ ਨਾਲ ਦੋ-ਤਿੰਨ ਵੇਰਾਂ ਹੱਥ ਹਿਲਾਇਆ। ਸਾਨੂੰ ਵੀ ਉਹਨਾਂ ਦਾ ਸਾਥ ਚੰਗਾ ਲੱਗਦਾ ਸੀ।

ਨਿਸਚਿਤ ਦਿਨ ਤੋਂ ਇਕ ਦਿਨ ਪਹਿਲਾਂ ਅਜੇ ਅਸੀਂ ਸੋਚ ਹੀ ਰਹੇ ਸਾਂ ਕਿ ਉਹ ਛੋਟੇ ਜੇਹੇ ਅਟੈਚੀਕੇਸ ਨਾਲ ਰਿਕਸ਼ੇ ਤੋਂ ਉੱਤਰ ਕੇ ਸਾਡੇ ਘਰ ਆ ਗਏ।



Academy of the Punjab in North America: http://www.apnaorg.com

ਉਹਨਾਂ ਦੇ ਮੋਢੇ 'ਤੇ ਇਕ ਛੋਟਾ ਜਿਹਾ ਨਵਾਂ ਚਿੱਟਾ ਪਰਸ ਵੀ ਸੀ, ਜੋ ਉਹਨਾਂ ਨੂੰ ਪਤਾ ਸੀ ਕਿ ਇਸ ਸਾੜ੍ਹੀ ਨਾਲ ਬੜਾ ਜਚਦਾ ਹੈ। ਅਸੀਂ ਮਿਲ ਕੇ ਬਹੁਤ ਖ਼ੁਸ਼ ਹੋਏ ਤੇ ਇਸ ਰਾਤ ਵੀ ਉੱਚੇ ਆਦਰਸ਼ਾਂ ਅਤੇ ਜੀਵਨ ਵਿਚ ਸਾਦਗੀ ਦੀਆਂ ਗੱਲਾਂ ਹੁੰਦੀਆਂ ਰਹੀਆਂ। ਉਹ ਭਰਾ ਜੀ ਦੀ ਦੇਸ਼-ਭਗਤੀ, ਲੋਕ-ਸੇਵਾ, ਕੁਰਬਾਨੀ ਅਤੇ ਸਾਦਗੀ ਨੂੰ ਦੁਹਰਾਉਂਦਿਆਂ ਬਾਰ-ਬਾਰ ਅੱਖਾਂ ਖੋਲ੍ਹ ਕੇ ਸਾਡੇ ਵੱਲ ਵੇਖਦਿਆਂ ਕਹਿੰਦੇ, "ਭਰਾ ਜੀ ਨੇ ਅਸੂਲਾਂ ਉੱਤੇ ਪਹਿਰਾ ਦਿੱਤਾ ਹੈ, ਅਸੀਂ ਫ਼ੈਸਲਾ ਕਰ ਲਿਆ ਸੀ ਜਿਹੜਾ ਭੈਣ-ਭਰਾ ਆਪਣੇ ਬੱਚਿਆਂ ਦੀਆਂ ਆਦਰਸ਼ਮਈ ਸ਼ਾਦੀਆਂ ਨਹੀਂ ਕਰੇਗਾ, ਅਸੀਂ ਉਸ ਸ਼ਾਦੀ ਵਿਚ ਸ਼ਾਮਲ ਨਹੀਂ ਹੋਵਾਂਗੇ। ਹੁਣ ਮੈਂ ਇਹ ਪ੍ਰਣ ਨਹੀਂ ਤੋੜਾਂਗੀ।"

ਉਹਨਾਂ ਨੂੰ ਅੱਜ ਦੇ ਦਿਨ ਦਾ ਬੜਾ ਚਾਅ ਸੀ। ਅਸੀਂ ਤਿਆਰ ਹੁੰਦਿਆਂ ਤੇ ਪਹੁੰਚਦਿਆਂ ਗਿਆਰਾਂ ਵਜਾ ਦਿੱਤੇ। ਜਦ ਅਸੀਂ ਪਹੁੰਚੇ ਮੈਰਿਜ ਰੀਜ਼ੌਰਟ ਦੇ ਬਾਹਰ ਅਨੇਕਾਂ ਚਿੱਟੇ ਰੰਗ ਦੀਆਂ ਕਾਰਾਂ ਸਲੇਟੀ ਸੜਕ ਉੱਤੇ ਪਰ ਖਿਲਾਰ ਕੇ ਬੈਠੀਆਂ ਚਿੱਟੀਆਂ ਘੁੱਗੀਆਂ ਵਾਂਗ ਜਾਪ ਰਹੀਆਂ ਸਨ। ਅਜੇ ਇਹਨਾਂ ਮਹਿਮਾਨਾਂ ਤੋਂ ਵੱਧ ਸਾਕ-ਸੰਬੰਧੀਆਂ ਨੇ ਆਪਣੀ-ਆਪਣੀ ਸਹੂਲੀਅਤ ਅਨੁਸਾਰ ਦੇਰ-ਕੁਵੇਲ ਪੁੱਜਣਾ ਸੀ।

ਬੀਬੀ ਨੂੰ ਪਹਿਲਾਂ ਤਾਂ ਇਸ ਗੱਲ ਦੀ ਬੜੀ ਹੈਰਾਨਗੀ ਹੋਈ ਕਿ ਏਡਾ ਵੱਡਾ ਇਕੱਠ, ਨਾਨਕਿਆਂ, ਦਾਦਕਿਆਂ, ਸਾਕ-ਸੰਬੰਧੀਆਂ ਦਾ ਹੋਵੇ ਜਾਂ ਕੁੜੀ ਪੱਖ ਦੇ ਰਿਸ਼ਤੇਦਾਰਾਂ ਤੇ ਮੇਲੀਆਂ ਦਾ, ਹੈ ਤਾਂ ਬਹੁਤ ਖ਼ਰਚੀਲਾ ਕੰਮ। ਇਹ ਸ਼ਾਦੀ-ਮਹੱਲ ਸ਼ਹਿਰ ਦਾ ਸਭ ਤੋਂ ਮਹਿੰਗਾ ਸਥਾਨ ਸੀ। ਇਸ ਦੀ ਬਾਹਰਲੀ ਸੱਜ-ਧੱਜ ਅਤੇ ਜਲੌਅ ਹੀ ਨਹੀਂ ਸੀ ਮਾਣ। ਬੀਬੀ ਨੂੰ ਇਹ ਸਭ ਕੁਝ ਵੱਖਰਾ ਲੱਗ ਰਿਹਾ ਸੀ। ਗੇਟ ਦੇ ਅੰਦਰ ਵੜਦਿਆਂ ਰਾਜਸਥਾਨੀ ਗਾਇਕਾਂ ਦੇ ਲੋਕ-ਸੰਗੀਤ ਦੀਆਂ ਧੁਨਾਂ ਮਹਿਮਾਨਾਂ ਦਾ ਸੁਆਗਤ ਕਰ ਰਹੀਆਂ ਸਨ। ਵਿਸ਼ੇਸ਼ ਮਹਿਮਾਨਾਂ ਨੂੰ ਕੈਮਰੇ ਵਾਲੇ ਉਚੇਚੇ ਪੋਜ਼ ਵਿਚ ਖੜੇ ਕਰ ਕੇ ਤਸਵੀਰਾਂ ਲੈਣ ਵਿਚ ਰੁੱਝੇ ਸਨ। ਬੈਂਡ ਅਤੇ ਵੀਡੀਉ ਵਾਲਿਆਂ ਦਾ ਵੱਡਾ ਅਮਲਾ-ਫੈਲਾ ਆਮ ਬੰਦਿਆਂ ਦੀ ਬਰਾਤ ਤੋਂ ਵੱਡਾ ਸੀ। ਪੱਛਮੀ ਤਰਜ ਦੇ ਫੁੱਲ-ਬੂਟੇ, ਕੀਮਤੀ ਸਜਾਵਟ ਅਤੇ ਸੰਗੀਤਕ ਧੁਨਾਂ ਮਾਹੌਲ ਨੂੰ ਹੋਰ ਸੁਹਾਵਣਾ ਬਣਾ ਰਹੀਆਂ ਸਨ। ਰੀਜ਼ੌਰਟ ਦਾ ਸਾਰਾ ਅੰਦਰ ਬਾਹਰ ਮਹਿਮਾਨਾਂ ਨਾਲ ਭਰਿਆ ਪਿਆ ਸੀ। ਗੇਟ ਦੇ ਅੰਦਰ ਵੜਦਿਆਂ ਸੱਜੇ ਹੱਥ ਮੀਨਾਰ ਨੁਮਾ ਮੰਦਰ, ਹਰ ਪਾਸੇ ਚਿਣੀਆਂ ਗਈਆਂ ਲਾਲ ਪੱਥਰ ਦੀਆਂ ਉਚਾਈਆਂ, ਦੇਵੀ-ਦੇਵਤਿਆਂ ਦੀਆਂ ਉੱਕਰੀਆਂ ਤਸਵੀਰਾਂ, ਮੂਰਤੀ ਦੀ ਸਜਾਵਟ, ਝੀਲ-ਨੁਮਾ ਅਕਾਰ ਦੇ ਤਲਾਅ ਦੇ ਨਿਰਮਲ ਪਾਣੀ ਵਿਚ ਤੈਰਦੀਆਂ ਮੱਛੀਆਂ,



Academy of the Punjab in North America: http://www.apnaorg.com

ਰੰਗ-ਬਰੰਗੇ ਲਾਟੂ, ਮੂਰਤੀ ਵਿਚੋਂ ਪਾਣੀ ਸੁੱਟਦੇ ਫ਼ੁਹਾਰਿਆਂ ਦੀ ਨਿਵੇਕਲੀ ਕਸ਼ਿਸ਼ ਸੀ।

ਵੱਖ-ਵੱਖ ਮੇਜਾਂ 'ਤੇ ਟੋਲੀਆਂ ਵਿਚ ਬੈਠੇ ਮਰਦ-ਮਹਿਮਾਨ ਤਰ੍ਹਾਂ-ਤਰ੍ਹਾਂ ਦੇ ਮਾਸਾਹਾਰੀ ਸਨੈਕਸ ਤੇ ਪਕਵਾਨਾਂ ਨਾਲ, ਵਧੀਆ ਵਾਈਨ ਨਾਲ ਮੂੰਹ ਕੌੜਾ ਕਰਦੇ ਅਨੰਦ ਮਾਣ ਰਹੇ ਸਨ। ਅੱਜ ਦੇ ਦਿਨ ਵੱਡੇ-ਵੱਡੇ ਰਾਜਨੀਤਿਕ ਨੇਤਾ, ਸਰਕਾਰੀ ਠਾਠ-ਬਾਠ ਵਾਲੇ, ਜ਼ਮੀਨਦਾਰ ਤੇ ਵਪਾਰੀ ਅਤੇ ਆਮ ਨੌਕਰੀ ਪੇਸ਼ਾ ਲੋਕ ਬਰਾਬਰ ਇਕੱਠੇ ਬੈਠ ਕੇ ਸਤਹੀ ਪੱਧਰ ਦੀ ਬਰਾਬਰੀ ਦਾ ਲੁਤਫ਼ ਲੈ ਰਹੇ ਸਨ। ਜਨਾਨੀਆਂ ਦੀ ਸੱਜ-ਧੱਜ ਜੋ ਇਕ ਪ੍ਰਕਾਰ ਦਾ ਸੁੰਦਰਤਾ ਦਾ ਮੁਕਾਬਲਾ ਹੋ ਨਿਬੜਿਆ ਸੀ, ਮਾਹੌਲ ਨੂੰ ਹੋਰ ਰੰਗੀਨ ਕਰ ਰਹੀ ਸੀ।

ਲੋਕ ਫਟਾ-ਫਟ ਸੁੱਕਾ-ਗਿੱਲਾ, ਚਟਪਟਾ, ਜੋ ਵੀ ਪਰੋਸਿਆ ਗਿਆ, ਅੰਦਰ ਸੁੱਟਣ ਵਿਚ ਮਗਨ ਸਨ। ਬੀਬੀ ਲਈ ਇਹ ਇਕ ਬਹੁਤ ਵੱਖਰਾ ਤਜਰਬਾ ਸੀ। ਉਹ ਸਾਡੇ ਵਾਂਗ ਕੋਈ ਠੰਡਾ ਜਾਂ ਕੌਫ਼ੀ ਦਾ ਕੱਪ ਲੈਣ ਵੀ ਨਾ ਮੰਨੀ। ਜ਼ੋਰ ਦੇਣ ਉੱਤੇ ਉਸ ਨੇ ਅਣਮੰਨੇ ਜੇਹੇ ਮਨ ਨਾਲ ਦੋ ਚਾਰ ਪਕੌੜੇ ਤੇ ਕੌਫ਼ੀ ਲੈ ਲਈ।

ਮੰਚ ਉੱਤੇ ਹਲਕੀ ਜੇਹੀ ਉਮਰ ਦੀਆਂ ਰੰਗ-ਬਰੰਗੀਆਂ ਪੁਸ਼ਾਕਾਂ ਵਿਚ ਸੱਜੀਆਂ, ਅੱਧ-ਨੰਗੀਆਂ ਮਲੂਕ ਕੁੜੀਆਂ ਦੀ ਕਲਾ-ਪ੍ਰਦਰਸ਼ਨੀ ਮਹਿਮਾਨਾਂ ਨੂੰ ਵਾਹਵਾ ਭਾਹ ਰਹੀ ਸੀ। ਵਿਚੋ-ਵਿਚ ਕੁਝ ਮਨਚਲੇ ਨੌਜਵਾਨ ਮੰਚ ਉੱਤੇ ਚੜ੍ਹਨ ਲਈ ਜਦ ਯਤਨਸ਼ੀਲ ਹੁੰਦੇ ਤਾਂ ਮੰਚ-ਸੰਚਾਲਕ ਹੱਥ ਜੋੜ ਕੇ ਤਰਲਿਆਂ ਨਾਲ ਮਨ੍ਹਾ ਕਰਦਾ। ਕੁੜੀਆਂ ਮੁੰਡੇ ਹੋਰ ਉੱਛਲ-ਉੱਛਲ ਪੈਂਦੇ। ਅਸੀਂ ਉਹਨਾਂ ਕੁੜੀਆਂ ਦੇ ਭਾਗਾਂ ਉੱਤੇ ਜੋ ਸਮਾਜ ਨੇ ਉਹਨਾਂ ਨੂੰ ਦਿੱਤੇ ਸਨ, ਵੇਖ-ਵੇਖ ਕੇ ਦੁਖੀ ਹੋ ਰਹੇ ਸਾਂ ਪਰ ਪ੍ਰਚੱਲਤ ਵਰਤਾਰੇ ਦੀ ਹਨੇਰੀ ਅੱਗੇ ਇਕੱਲੇ-ਇਕਹਿਰੇ ਵਿਅਕਤੀ ਕੀ ਕਰ ਸਕਦੇ ਹਨ ?

ਬੀਬੀ ਦੀਆਂ ਮਾਯੂਸ ਨਜ਼ਰਾਂ ਉਦੋਂ ਤੋਂ ਹੀ ਘਰ ਦੇ ਮੁਖੀ ਨੂੰ ਢੂੰਡ ਰਹੀਆਂ ਸਨ। ਉਹਨਾਂ ਨੂੰ ਸਾਰਾ ਮਾਹੌਲ ਫਿੱਕਾ-ਫਿੱਕਾ ਲੱਗ ਰਿਹਾ ਸੀ। ਕੁਝ ਲੋਕ ਇਕ ਦੂਜੇ ਨੂੰ ਪਛਾਣ ਕੇ ਬਾਗ਼ੋ-ਬਾਗ਼ ਸਨ ਪਰ ਕਈ ਵਿਚਾਰੇ ਬੇਪਛਾਣ ਆਪੋ-ਆਪਣੇ ਬੱਚਿਆ ਨਾਲ ਖ਼ੂਬ ਖਾਣ-ਪੀਣ ਵਿਚ ਰੁੱਝੇ ਸਨ।

ਥੋੜ੍ਹੇ ਜਿਹੇ ਚਿਰ ਪਿੱਛੋਂ ਪਤਾ ਲੱਗਾ ਕਿ ਭਰਾ ਜੀ ਸਵੇਰ ਦੇ ਦੇਸ਼ ਭਗਤ ਹਾਲ ਜਲੰਧਰ ਝੰਡਾ ਝੁਲਾਉਣ ਦੀ ਰਸਮ ਵਿਚ ਸ਼ਾਮਲ ਹੋਣ ਗਏ ਹਨ। ਵੱਡੀ ਬੀਬੀ ਨੇ ਇਹ ਸੁਣ ਕੇ ਖ਼ੁਸ਼ੀ ਪ੍ਰਗਟ ਕੀਤੀ ਤੇ ਮਾਯੂਸੀ ਦੇ ਆਲਮ ਵਿਚੋਂ ਨਿਕਲ ਗਈ। ਖ਼ੁਸ਼ ਹੋ ਕੇ ਸਾਨੂੰ ਕਿਹਾ, "ਵੇਖਿਆ ਭਰਾ ਜੀ ਆਪਣੀ ਧੁਨ ਦੇ ਕਿੰਨੇ ਪੱਕੇ ਹਨ ? ਉਹਨਾਂ ਨੇ ਆਪਣੇ ਅਸੂਲਾਂ ਨੂੰ ਕਦੇ ਪਿੱਠ ਨਹੀਂ ਦਿੱਤੀ।" ਭਰਾ ਜੀ



Academy of the Punjab in North America: http://www.apnaorg.com

ਦੀ ਪ੍ਰਤਿਬੱਧਤਾ ਨੂੰ ਸਮਝ ਕੇ ਵੱਡੀ ਬੀਬੀ ਸਹਿਜ ਵਿਚ ਆ ਗਈ। ਉਹਨਾਂ ਨੂੰ ਮਾਹੌਲ ਨਾਲ ਅਪਣੱਤ ਜਾਪਣ ਲੱਗ ਪਈ। ਉਹਨਾਂ ਨੇ ਇਕ ਹੋਰ ਕੌਫ਼ੀ ਦਾ ਕੱਪ ਲੈ ਲਿਆ ਪਰ ਮਰਦਾਂ, ਤੀਵੀਆਂ ਤੇ ਬੱਚਿਆਂ ਨੂੰ ਉਪਰੋਂ ਤਕ ਪਲੇਟਾਂ ਭਰ ਭਰ ਕੇ ਲੈਣ ਤੇ ਮੁੜ ਅੱਧ-ਪਚੱਧੀਆਂ ਖਾਧੀਆਂ, ਲਾਪਰਵਾਹੀ ਨਾਲ ਸੁੱਟਦਿਆਂ ਵੇਖ ਕੇ ਉਸ ਦਾ ਧਿਆਨ ਫਿਰ ਪੈਂਤੀ ਚਾਲੀ ਸਾਲ ਪਿੱਛੇ ਚਲਾ ਗਿਆ, ਜਦੋਂ ਸ਼ਾਦੀਆਂ ਵਿਚ ਸਾਦਗੀ, ਸਵੱਛਤਾ ਅਤੇ ਅਪਣੱਤ ਦਾ ਮਾਹੌਲ ਹੁੰਦਾ ਸੀ।

ਸਭ ਕੁਝ ਰਸਮੀ ਵੇਖ ਕੇ ਉਸ ਨੇ ਕਿਹਾ, "ਸੁਣਿਆ ਅੱਜ ਕਲ੍ਹ ਅਨੰਦ ਕਾਰਜ ਦੀ ਮੁੱਖ ਰਸਮ ਉੱਤੇ ਵੀ ਗੁਰਦੁਆਰੇ ਘਰਦੇ-ਘਰਦੇ ਜਾਂਦੇ ਹਨ। ਬਾਕੀ ਖਾਣ ਪੀਣ ਤੇ ਮਨ-ਪਰਚਾਵੇ ਵਿਚ ਹੀ ਰੁੱਝੇ ਰਹਿੰਦੇ ਹਨ।" ਇਹ ਵੇਖ ਕੇ ਭਰਾ ਜੀ ਦੀ ਬੇਟੀ ਦੀ ਸ਼ਾਦੀ ਉਸ ਦੇ ਜ਼ਿਹਨ ਵਿਚ ਮੁੜ-ਮੁੜ ਉੱਘੜ ਆਉਂਦੀ। ਮੇਰੇ ਬਾਰ-ਬਾਰ ਕਹਿਣ ਉੱਤੇ ਕਿ ਹੁਣ ਜੋ ਵੀ ਮਾਹੌਲ ਹੈ, ਉਹ ਇਸ ਨੂੰ ਮਾਨਣ। ਉਹਨਾਂ ਖਿੱਝ ਕੇ ਕਿਹਾ, "ਇਹ ਤਾਂ ਪੈਸੇ ਤੇ ਸਮਾਜਕ ਰੁਤਬਿਆਂ ਦਾ ਦਿਖਾਵਾ ਹੈ। ਕੁੜੀ ਨੂੰ ਜੋ ਵਰ ਦੇ ਬਰਾਬਰ ਦੀ ਹੈਸੀਅਤ ਰੱਖਦੀ ਹੈ, ਇੰਨਾ ਸਜਾ-ਫਬਾ ਕੇ ਸ਼ਿੰਗਾਰਨਾ ਜਿਵੇਂ ਉਹ ਲੱਕੜੀ ਦੀ ਗੁੱਡੀ ਹੋਵੇ।"

ਮੈਂ ਬਥੇਰਾ ਉਹਨਾਂ ਦੇ ਮਨ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ। ਪਰ ਉਹ ਤਨਾਉ ਵਿਚੋਂ ਨਿਕਲ ਨਹੀਂ ਸੀ ਰਹੇ। ਖਿੱਝ ਕੇ ਕਹਿਣ ਲੱਗੇ, "ਤੂੰ ਤਾਂ ਦਲੀਲਾਂ ਦਿੰਦੀ ਏਂ, ਦੋ ਸ਼ਾਦੀਆਂ ਤੁਸੀਂ ਸਾਡੇ ਅਸੂਲਾਂ ਅਨੁਸਾਰ ਕਰ ਦਿੱਤੀਆਂ ਹਨ, ਹੁਣ ਤੁਸੀਂ ਤੀਸਰੇ ਬੱਚੇ ਦੀ ਸ਼ਾਦੀ ਅਡੰਬਰੀ ਕਰਨੀ ਹੋਣੀ ਹੈ। ਯਾਦ ਰੱਖੀਂ! ਜੇ ਤੁਸੀਂ ਅਸੂਲ ਤੋੜੇ, ਨਕਸ਼ੇ-ਕਦਮਾਂ ਉੱਤੇ ਨਾ ਚੱਲੇ ਤਾਂ ਅਸੀਂ ਸ਼ਾਮਲ ਨਹੀਂ ਹੋਵਾਂਗੇ। ਬੱਚਿਆ ਨੂੰ ਪਿੱਛੋਂ ਮਿਲ ਲਿਆ ਜਾਵੇਗਾ। ਬੇਟਾ! ਮੇਰੀਆਂ ਅੱਖਾਂ ਇਹ ਨਹੀਂ ਝੱਲਦੀਆਂ, ਮੈਂ ਕੀ ਕਰਾਂ?"

ਮੈਂ ਵੀ ਹੱਠ ਨਾ ਛੱਡਿਆ। ਮੇਰੀ ਮੁੱਖ ਚਿੰਤਾ ਇਹ ਸੀ ਕਿ ਇਹ ਬੇਮਾਅਨਾ ਫ਼ਿਕਰ ਵਿਚ ਵਾਧੂ ਸਿਹਤ ਖ਼ਰਾਬ ਕਰ ਰਹੇ ਹਨ। ਮੈਂ ਦੱਸਣ ਲੱਗ ਪਈ, "ਹਰ ਲਹਿਰ, ਹਰ ਆਦਰਸ਼ ਵਿਕਾਸ ਕਰਦਾ ਹੈ। ਗਤੀਸ਼ੀਲਤਾ ਇਕ ਲਾਜ਼ਮੀ ਨਿਯਮ ਹੈ। ਇਹ ਅਰੋਗ ਸਥਿਤੀ ਦਾ ਚਿੰਨ੍ਹ ਹੈ। ਵਿਕਾਸ ਬੁਨਿਆਦੀ ਸਿਧਾਂਤ ਹੈ। ਇਹ ਜ਼ਰੂਰ ਹੈ ਕਿ ਇਹ ਹਾਂ-ਵਾਚੀ ਹੋਵੇ। ਇਕ ਥਾਂ 'ਤੇ ਖੜਾ ਤਾਂ ਬੰਦਾ ਜੰਗਾਲਿਆ ਜਾਂਦਾ। ਤੁਸੀਂ ਕਹਿੰਦੇ ਓ ਸਾਡੇ ਪਿਤਾ ਜੀ ਨੇ ਚੂੜੀਆਂ ਭੰਨ ਦਿੱਤੀਆਂ ਸਨ। ਨੱਕ, ਕੰਨ ਨਾ ਵਿੰਨ੍ਹਣ ਦਿੱਤੇ। ਸਮਾਜਿਕ ਇਤਿਹਾਸ ਦੇ ਇਕ ਪੜਾਅ ਉੱਤੇ ਇਹ ਉਚਿੱਤ ਸੀ। ਭਾ ਜੀ ਨੇ ਵੀ ਇਹ ਪ੍ਰਣ ਨਿਭਾਇਆ ਪਰ ਹੁਣ ਉਪਭੋਗੀ ਸਭਿਆਚਾਰ ਨੇ ਮਨੁੱਖ ਦੀਆਂ ਸਭ ਰੁਚੀਆਂ ਬਦਲ ਦਿੱਤੀਆਂ ਹਨ ਭਾਵੇਂ ਹੈ ਇਹ



Academy of the Punjab in North America: http://www.apnaorg.com

ਸਭ ਕੁਝ ਨਾਂਹ-ਵਾਚੀ ਹੀ। ਨਰੋਏ ਸਮਾਜ ਲਈ ਵੀ ਬਹੁਤ ਕੁਝ, ਚੰਗੇ-ਮੰਦੇ ਵਹਿਣ ਵਿਚੋਂ ਹੀ ਉਸਰਨਾ ਹੈ।"

ਇਹ ਸੁਣ ਕੇ ਉਹ ਹੋਰ ਤਨਾਉ ਵਿਚ ਹੋ ਗਏ। ਉਹਨਾਂ ਦਾ ਮਨ ਇਕੋ ਥਾਂ ਖੜਾ ਸੀ। ਅਸੀਂ ਸਾਰੇ ਪਰਿਵਾਰ ਦੇ ਜੀਆਂ ਨੂੰ ਮਿਲ ਲਿਆ, ਉਹ ਵੀ ਮਿਲੇ ਪਰ ਬੀਬੀ ਜੀ ਨੂੰ ਭਰਾ ਜੀ ਦੀ ਉਡੀਕ ਸੀ।

ਭਰਾ ਜੀ ਵਾਪਸ ਆ ਗਏ। ਰਿਸ਼ਤੇਦਾਰਾਂ, ਮਿੱਤਰਾਂ, ਇਨਕਲਾਬੀਆਂ ਅਤੇ ਜਥੇਦਾਰਾਂ ਨੇ ਵਾਰੀ-ਵਾਰੀ ਮੇਲ ਕੀਤਾ। ਉਸ ਸਭ ਨੂੰ ਤਪਾਕ ਨਾਲ ਮਿਲੇ। ਕੁਝ ਭੀੜ ਘਟੀ, ਅਸੀਂ ਤਿੰਨੇ ਚਾਅ ਨਾਲ ਅਗਾਂਹ ਹੋਏ। ਭਾ ਜੀ ਨੇ ਸਾਨੂੰ ਤਿੰਨਾਂ ਨੂੰ ਵਾਰੀ-ਵਾਰੀ ਗਲ ਨਾਲ ਲਾ ਕੇ ਥਾਪੜੇ ਦਿੱਤੇ। ਬੀਬੀ ਉਰੇ ਆ ਕੇ ਕਹਿਣ ਲੱਗੀ, "ਵੇਖਿਆ, ਉਹੋ ਸਫ਼ੈਦ ਖੱਦਰ ਦੇ ਕੱਪੜੇ। ਵਿਚਾਰਿਆਂ ਦੀ ਵਾਹ ਨਹੀਂ ਜਾਂਦੀ ਕੀ ਕਰਨ ਅੰਦਰੋਂ ਪਰੇਸ਼ਾਨ ਹੁੰਦੇ ਹੋਣਗੇ?" ਮੈਂ ਕਿਹਾ, "ਤੁਸੀਂ ਉਹਨਾਂ ਦੀ ਸਿਆਣਪ ਦੀ ਦਾਦ ਕਿਉਂ ਨਹੀਂ ਦਿੰਦੇ? ਬੱਚਿਆਂ ਦੀ ਖ਼ੁਸ਼ੀ ਵਿਚ ਹਿੱਸਾ ਵੀ ਲੈ ਲਿਆ ਅਤੇ ਅਸੂਲਾਂ ਨਾਲ ਕੰਧਾ ਮਿਲਾ ਕੇ ਵੀ ਚੱਲ ਰਹੇ ਹਨ। ਤੁਸੀਂ ਕਿਉਂ ਪਰੇਸ਼ਾਨ ਹੁੰਦੇ ਹੋ? ਕੁਝ ਖਾ ਪੀ ਲਓ, ਬਿਮਾਰ ਹੋ ਜਾਓਗੇ।"

ਤੂੰ ਮੈਨੂੰ ਬਹੁਤੀਆਂ ਸਿੱਖਿਆ ਨਾ ਦੇ। ਮੈਂ ਸਾਰੀ ਉਮਰ ਇਕ ਥਾਂ ਖੜੀ ਰਹੀ ਹਾਂ। ਸਾਦਗੀ ਅਤੇ ਆਦਰਸ਼ਕ ਅਸੂਲਾਂ ਦੀ ਨਾ ਪਾਲਣਾ ਦੀ ਸਥਿਤੀ ਨਾਲ ਮੇਰਾ ਕੋਈ ਸਮਝੌਤਾ ਨਹੀਂ। ਚਲੋ! ਅੱਜ ਆਉਣਾ ਚੰਗਾ ਰਿਹਾ। ਭਰਾ ਜੀ ਨੂੰ ਮਿਲ ਲਿਆ, ਪੋਤਰੇ ਦੇ ਵਿਆਹ ਦੀ ਵਧਾਈ ਦੇ ਦਿੱਤੀ, ਹੁਣ ਚੱਲੀਏ। ਸੱਚ, ਬੀਬੀ ਭੈਣ! ਮੈਨੂੰ ਇਥੋਂ ਚੜ੍ਹਾ ਦਿਓ ਸਿੱਧੇ, ਮੈਂ ਹੁਣ ਤੁਹਾਡੇ ਨਾਲ ਘਰ ਨਹੀਂ ਜਾਣਾ।" ਉਹ ਉਦਾਸ ਹੋ ਗਏ। "ਗ਼ਰੀਬਾਂ ਦੀਆਂ ਧੀਆਂ ਦਾ ਕੀ ਬਣੂ? ਉਹ ਅਣਵਿਆਹੀਆਂ ਦੇ ਮਾਪੇ ਵੀ ਦੁਖੀ ਤੇ ਵਿਆਹ ਪਿੱਛੋਂ ਮਰ-ਮੁੱਕ ਜਾਣ ਦਾ ਹੀ ਰਾਹ ਹੁੰਦਾ ਹੈ। ਲੋਕੀਂ ਕਿਉਂ ਇੰਨਾ ਪੈਸਾ ਫ਼ਜ਼ੂਲ ਖਰਚੀ ਜਾਂਦੇ ਹਨ?"

ਅਸਾਂ ਦੋਹਾਂ ਨੇ ਉਹਨਾਂ ਨੂੰ ਨਾਲ ਲਿਜਾਣ ਦੀ ਜ਼ਿਦ ਕੀਤੀ ਤੇ ਯਾਦ ਵੀ ਕਰਾਇਆ ਕਿ ਉਹਨਾਂ ਨੇ ਦੋ-ਤਿੰਨ ਦਿਨ ਰਹਿ ਕੇ ਘਰ ਜਾਣਾ ਸੀ। ਪਰ ਉਹਨਾਂ ਹੱਠ ਨਾ ਛੱਡਿਆ ਤੇ ਕਹਿੰਦਿਆਂ-ਕਹਿੰਦਿਆਂ ਆਪਣਾ ਅਟੈਚੀ ਗੱਡੀ ਵਿਚੋਂ ਲਾਹ ਲਿਆ। "ਮੇਰੀ ਬੀਬੀ ਭੈਣ! ਅੱਜ ਤੂੰ ਮੈਨੂੰ ਜਾਣ ਦੇ।"

ਮੈਂ ਅੱਗੇ ਹੋ ਕੇ ਫੜਨਾ ਚਾਹਿਆ ਤਾਂ ਉਹਨਾਂ ਹੱਥ ਛੰਡ ਕੇ ਪਰਸ ਫੜ ਲਿਆ ਅਤੇ ਰਿਕਸ਼ੇ ਵਾਲੇ ਨੂੰ ਆਵਾਜ਼ ਦੇ ਦਿੱਤੀ। ਮੇਰੇ ਪਤੀ ਦੇ ਕਹਿਣ 'ਤੇ ਰੁਕ ਗਏ। ਬਾਹਰ ਰੇਹੜੀ ਤੋਂ ਸ਼ਿਕੰਜਵੀ ਦਾ ਗਲਾਸ ਵੀ ਪੀ ਲਿਆ ਪਰ ਸਾਡੇ ਵੱਲ ਆਉਣ ਲਈ ਨਹੀਂ ਸੀ ਮੰਨ ਰਹੇ। "ਮੈਂ ਘਰ ਜਾ ਕੇ ਆਰਾਮ ਕਰਾਂਗੀ।



Academy of the Punjab in North America: http://www.apnaorg.com

ਥਕਾਵਟ ਲਾਹਾਂਗੀ। ਸਾਹ ਲਵਾਂਗੀ। ਅੱਜ ਮੈਂ ਜ਼ਰੂਰ ਘਰ ਜਾਣਾ।' ਮੈਂ ਅੱਗੇ ਹੋ ਕੇ ਜੱਫੀ ਪਾਈ, "ਤੁਸੀਂ ਪਰੇਸ਼ਾਨ ਜਾ ਰਹੇ ਹੋ, ਸਾਨੂੰ ਫ਼ਿਕਰ ਰਹੇਗਾ।" ਮੇਰੇ ਪਤੀ ਦੇ ਮੂੰਹੋਂ ਹੌਲੀ ਜਿਹੀ ਨਿਕਲਿਆ, "ਇਕ ਆਦਰਸ਼ਵਾਦੀ ਦੀ ਮੌ.....।" ਹੈਂ.....ਹੈਂ ਤੇਜਸ਼ਵਰ ਤੁਸੀਂ ਤੇ ਸਿਆਣੇ ਹੋ। ਇਹ ਤਾਂ ਕਮਲੀ ਹੈ। ਆਹ ਮੂੰਹੋਂ ਕੀ ਕੱਢਣ ਲੱਗੇ ਸੋ ? ਗੱਲ ਆਦਰਸ਼ਵਾਦੀ ਹੋਣ ਦੀ ਨਹੀਂ ਮੇਰੇ ਲਈ ਆਪਣੀ ਸੋਚ ਵਿਚ ਬਦਲਾਅ ਲਿਆਉਣਾ ਬਹੁਤ ਔਖੀ ਗੱਲ ਹੈ।"

"ਚਲੋ ਬਾਬਾ! ਏਦਾਂ ਹੀ ਸਹੀ। ਅੱਜ ਜ਼ਰੂਰ ਸਾਡੇ ਵੱਲ ਚਲੋ।" ਉਹਨਾਂ ਸਿਰ ਫੇਰ ਦਿੱਤਾ। "ਨਾ ਸਹੀ ਪਰ ਇਕ ਮਿੰਟ ਸੁਣ ਤੇ ਲਉ। ਤੁਸੀਂ ਐਵੇਂ ਖਪਦੇ ਓ। ਪਰੰਪਰਾਵਾਂ ਹਰ ਜਾਤੀ ਦੀ ਸ਼ਕਤੀ ਹੁੰਦੀਆਂ ਹਨ ਇਹ ਜ਼ਿੰਦਗੀ ਨੂੰ ਰੁੱਖਾ ਨਹੀਂ ਹੋਣ ਦਿੰਦੀਆਂ। ਜਾਤੀ ਇਹਨਾਂ ਲੋਕ-ਵਿਸ਼ਵਾਸਾਂ ਵਿਚ ਸਾਹ ਲੈਂਦੀ ਹੈ। ਇਹਨਾਂ ਕਾਰਣ ਬਹੁਤ ਵਿਗਾੜ ਵੀ ਪੈਦਾ ਹੋਏ ਹਨ। ਜ਼ਰੂਰ ਤਬਦੀਲੀ ਦਾ ਸੋਚੋ। ਇਹਨਾਂ ਨੂੰ ਘਟਾਉ। ਪਰ ਕੁਝ ਬਦਲਣ ਲਈ ਲੋਕਾਂ ਨੂੰ ਉਹਨਾਂ ਦੀ ਥਾਂ ਕੋਈ ਹੋਰ ਬਦਲ ਦਿਉ। ਅੱਜ ਘਰ ਚਲੋ, ਹਲਕੀਆਂ-ਫੁਲਕੀਆਂ ਗੱਲਾਂ ਕਰਾਂਗੇ। ਤੁਹਾਡਾ ਕਥਾਰਸਿਜ਼ ਹੋ ਜਾਏ। ਸ਼ਾਮ ਨੂੰ ਛੱਡ ਆਵਾਂਗੇ।" ਮੈਂ ਪਿਆਰ ਨਾਲ ਬਾਂਹ ਖਿਚਦਿਆਂ ਕਿਹਾ। ਪਰ ਉਹ ਕਿਥੇ ਮੰਨਣ। ਹਾਰ ਕੇ ਅਸੀਂ ਕਿਹਾ, "ਜਾ ਕੇ ਫ਼ੋਨ ਜ਼ਰੂਰ ਕਰ ਦਿਉ। ਸਾਨੂੰ ਫ਼ਿਕਰ ਲੱਗਾ ਰਹੇਗਾ।" ਮੈਂ ਪੰਜਾਹ ਰੁਪੈ ਫੜਾਏ, "ਵੀਹ ਰੁਪੈ ਰਿਕਸ਼ੇ ਵਾਲੇ ਨੂੰ ਦੇ ਦਿਓ। ਫ਼ੋਨ ਜ਼ਰੂਰ ਜਾ ਕੇ ਕਰਿਉ।"

ਫ਼ੋਨ ਨਾ ਆਇਆ, ਸ਼ਾਮ ਢਲ ਕੇ ਰਾਤ ਪੈ ਗਈ। ਅਸੀਂ ਬਾਰ-ਬਾਰ ਉਹਨਾਂ ਦਾ ਫ਼ੋਨ ਘੁੰਮਾਉਂਦੇ ਰਹੇ। ਅੱਗੋਂ ਬੰਦ ਆਈ ਜਾਵੇ। ਕੋਈ ਹੁੰਗਾਰਾ ਨਹੀਂ ਸੀ। ਰਾਤ ਅਸੀਂ ਫ਼ਿਕਰ ਵਿਚ ਕੱਟੀ। ਫ਼ਿਕਰ ਵੱਧਦਾ ਗਿਆ।



Academy of the Punjab in North America: http://www.apnaorg.com

# ਸਾਧਾ ਸਿੰਘ

ਇਸ ਵੀਕ ਐਂਡ ਉੱਤੇ ਹੀ ਗੁਰਦੁਆਰੇ ਦੇ ਪ੍ਰਧਾਨ ਨਾਲ ਗੁਰਬਾਣੀ ਦੇ ਆਧਾਰ ’ਤੇ ਭਾਈਚਾਰਕ ਸਾਂਝ ਬਾਰੇ ਸੰਗਤਾਂ ਨਾਲ ਵਿਚਾਰ ਕਰਨ ਦਾ ਸਮਾਂ ਤਹਿ ਹੋਇਆ ਸੀ। ਗੁਰਦੁਆਰੇ ਦੇ ਗ੍ਰੰਥੀ ਸਾਧਾ ਸਿੰਘ ਨੂੰ ਅਸੀਂ ਜਾਣਦੇ ਸਾਂ। ਪਹਿਲਾਂ ਇੰਡੀਆ ਰਹਿੰਦਿਆਂ ਗੁਰਦੁਆਰੇ ਜਾਂਦਿਆਂ ਉਸ ਨਾਲ ਗੁਰ ਫ਼ਤਹਿ ਹੋ ਜਾਂਦੀ ਸੀ। ਢਾਈ ਕੁ ਸਾਲ ਪਹਿਲਾਂ ਜਦ ਅਸੀਂ ਦੋ-ਢਾਈ ਮਹੀਨੇ ਲਈ ਆਪਣੀ ਮਾਂ-ਪਿਉ ਮਹਿੱਟਰ ਭਣੇਵੀ ਕੋਲ ਬਤੌਰ ਵਿਜ਼ਟਰ ਇਥੇ ਆਏ ਸਾਂ ਤਾਂ ਇਥੇ ਵੀ ਗੁਰਦੁਆਰੇ ਮੇਲ ਹੁੰਦਾ ਰਿਹਾ। ਦੋ ਵੇਰਾਂ ਮੈਨੂੰ ਵੀ ਗੁਰਬਾਣੀ ਅਤੇ ਭਗਤ ਬਾਣੀ ਬਾਰੇ ਲੈਕਚਰ ਦੇਣ ਦਾ ਮੌਕਾ ਪ੍ਰਾਪਤ ਹੋਇਆ ਸੀ। ਅਸੀਂ ਵੀ ਸਾਧਾ ਸਿੰਘ ਦੀ ਗੁਰਬਾਣੀ ਵਿਆਖਿਆ ਸੁਣ ਕੇ ਬਹੁਤ ਪ੍ਰਭਾਵਤ ਹੋਏ ਸਾਂ।

ਸਾਧਾ ਸਿੰਘ ਗ੍ਰੰਥੀ ਨੂੰ ਇਥੇ ਆਇਆ ਦਸ-ਬਾਰਾਂ ਸਾਲ ਹੋਏ ਸਨ। ਉਦੋਂ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲਿਆਂ ਵਿਚੋਂ ਕੋਈ ਵਿਰਲਾ-ਟਾਵਾਂ ਬੰਦਾ ਹੀ ਬਾਹਰ ਲਈ ਤੁਰਿਆ ਸੀ। ਉਸ ਵੇਲੇ ਸਾਧਾ ਸਿੰਘ ਦਾ ਆਪਣੇ ਬਿਹਤਰ ਭਵਿੱਖ ਲਈ ਬਿਗਾਨੀ ਧਰਤੀ ਵੱਲ ਮੂੰਹ ਕਰਨਾ ਤੇ ਫਿਰ ਪੱਕੇ ਤੌਰ ’ਤੇ ਉਥੇ ਹੀ ਵੱਸ ਜਾਣਾ, ਉਸ ਦੀ ਦੂਰ-ਅੰਦੇਸ਼ੀ, ਡੂੰਘੀ ਨੀਝ, ਦ੍ਰਿੜ ਸੁਭਾਅ ਅਤੇ ਸਹਿਜ-ਸਿਆਣਪ ਦਾ ਪ੍ਰਮਾਣ ਸੀ। ਉਥੋਂ ਦੇ ਪੱਕੇ ਵਸਨੀਕ ਬਣ ਕੇ ਉਸ ਨੇ ਆਪਣਾ ਬਾਲ-ਬੱਚਾ ਵੀ ਉਥੇ ਬੁਲਾ ਲਿਆ ਸੀ।

ਇੰਡੀਆ ਵਿਚ ਉਸ ਨੇ ਪੰਜਾਬ ਦੇ ਇਤਿਹਾਸਕ ਨਗਰ ਦੇ ਇਕ ਵੱਡੇ ਗੁਰਦੁਆਰੇ ਵਿਚ ਬਤੌਰ ਪੱਕੇ ਗ੍ਰੰਥੀ, ਲੰਮਾ ਚਿਰ ਸੇਵਾ ਨਿਭਾਈ ਤੇ ਸੰਗਤਾਂ ਵੱਲੋਂ ਬਹੁਤ ਮਾਣ ਖੱਟਿਆ ਸੀ।

ਆਰੰਭ ਵਿਚ ਦੂਸਰੇ ਦੇਸ਼ਾਂ ਵਾਂਗ ਕੈਨੇਡਾ ਵਿਚ ਵੀ ਗੁਰੂ ਘਰ ਦੀ ਸੇਵਾ ਸੰਭਾਲ ਅਤੇ ਕਥਾ-ਕੀਰਤਨ ਲਈ ਸਿੱਖਿਅਕ ਗ੍ਰੰਥੀ ਸਿੰਘ ਅਤੇ ਕੀਰਤਨੀ ਜਥੇ ਇੰਡੀਆ ਤੋਂ ਹੀ ਸਪਾਂਸਰ ਕੀਤੇ ਜਾਂਦੇ ਰਹੇ ਪਰ ਹੁਣ ਜਦ ਬਾਹਰ ਸਿੱਖਾਂ ਦੀ ਗਿਣਤੀ ਹਰ ਆਏ ਦਿਨ ਧੜਾ-ਧੜ ਵਧ ਰਹੀ ਸੀ। ਸਿੱਖ ਆਪਣੀ ਭਾਸ਼ਾ ਅਤੇ ਵਿਰਸੇ ਬਾਰੇ ਜਾਗਰੂਕ ਹੋ ਰਹੇ ਸਨ। ਤਾਂ ਇਥੇ ਹੀ ਗੁਰਬਾਣੀ, ਰਾਗ-ਵਿਦਿਆ,



Academy of the Punjab in North America: http://www.apnaorg.com

ਗੁਰ-ਇਤਿਹਾਸ ਅਤੇ ਵਿਰਸੇ ਦੇ ਗਿਆਨ ਬਾਰੇ ਵਿਸ਼ੇਸ਼ ਕੈਂਪ ਤੇ ਕਲਾਸਾਂ ਲੱਗਣੀਆਂ ਸ਼ੁਰੂ ਹੋ ਗਈਆਂ।

ਖੱਟਣ ਵਾਲੇ ਖੱਟ ਜਾਂਦੇ ਹਨ। ਪਿਛਲੇ ਕੁਝ ਸਾਲਾਂ ਵਿਚ ਕੁਝ ਹਿੰਮਤੀ ਸਿੱਖ ਨੌਜਵਾਨਾਂ ਨੇ ਗੁਰਬਾਣੀ, ਸੰਗੀਤ ਤੇ ਕਥਾ ਪ੍ਰਵਚਨ ਤੇ ਗੁਰਬਾਣੀ ਵਿਆਖਿਆ ਦਾ ਹੁਨਰ ਸਿੱਖ ਲਿਆ। ਗੁਰਦੁਆਰਿਆਂ ਵਿਚ ਹੁਣ ਹਰ ਦਿਨ-ਤਿਉਹਾਰ ਨੂੰ ਸੰਗਤਾਂ ਸ਼ਰਧਾ ਨਾਲ ਹੁਮ-ਹੁਮਾ ਕੇ ਆਉਂਦੀਆਂ ਹਨ। ਵੈਨਕੂਵਰ ਤੇ ਫਿਰ ਹੈ ਹੀ ਪੰਜਾਬੀਆਂ ਦਾ ਗੜ੍ਹ।

ਸਾਧਾ ਸਿੰਘ ਅਜਿਹੇ ਨੌਜਵਾਨਾਂ ਵਰਗਾ ਹੀ ਮਿਹਨਤੀ ਸਾਧਕ ਸੀ। ਹੁਨਰੀ ਬੰਦਾ ਹੋਣ ਕਰਕੇ ਉਹ ਰਾਗ-ਵਿਦਿਆ ਤੇ ਕਵੀਸ਼ਰੀ ਵਿਚ ਅਗਾਂਹ ਲੰਘ ਗਿਆ। ਵਿਦਵਾਨਾਂ ਦੁਆਰਾ ਰਚਿਤ ਧਾਰਮਿਕ ਪੁਸਤਕਾਂ ਤੇ ਪਠਨ-ਪਾਠਨ ਵਿਚ ਡੂੰਘੀ ਦਿਲਚਸਪੀ ਨੇ ਉਸ ਨੂੰ ਵੱਡਾ ਪ੍ਰਚਾਰਕ ਬਣਾ ਦਿੱਤਾ। ਕਿਸੇ ਵੀਕ ਐਂਡ ’ਤੇ ਜਦੋਂ ਕੋਈ ਬਾਹਰੋਂ ਪ੍ਰਚਾਰਕ ਨਾ ਪਹੁੰਚਦਾ ਤਾਂ ਸਾਧਾ ਸਿੰਘ ਗੁਰੂ ਸਾਹਿਬਾਨ ਤੇ ਭਗਤਾਂ ਦੇ ਜੀਵਨ ਵਿਚੋਂ ਪ੍ਰਸੰਗ ਲੈ ਕੇ ਦ੍ਰਿਸ਼ਟਾਂਤਾਂ ਸਹਿਤ ਲਗਭਗ ਇਕ ਘੰਟਾ ਵਿਆਖਿਆ ਕਰ ਸਕਦਾ ਸੀ।

ਸਾਡੀ ਭਣੇਵੀ ਦੀ ਪੋਤਰੀ ਦੇ ਪੋਤਰਾ ਗੁਰਲੀਨ ਤੇ ਸਵਿਤੋਜ ਇਸ ਗ੍ਰੰਥੀ ਸਿੰਘ ਨੂੰ ‘ਅੰਕਲ’ ਕਹਿ ਕੇ ਸੰਬੋਧਿਤ ਕਰਦੀ ਅਤੇ ਗੁਰਦੁਆਰੇ ਜਾ ਕੇ ਜਦੋਂ ਵੀ ਗ੍ਰੰਥੀ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਤੋਂ ਵਿਹਲਿਆਂ ਵੇਖਦੇ ਭੱਜ ਕੇ ਜੱਫੀ ਪਾ ਲੈਂਦੇ ਤੇ ਮੁੜ ਨਾਲ-ਨਾਲ ਹੀ ਰਹਿੰਦੇ। ਦੋ-ਤਿੰਨ ਵੇਰਾਂ ਗ੍ਰੰਥੀ ਸਾਧਾ ਸਿੰਘ ਨੇ ਉਹਨਾਂ ਦੇ ਨਵੇਂ ਫਲੈਟ ਤੇ ਦੂਸਰੇ ਘਰ ਵਿਚ ਸ਼ੁਕਰਾਨੇ ਦੀ ਅਰਦਾਸ ਕੀਤੀ ਸੀ। ਉਹਨਾਂ ਨੂੰ ਉਹ ਅੰਕਲ ਬਹੁਤ ਚੰਗਾ ਲੱਗਦਾ ਸੀ।

ਵਿਸ਼ੇਸ਼ ਪ੍ਰੋਗਰਾਮਾਂ ਉੱਤੇ ਉਹ ਆਪਣੀ ਸੋਜ਼ ਭਰੀ ਆਵਾਜ਼ ਨਾਲ ਵਾਰਾਂ ਦਾ ਗਾਇਨ ਕਰ ਕੇ ਵਾਹ-ਵਾਹ ਖੱਟ ਜਾਂਦਾ। ਕਵੀਸ਼ਰੀ ਜੱਥੇ ਵਿਚ ਉਸ ਦੇ ਹੋਰ ਦੋ ਗਰਾਈਂ ਵੀ ਸ਼ਾਮਲ ਸਨ। ਉਹ ਸਰੀਰੋਂ ਖੁੱਲ੍ਹਾ ਸੀ, ਕੱਦ ਲੰਮਾ, ਸਾਬਤ ਸੂਰਤ ਸਿੱਖ ਤੇ ਰੱਬੀ ਬਖ਼ਸ਼ੀ ਸੂਰਤ ਸੀਰਤ ਵਿਚ ਵੀ ਵੱਖਰਾ ਪ੍ਰਭਾਵ ਦੇ ਜਾਂਦਾ। ਉਸ ਦੀ ਸ਼ਰਧਾ ਭਾਵਨਾ ਵੀ ਬਹੁਤ ਸੀ। ਪਰਿਵਾਰਕ ਖ਼ੁਸ਼ੀ ਦੇ ਸ਼ੁਕਰਾਨੇ ਲਈ ਜਾਂ ਘਰ-ਪ੍ਰਵੇਸ਼ ਦੇ ਮੌਕਿਆਂ ਉੱਤੇ ਗ੍ਰੰਥੀ ਸਾਧਾ ਸਿੰਘ, ਸੱਦੇ ’ਤੇ ਘਰੀਂ ਜਾ ਆਉਂਦਾ। ਉਹਨੇ ਘਰ-ਬਾਰੀ ਬੰਦਾ ਹੋਣ ਕਰਕੇ ਪਰਿਵਾਰਾਂ ਵਿਚ ਵੀ ਸਤਿਕਾਰ ਹਾਸਲ ਕਰ ਗਿਆ ਸੀ।

ਜਦੋਂ ਦਾ ਇਹ ਗ੍ਰੰਥੀ ਇਸ ਗੁਰਦੁਆਰੇ ਦੀ ਡਿਊਟੀ ਦੇਣ ਲੱਗਾ ਸੰਗਤਾਂ ਦੀ ਹਾਜ਼ਰੀ ਦੁਗਣੀ-ਤਿਗਣੀ ਹੋ ਗਈ। ਪ੍ਰਬੰਧਕਾਂ ਨੇ ਸਾਧਾ ਸਿੰਘ ਦੇ ਤਨਖ਼ਾਹ-ਭੱਤੇ ਵੀ ਵਧਾ ਦਿੱਤੇ।



Academy of the Punjab in North America: http://www.apnaorg.com

ਗੁਰਦੁਆਰੇ ਵਿਚ ਅੱਜ ਕੀਰਤਨ ਤੋਂ ਪਿੱਛੋਂ ਮੇਰੇ ਵੱਲੋਂ ਬੋਲਣਾ ਨਿਸ਼ਚਿਤ ਸੀ। ਮੈਂ ਚਾਹਿਆ ਇਕ ਗਿਆਨੀ-ਧਿਆਨੀ ਦਾ ਹੱਕ ਬਣਦਾ ਹੈ, ਉਹ ਪਹਿਲਾਂ ਆਪਣੇ ਜਥੇ ਨਾਲ ਕਵੀਸ਼ਰੀ ਰਚਨਾਵਾਂ ਪੇਸ਼ ਕਰੇ ਪਰ ਉਸ ਨੇ ਪੰਜਾਬ ਤੋਂ ਗਏ ਹੋਣ ਕਰਕੇ ਮੈਨੂੰ ਪਹਿਲਾਂ ਸਮਾਂ ਦੇਣ ਵਿਚ ਖ਼ੁਸ਼ੀ ਮਹਿਸੂਸ ਕੀਤੀ।

ਮੇਰੇ ਲੈਕਚਰ ਦਾ ਮੂਲ ਮੁੱਦਾ ਗੁਰੂ ਸਾਹਿਬਾਨ ਵੱਲੋਂ ਸਮਾਜਿਕ ਬਰਾਬਰੀ ਤੇ ਸਾਂਝੀਵਾਲਤਾ ਲਈ ਦ੍ਰਿੜ੍ਹਾਈ ਸਿੱਖਿਆ ਸੀ। ਮੈਂ ਦੱਸਿਆ, “ਗੁਰੂ ਨਾਨਕ ਦੇਵ ਨੇ ਮਲਿਕ ਭਾਗੋ ਦੇ ਛੱਤੀ ਪਕਵਾਨ ਨਕਾਰ ਕੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਪਰਵਾਨ ਕੀਤੀ। ਭਾਰਤ ਦੇ ਇਤਿਹਾਸ ਵਿਚ ਪੰਜਾਬ ਦੀ ਧਰਤੀ ’ਤੇ ਹੋਈ ਇਹ ਘਟਨਾ, ਇਕ ਵਿਲੱਖਣ ਮਿਸਾਲ ਸੀ। ਸਿੱਖ ਇਤਿਹਾਸਕਾਰਾਂ ਭਾਈ ਲਾਲੋ ਨੂੰ ਪਹਿਲਾ ਸਿੱਖ ਗਰਦਾਨਿਆ ਹੈ। ਗੁਰੂ ਨਾਨਕ ਦੇਵ ਨੇ ਸਮਾਜ ਸਿਰਜਿਤ ਜਾਤਾਂ ਵਿਚੋਂ ਸਭ ਤੋਂ ਹੇਠਲੀ ਜਾਤੀ ਨੂੰ ਮਾਣ ਬਖ਼ਸ਼ਿਆ। ਨੀਵਿਆਂ ਨਾਲ ਆਪ ਤੁਰੇ ਤੇ ਤੁਰਨ ਦਾ ਉਪਦੇਸ਼ ਦਿੱਤਾ।” ਮੇਰੇ ਵਿਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਬਾਣੀ ’ਤੇ ਆਧਾਰਤ ਸਨ।

‘ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨ ਆਈ॥’

‘ਨੀਚਾ ਅੰਦਰ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥<br>ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥’

‘ਸਭੇ ਸਾਂਝੀਵਾਲ ਸਦਾਇਨਿ ਤੂ ਕਿਸੈ ਨਾ ਦਿਸਹਿ ਬਾਹਰਾ ਜੀਉ॥’

‘ਏਕੋ ਪਵਣ ਮਾਟੀ ਸਭ ਏਕਾ ਏਕੋ ਜੋਤਿ ਸਬਾਈਆ॥’

‘ਏਕ ਪਿਤਾ ਏਕਸ ਕੇ ਹਮ ਬਾਰਿਕ॥’

‘ਹੋਇ ਇਕਤ੍ਰ ਮਿਲਹੁ ਮੇਰੇ ਭਾਈ॥<br>ਦੁਬਿਧਾ ਦੂਰ ਕਰਹੁ ਲਿਵ ਲਾਇ॥’

ਸੰਗਤਾਂ ਮੁੜ-ਮੁੜ ਕੇ ਜੈਕਾਰੇ ਛੱਡਦੀਆਂ। ਸਭ ਇਕਾਗਰ ਚਿੱਤ ਹੋਏ ਬੈਠੇ ਸਨ। ਇੰਜ ਜਾਪਦਾ ਸੀ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗ ਕੇ ਜਾਤ-ਪਾਤ ਦੇ ਭੇਦ-ਭਾਵ ਨੂੰ ਖ਼ਤਮ ਕਰਨ ਦਾ ਪ੍ਰਣ ਲੈ ਰਹੇ ਹਾਂ। ਬੀਬੀਆਂ ਮਰਦ ਇੰਜ ਸੁਣ ਰਹੇ ਸਨ ਜਿਵੇਂ ਗੁਰੂ ਉਹਨਾਂ ਦੇ ਅੰਦਰੀਂ ਵੱਸ ਗਿਆ ਹੈ ਤੇ ਉਹਨਾਂ ਸਰਬ ਸਾਂਝੀਵਾਲ ਦਾ ਪੈਗ਼ਾਮ ਆਪਣੇ ਮਨਾਂ ਵਿਚ ਵਸਾ ਲਿਆ ਹੈ। ਮੈਨੂੰ ਵੀ ਅਥਾਹ ਖ਼ੁਸ਼ੀ ਹੋਈ ਕਿ ਅਸੀਂ ਭੁੱਲਾਂ ਬਖ਼ਸ਼ਾ ਕੇ ਗੁਰੂ ਮਾਰਗ ’ਤੇ ਚਲਣ ਲਈ ਧਾਰ ਲਿਆ ਹੈ। ਢਾਡੀ ਸਿੰਘਾਂ ਨੇ ਵਾਰਾਂ ਦਾ ਗਾਇਨ ਕੀਤਾ। ਸੰਗਤਾਂ ਨਿਹਾਲ ਹੋ ਗਈਆਂ ਸਨ।



Academy of the Punjab in North America: http://www.apnaorg.com

ਹੁਣ ਸੰਗਤਾਂ ਦਾ ਧੰਨਵਾਦ ਕਰਨਾ ਸੀ। ਗ੍ਰੰਥੀ ਸਾਧਾ ਸਿੰਘ ਸੰਗਤਾਂ ਦਾ ਧੰਨਵਾਦ ਕਰਨ ਲਈ ਉੱਠਿਆ ਹੀ ਸੀ ਕਿ ਮੇਰੇ ਕੋਲ ਬੈਠੀ ਇਕ ਗਿਆਨੀ ਧਿਆਨੀ ਇਸਤਰੀ ਨੇ ਕਿਹਾ, "ਜਾਣਦੇ ਹੋ ਇਹ ਗਿਆਨੀ ਕੌਣ ਹਨ ?"

ਮੈਂ ਹੈਰਾਨ ਜਿਹੀ ਹੋ ਗਈ ਪਰ ਆਪਣੇ ਲਹਿਜ਼ੇ ਵਿਚ ਹਾਸੇ ਨਾਲ ਕਿਹਾ, "ਕੀ ਗੱਲ ? ਬੰਦਾ ਈ ਐ, ਸਾਡੇ ਤੁਹਾਡੇ ਵਰਗਾ। ਸਾਨੂੰ ਤੇ ਗੁਰਮੁੱਖ ਗਿਆਨੀ ਲੱਗਦਾ ਹੈ। ਵਧੀਆ ਕਥਾ ਕੀਰਤਨ ਕਰਦਾ ਹੈ। ਗੁਰਸਿੱਖ ਹੈ।"

"ਹਾਂ ਜੀ, ਵੇਖੋ ! ਇਹਦੀ ਗੁੱਡੀ ਕਿਸ ਤਰ੍ਹਾਂ ਚੜ੍ਹੀ ਏ ? ਪਿੱਛੇ ਇੰਡੀਆ ਵਿਚ ਇਸ ਦਾ ਪੇਅ ਛਿੱਕੂ ਟੋਕਰੀਆਂ ਬੰਨ੍ਹਦਾ ਹੁੰਦਾ ਸੀ। ਦੋ ਡੰਗ ਦੀ ਰੋਟੀ ਨਹੀਂ ਸੀ ਖਾਣ ਨੂੰ। ਇਥੇ ਇਹ ਪਛਾਣੇ ਨਹੀਂ ਜਾਂਦੇ। ਇਹਦੀ ਘਰ ਵਾਲੀ ਵੀ ਨੌਕਰੀ ਕਰਦੀ ਐ। ਆਪ ਮੋਟਰ ਡਰਾਈਵ ਕਰ ਕੇ ਜਾਂਦੀ ਹੈ। ਕੋਈ ਫ਼ਰਕ ਨਹੀਂ ਰਹਿ ਗਿਆ ਉੱਚੇ ਨੀਵੇਂ ਦਾ। ਸਗੋਂ ਨੀਵੇਂ ਹੁਣ ਆਕੜਦੇ ਨੇ।"

"ਪਰ ਭੈਣ ਜੀ ! ਅਸੀਂ ਗੁਰੂ ਘਰ 'ਚ ਬੈਠੇ ਆਂ। ਬਾਣੀਕਾਰਾਂ ਨੇ ਤੇ ਕੋਈ ਭਿੰਨ-ਭੇਦ ਹੀ ਨਹੀਂ ਰੱਖਿਆ ਸਗੋਂ ਹੇਠਲਿਆਂ ਨੂੰ ਚੰਗਾ ਸਮਝਿਆ। ਆਹ ਹੁਣੇ ਇਹੋ ਹੀ ਗੱਲਾਂ-ਬਾਤਾਂ ਕਰ ਕੇ ਹਟੇ ਆਂ। ਤੁਸੀਂ ਰੋਜ਼ ਗੁਰੂ ਘਰ ਆਉਂਦੇ ਹੋ, ਪਰ ਗੁਰੂ ਦੀ ਸਿੱਖਿਆ ਤੋਂ ਕੋਹਾਂ ਦੂਰ ਹੋ।"

"ਨਹੀਂ, ਨਹੀਂ। ਭੈਣ ਜੀ, ਸਾਨੂੰ ਕੀ ਕੋਈ ਕੁਝ ਹੋਵੇ। ਅਸੀਂ ਕੀ ਲੈਣਾ ਇਹਨਾਂ ਗੱਲਾਂ ਵਿਚੋਂ ? ਮੈਂ ਤੇ ਸਰਸਰੀ ਕਿਹਾ ਸੀ, ਬਾਹਰ ਆ ਕੇ ਜ਼ਾਤ ਲੁਕ ਜਾਂਦੀ ਹੈ, ਕੋਈ ਨਹੀਂ ਪਤਾ ਲੱਗਣ ਦਿੰਦਾ ਕਿ ਉਹ ਕਿਹੜੀ ਜ਼ਾਤ ਦਾ ਹੈ। ਸਾਡੇ ਆਪਣੇ ਨਗਰ ਦੇ ਮਹਿਰਿਆਂ ਦਾ ਟੱਬਰ ਇਥੇ ਆ ਵੱਸਿਆ। ਉਹੋ ਜਿਹੇ ਵਧੀਆ ਲੀੜੇ ਪਾਉਂਦੇ, ਮੌਜਾਂ ਕਰਦੇ। ਸੱਚ ਜਾਣਿਓ, ਮੈਨੂੰ ਅਲਕਾਣ ਜਿਹੀ ਆਉਣ ਲੱਗ ਪੈਂਦੀ ਹੈ। ਦੱਸੋ ਭਾਈ, ਲੀੜੇ ਪਾਇਆਂ ਜ਼ਾਤਾਂ ਲੁਕ ਜਾਂਦੀਆਂ ?"

ਫਿਰ ਚੇਤਾ ਆ ਗਿਆ, "ਵੇਖਿਓ ! ਕਿਤੇ ਗੱਲ ਨਾ ਕਰ ਦਿਓ। ਮੈਂ ਤਾਂ ਸਬੌਂਕੀ ਤੁਹਾਨੂੰ ਆਪਣੇ ਜਾਣ ਕੇ ਗੱਲ ਕਰ ਬੈਠੀ ਆਂ। ਗੱਲਾਂ ਤੇ ਤੁਸੀਂ ਵੀ ਸੱਚੀਆਂ ਦੱਸੀਆਂ ਪਰ ਭੈਣ ਜੀ, ਅੱਜ ਕਲ੍ਹ ਕੌਣ ਇਥੇ ਅਮਲ ਕਰਦਾ ? ਉਪਰੋਂ-ਉਪਰੋਂ ਸਾਰੇ ਇਕੋ ਜਿਹੇ ਬਰਾਬਰ ਹੋਣ ਦਾ ਦਿਖਾਵਾ ਕਰਦੇ ਆ ਪਰ ਅੰਦਰੋਂ ਪੁੱਛ ਕੇ ਵੇਖੋ, ਕੋਈ ਬਰਾਬਰੀ ਨਹੀਂ ਜੇ। ਇਥੇ ਵੇਖ ਲਉ ! ਛੋਕਰੇ ਛੋਕਰੀਆਂ ਜੋ ਮਰਜ਼ੀ ਕਰੀ ਫਿਰਨ ਪਰ ਕੋਈ ਆਪਣੇ ਹੱਥੀਂ ਧੀ-ਪੁੱਤ ਨੂੰ ਨੀਵੀਂ ਜਾਤ ਵਿਚ ਨਹੀਂ ਜੇ ਵਿਆਹੁੰਦਾ। ਇਹੋ ਜਿਹੀ ਗੱਲ ਵੇਖ ਤੇ ਤਰਥੱਲੀ ਮੱਚ ਜਾਂਦੀ ਆ। ਕੌਣ ਮੰਨਦਾ ਜੀ ਬਾਣੀ ਨੂੰ ਭਾਵੇਂ ਕਿੰਨਾ ਸਮਝਾਉ।"



Academy of the Punjab in North America: http://www.apnaorg.com

ਗ੍ਰੰਥੀ ਸਿੰਘ ਨੇ ਅਰਦਾਸ ਕੀਤੀ, ਜੈਕਾਰਾ ਛੱਡਿਆ। ਸੰਗਤਾਂ ਸਾ-ਸਿਰੀ-ਅਕਾਲ ਕਹਿ ਕੇ ਬਹਿ ਗਈਆਂ। ਸਾਧਾ ਸਿੰਘ ਨੇ ਮੁੜ ਤਾਬਿਆ ਬੈਠ ਕੇ ਵਾਕ ਲਿਆ :

ਅਵਲਿ ਅਲਹ ਨੂਰ ਉਪਾਇਆ ਕੁਦਰਤ ਕੇ ਸਬ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥

ਸੰਗਤਾਂ ਵਿਚ ਪ੍ਰਸ਼ਾਦ ਵਰਤਾਇਆ ਗਿਆ। ਗੁਰਲੀਨ ਫਿਰ ਗ੍ਰੰਥੀ ਸਿੰਘ ਕੋਲ ਜਾ ਖਲੋਤੀ। ਸਾਡੀ ਭਣੇਵੀ ਨੇ ਕਾਹਲੀ ਪਾਈ, "ਚਲੋ ਸਾਰੀ ਸੰਗਤ ਲੰਗਰ ਵਿਚ ਪੰਗਤਾਂ ਵਿਚ ਬੈਠਣ ਲਈ ਕਾਹਲੀ-ਕਾਹਲੀ ਚਲੀ ਗਈ ਹੈ। ਤੁਸੀਂ ਉੱਠਦੇ ਨਹੀਂ ?"

"ਬੇਟੀ, ਕਾਹਲਿਆਂ ਨੂੰ ਛੱਕ ਲੈਣ ਦੇ। ਮੈਂ ਸੋਚ ਰਹੀ ਹਾਂ, ਪੜ੍ਹਨ, ਸੁਣਨ ਤੇ ਅਮਲ ਵਿਚ ਬਹੁਤ ਫ਼ਰਕ ਹੈ। ਅਸੀਂ ਆਪਣੇ ਗੁਰੂਆਂ ਭਗਤਾਂ ਨੂੰ ਭੁੱਲ ਗਏ ਹਾਂ। ਸਾਡੀ ਸੋਚ ਅਜੇ ਬਹੁਤ ਗੰਦਲੀ ਹੈ। ਸੱਚ ਦਾ ਸੂਰਜ ਕਦੋਂ ਚੜ੍ਹੇਗਾ ? ਜਦੋਂ ਸਾਨੂੰ ਗੁਰੂ ਵਿਚ ਸੱਚਾ ਵਿਸ਼ਵਾਸ ਹੋਵੇਗਾ। ਅਜੇ ਤੇ ਅਸੀਂ ਬਹੁਤ ਨੀਵੇਂ ਹਾਂ, ਨਿਵਾਣਾਂ ਵੱਲ ਜਾ ਰਹੇ ਹਾਂ। ਜਾਓ, ਅਸੀਂ ਇਥੇ ਬੈਠਦੇ ਹਾਂ, ਤੁਸੀਂ ਛਕ ਆਓ। ਸਾਡੇ ਲਈ ਇਕ ਪ੍ਰਸ਼ਾਦਾ, ਪ੍ਰਸ਼ਾਦ ਵਜੋਂ ਜ਼ਰੂਰ ਲੈ ਆਉਣਾ।" ਅਸੀਂ ਨਿਰਾਸ਼ ਚਿੱਤ ਉਥੇ ਹੀ ਬੈਠ ਗਏ।



Academy of the Punjab in North America: http://www.apnaorg.com

# ਸਾਡਾ ਪਿੰਡ

ਔਟੋ ਵਿਚ ਕੋਲ ਬੈਠੀ ਸਵਾਰੀ ਨਾਲ ਗੱਲਾਂ ਕਰਦਿਆਂ ਕਿਰਪਾਲ ਦਾ ਧਿਆਨ ਮੁੜ-ਮੁੜ ਦੂਸਰੇ ਪਾਸੇ ਬੈਠੀ ਸਵਾਰੀ ਵੱਲ ਜਾਂਦਾ, ਜਿਸ ਨੇ ਉਨਾ ਚਿਰ ਲਗਾਤਾਰ ਹੱਥ ਵਿਚ ਫੜੇ ਰੋਜ਼ਾਨਾ ਸਮਾਚਾਰ ਪੱਤਰ ਉੱਤੇ ਹੀ ਨਜ਼ਰ ਟਿਕਾਈ ਰੱਖੀ ਅਤੇ ਉਹਨਾਂ ਦੀਆਂ ਗੱਲਾਂ ਵਿਚ ਕੋਈ ਦਿਲਚਸਪੀ ਨਾ ਵਿਖਾਈ।

ਕਿਰਪਾਲ ਨੇ ਸੋਚਿਆ ਯਕੀਨਨ ਇਹ ਇਸਤਰੀ ਕਿਸੇ ਚੰਗੀ ਤੇ ਪੱਕੀ ਨੌਕਰੀ ਉੱਤੇ ਹੋਵੇਗੀ।

ਭਾਵੇਂ ਉਸ ਦੇ ਚਿਹਰੇ ਉੱਤੇ ਬੇਫ਼ਿਕਰੀ ਅਤੇ ਆਤਮ-ਵਿਸ਼ਵਾਸ ਦੇ ਭਾਵ ਸਪੱਸ਼ਟ ਦਿਸ ਰਹੇ ਹੀ ਰਹੇ ਸਨ, ਪਰ ਫਿਰ ਵੀ ਉਸ ਨੇ ਆਪਣੀ ਰਾਇ ਦੀ ਪੁਸ਼ਟੀ ਲਈ ਪੁੱਛ ਹੀ ਲਿਆ, "ਮੈਡਮ ! ਤੁਸੀਂ ਕਿਤੇ ਨੌਕਰੀ ਕਰਦੇ ਹੋ ?" ਉਸ ਇਸਤਰੀ ਸਵਾਰੀ ਨੇ ਮਾੜਾ ਜਿਹਾ ਸਿਰ ਹਿਲਾ ਕੇ 'ਹਾਂ' ਵਿਚ ਜੁਆਬ ਦਿੱਤਾ। ਕਿਰਪਾਲ ਨੇ ਮੁੜ ਕਿਹਾ, "ਤੁਸੀਂ ਕਿਤੇ ਪੜ੍ਹਾਉਂਦੇ ਹੋ। ਮੈਨੂੰ ਅੰਦਾਜ਼ਾ ਲੱਗ ਰਿਹਾ ਸੀ ਕਿ ਤੁਸੀਂ ਟੀਚਰ ਹੋ?"

"ਹਾਂ" ਕਹਿੰਦਿਆਂ ਉਹ ਸਵਾਰੀ ਕਾਹਲੀ ਨਾਲ ਔਟੋ ਵਾਲੇ ਨੂੰ ਪੈਸੇ ਫੜਾ ਕੇ ਬੱਸ ਵਿਚ ਚੜ੍ਹਨ ਲਈ ਕਾਹਲੇ ਕਦਮੀਂ ਤੁਰ ਪਈ।

ਕਿਰਪਾਲ ਨੇ ਵੇਖਿਆ ਉਹ ਅਟਾਰੀ ਵਾਲੀ ਬੱਸ ਲੈ ਰਹੀ ਸੀ। ਬੱਸ ਚੱਲਣ ਵਾਲੀ ਸੀ। ਉਹ ਮੈਡਮ ਛੇਤੀ ਨਾਲ ਚੜ੍ਹ ਕੇ ਬੱਸ ਦੀ ਦੂਸਰੀ ਸੀਟ ਉੱਤੇ ਬੈਠ ਗਈ।

ਕਿਰਪਾਲ ਦਾ ਸਕੂਲ ਵੀ ਇਸੇ ਰੂਟ ਉੱਤੇ ਸੀ, ਉਹ ਵੀ ਚੜ੍ਹ ਗਈ। ਪਰ ਭੀੜ ਜ਼ਿਆਦਾ ਹੋਣ ਕਰਕੇ ਉਸ ਨੂੰ ਸੀਟ ਨਾ ਮਿਲੀ। ਮਈ ਮਹੀਨੇ ਦੀ ਅਤਿ ਦੀ ਗਰਮੀ ਵਿਚ ਸਵਾਰੀਆਂ ਧੱਕੋ-ਧੱਕੀ ਅੰਦਰ ਵੜਦੀਆਂ ਜਾਂਦੀਆਂ ਸਨ ਤੇ ਪਿਛਲੇ ਪਾਸੇ ਜਾ ਕੇ ਬੈਠੀਆਂ ਸਵਾਰੀਆਂ ਨਾਲ ਥੋੜ੍ਹੀ-ਥੋੜ੍ਹੀ ਜਗ੍ਹਾ ਲੈ ਕੇ ਅੜ-ਉੜ ਕੇ ਬੈਠਣ ਦਾ ਯਤਨ ਕਰ ਰਹੀਆਂ ਸਨ। ਕਿਰਪਾਲ ਕੰਡਕਟਰ ਦੇ ਕਹਿਣ 'ਤੇ ਵੀ ਪਿਛਾਂਹ ਨੂੰ ਨਾ ਸਰਕੀ ਤੇ ਉਥੇ ਕੁ ਹੀ ਸੀਟ ਨਾਲ ਢੋਹ ਲਾ ਕੇ ਖੜੀ ਰਹੀ।



Academy of the Punjab in North America: http://www.apnaorg.com

ਤੁੰਨ ਕੇ ਭਰੀ ਬੱਸ ਵਿਚੋਂ ਅਗਲੇ ਮੋੜ ਉੱਤੇ ਕਿਰਪਾਲ ਦੇ ਨੇੜਲੀ ਸਵਾਰੀ ਉੱਤਰ ਗਈ ਤੇ ਕਿਰਪਾਲ ਨੇ ਛੇਤੀ ਨਾਲ ਉਸ ਮੈਡਮ ਦੀ ਪਿਛਲੀ ਸੀਟ ਮੱਲਣ ਦੀ ਕੋਸ਼ਿਸ਼ ਕੀਤੀ। ਨਾਲ ਵਾਲੀ ਸਵਾਰੀ ਨੇ ਆਪ ਪਰੇ ਹੋ ਕੇ ਕਿਰਪਾਲ ਨੂੰ ਚੰਗੀ ਤਰ੍ਹਾਂ ਬਿਠਾਅ ਲਿਆ।

ਦਸ ਮਿੰਟ ਲੰਘ ਗਏ। ਸਰੀਰਾਂ ਨੂੰ ਸਾੜਨ ਵਾਲੀ ਗਰਮ ਹਵਾ ਵਗ ਰਹੀ ਸੀ। ਸਭ ਦੇ ਪਿੰਡੇ ਝੁਲਸ ਉੱਠੇ ਸਨ। ਸਵਾਰੀਆਂ ਪਸੀਨਿਉਂ-ਪਸੀਨਾ ਹੋ ਰਹੀਆਂ ਸਨ। ਗਰਮੀ ਵਿਚ ਕੰਡਕਟਰ ਵੀ ਖਿਝਿਆ-ਖਿਝਿਆ ਬੋਲ ਰਿਹਾ ਸੀ। ਬੱਸ ਵਿਚ ਸਵਾਰੀਆਂ ਦਾ ਰੌਲਾ-ਰੱਪਾ ਵਾਹਵਾ ਹੀ ਸੀ। ਕਿਰਪਾਲ ਚਾਹੁੰਦਿਆਂ ਹੋਇਆਂ ਵੀ ਉਸ ਸਵਾਰੀ ਨਾਲ ਗੱਲ ਜਾਰੀ ਕਰ ਕੇ ਉਸ ਨੂੰ ਪੁੱਛ ਨਾ ਸਕੀ ਕਿ ਉਹ ਕਿਹੜੇ ਪਿੰਡ ਪੜ੍ਹਾਉਂਦੀ ਹੈ ? ਭਾਵੇਂ ਉਹ ਦੋਵੇਂ ਅਧਿਆਪਨ ਦੇ ਖੇਤਰ ਨਾਲ ਸੰਬੰਧਿਤ ਹੋਣ ਕਰਕੇ ਕਿਰਪਾਲ ਨੂੰ ਉਸ ਮੈਡਮ ਨਾਲ ਨੇੜ ਜਿਹਾ ਜਾਪ ਰਿਹਾ ਸੀ।

ਕੰਡਕਟਰ ਹਿੰਮਤ ਕਰ ਕੇ ਇੰਜਣ ਵਾਲੀ ਸੀਟ ਉੱਤੇ ਬੈਠ ਗਿਆ। ਸਵਾਰੀਆਂ ਵੀ ਤ੍ਰੇਲੋ-ਤ੍ਰੇਲੀ ਹੋ ਕੇ ਅੱਗੇ ਪਿੱਛੇ ਫਸ-ਫਸਾਅ ਕੇ ਬੈਠ ਗਈਆਂ। ਕੁਝ ਅਮਨ-ਅਮਾਨ ਹੋਇਆ ਤਾਂ ਕਿਰਪਾਲ ਨੇ ਹਿੰਮਤ ਕਰ ਕੇ ਉਸ ਮੈਡਮ ਨੂੰ ਪੁੱਛ ਹੀ ਲਿਆ, "ਤੁਸੀਂ ਕਿਹੜੇ ਪਿੰਡ ਲੱਗੇ ਹੋ ?"

ਹੁਣ ਤਕ ਉਹ ਅਧਿਆਪਕਾ ਕੁਝ ਸਹਿਜ ਵਿਚ ਹੋ ਗਈ ਸੀ। ਉਸ ਨੇ ਕਿਰਪਾਲ ਵੱਲ ਵੇਖ ਕੇ ਦੱਸਿਆ ਕਿ ਉਹ ਮੋਦੇ, ਸੀਨੀਅਰ ਸੈਕੰਡਰੀ ਸਕੂਲ ਵਿਚ ਲੱਗੀ ਹੋਈ ਹੈ।

ਕਿਰਪਾਲ ਆਪਣੇ ਪੇਕੇ ਪਿੰਡ ਦਾ ਨਾਂ ਸੁਣ ਕੇ ਜਿਵੇਂ ਉੱਛਲ ਪਈ। ਸੀਟ ਉਤੋਂ ਉਤਾਂਹ ਜਿਹੀ ਹੋ ਕੇ ਉਸ ਨੇ ਆਪਣਾ ਸਿਰ ਮੈਡਮ ਵਾਲੀ ਅਗਲੀ ਸੀਟ ਉੱਤੇ ਰੱਖ ਦਿੱਤਾ।

ਹੁਣ ਬੜੇ ਹੁਲਾਸ ਨਾਲ ਕਿਰਪਾਲ ਨੇ ਖਿੜ ਕੇ ਕਿਹਾ, "ਸਾਡੇ ਪਿੰਡ।" ਮੈਡਮ ਦੇ ਪੁੱਛਣ ਉੱਤੇ ਕਿ ਉਹ ਉਸ ਦਾ ਪਿੰਡ ਕਿਵੇਂ ਹੈ, ਕਿਰਪਾਲ ਦੇ ਮੂੰਹ ਉੱਤੇ ਖੇੜੇ ਅਤੇ ਖ਼ੁਸ਼ੀ ਦੇ ਭਾਵ ਜਾਗ ਪਏ। ਉਸ ਨੇ ਮੂੰਹ ਭਰ ਕੇ ਕਿਹਾ, "ਸਾਡਾ ਪਿੰਡ ਹੀ ਹੋਇਆ, ਮੋਦੇ, ਮੇਰੇ ਪੇਕੇ ਜੁ ਹਨ।"

ਮੈਡਮ ਉਸ ਦੀ ਖ਼ੁਸ਼ੀ ਨੂੰ ਭਾਂਪ ਕੇ ਆਪ ਵੀ ਖ਼ੁਸ਼ ਹੋਈ। ਖ਼ੁਸ਼ੀ ਵਿਚ ਹੀ ਉਹਤੋਂ ਕਹਿ ਹੋਇਆ, "ਸੱਚੀਂ, ਇਹ ਤੁਹਾਡਾ ਪਿੰਡ ਹੈ। ਅਸੀਂ ਕਦੀ ਤੁਹਾਨੂੰ ਆਉਂਦਿਆਂ ਜਾਂਦਿਆਂ ਨਹੀਂ ਵੇਖਿਆ। ਮੈਨੂੰ ਪੰਜ ਸਾਲ ਹੋ ਗਏ ਇਥੇ ਲੱਗੀ ਨੂੰ।"

ਕਿਰਪਾਲ ਦਾ ਚਿਹਰਾ ਹੁਣ ਕੁਝ ਉਦਾਸੀ ਵਿਚ ਬਦਲ ਗਿਆ। ਉਸ ਨੇ ਹੌਲੀ-ਹੌਲੀ ਆਪਣੇ ਮਨ ਨੂੰ ਅੰਦਰੋਂ ਸੰਭਾਲਣ ਦਾ ਯਤਨ ਕਰਦਿਆਂ ਨਿੰਮੀ ਜਿਹੀ



Academy of the Punjab in North America: http://www.apnaorg.com

ਆਵਾਜ਼ ਵਿਚ ਕਿਹਾ, "ਵੇਖਣਾ ਕਿਥੇ ਸੀ ? ਘੱਟ ਹੀ ਆ ਜਾ ਹੁੰਦਾ। ਘਰਾਂ ਦੇ ਲਟਾਕੇ ਹੀ ਨਹੀਂ ਛੱਡਦੇ। ਕਿੰਨਾ-ਕਿੰਨਾ ਚਿਰ ਲੰਘ ਜਾਂਦਾ ਗਿਆਂ ਨੂੰ। ਪਰ ਪੇਕਿਆਂ ਦੀ ਮਿੱਟੀ ਨਾਲ ਬੜਾ ਮੋਹ ਹੁੰਦਾ ਹੈ। ਜਦੋਂ ਕਿਤੇ ਪਿੰਡ ਦੀ ਗੱਲ ਚੱਲੇ ਪਹਿਲਾਂ ਵਾਲਾ ਮੋਹ-ਪਿਆਰ ਜਾਗ ਪੈਂਦਾ ਹੈ।"

ਸਵਾਰੀਆਂ ਮੁੜ ਕੰਡਕਟਰ ਦੇ ਗਲ ਪੈਣ ਲੱਗੀਆਂ ਕਿ ਇਕ ਤਾਂ ਹੁੱਸੜ ਇੰਨਾ, ਦੂਜਾ ਖੜ-ਖੜ ਕਰਦੀ ਬੱਸ ਬੁੱਢੀ ਟੈਰ ਵਾਂਗੂੰ ਠਹਿਚਲ-ਠਹਿਚਲ ਕਰਦੀ, ਰੁਕ-ਰੁਕ ਕੇ ਚਲਾਉਣ ਡਹੇ ਆ। ਕਈਆਂ ਨੇ ਡਿਊਟੀਆਂ 'ਤੇ ਪਹੁੰਚਣਾ ਹੁੰਦਾ। ਕਈਆਂ ਨੇ ਘਰ-ਬਾਹਰ ਦੇ ਜ਼ਰੂਰੀ ਕੰਮੀਂ ਜਾਣਾ ਹੁੰਦਾ।

"ਜਿਨ੍ਹਾਂ ਨੂੰ ਬਾਹਲੀ ਕਾਹਲੀ ਉਹ ਥੱਲੇ ਉੱਤਰ ਜਾਓ, ਇਹ ਬੱਸ ਇੱਦਾਂ ਹੀ ਚੱਲਣੀ ਆ। ਕਿਸੇ ਦੇ ਜਿੱਦਾਂ ਮੂੰਹ ਆਇਆ ਬੋਲੀ ਗਏ। ਬਾਹਲੀ ਕਾਹਲੀ ਹੁੰਦੀ ਸਵੱਖਤੇ ਉੱਠ ਕੇ ਬੱਸਾਂ ਫੜੋ।" ਕੰਡਕਟਰ ਨੇ ਗੁੱਸੇ ਨਾਲ ਕਿਹਾ।

ਇਕ ਸਵਾਰੀ ਉਸੇ ਅੱਡੇ 'ਤੇ ਉੱਤਰ ਗਈ। ਸਾਰੀਆਂ ਸਵਾਰੀਆਂ ਹੱਸਣ ਲੱਗ ਪਈਆਂ। ਕੁਲਵੰਤ ਮੈਡਮ ਨੇ ਕਿਰਪਾਲ ਨੂੰ ਆਪਣੇ ਨਾਲ ਹੀ ਬਿਠਾਅ ਲਿਆ ਤੇ ਕਹਿਣ ਲੱਗੀ, "ਹੁਣ ਜਦ ਆਪਣੇ ਪਿੰਡ ਆਏ, ਜ਼ਰੂਰ ਮਿਲ ਕੇ ਜਾਇਓ। ਹੁਣ ਤੇ ਸਾਡੀ ਵਾਕਫ਼ੀਅਤ ਹੋ ਗਈ ਏ।"

ਕਿਰਪਾਲ ਉਦਾਸ ਹੁੰਦੀ ਜਾ ਰਹੀ ਸੀ, "ਜਦ ਵੀ ਗਈ ਜ਼ਰੂਰ ਮਿਲਾਂਗੀ। ਪਿੰਡ ਦੇ ਤੇ ਰੁੱਖ ਨਹੀਂ ਭੁੱਲਦੇ। ਹੁਣ ਤੇ ਸਭ ਕੁਝ ਬਦਲ ਗਿਆ। ਨਵੇਂ ਸ਼ੌਂਕ, ਨਵੀਆਂ ਖੇਡਾਂ। ਅਸੀਂ ਨਿੱਕੀਆਂ-ਨਿੱਕੀਆਂ ਹੁੰਦੀਆਂ ਸਾਂ। ਸ਼ਾਮ ਨੂੰ ਬਾਹਰ ਜਾਂਦੀਆਂ ਵੇਖਣਾ, ਵੱਡੀ ਢਾਬ ਵਿਚ ਤ੍ਰਿਕਾਲਾਂ ਨੂੰ ਬਾਹਰੋਂ ਮੁੜਦੀਆਂ ਮੱਝਾਂ ਨੂੰ ਪਾਲੀ ਮੁੰਡੇ ਛਿੱਟੇ ਮਾਰ-ਮਾਰ ਨਹਾਉਂਦੇ ਹੋਏ, ਨਾਲ ਹੀ ਹੇਕਾਂ ਲਾ-ਲਾ ਗਾਉਂਦੇ ਸਨ। ਇਕ ਦੂਜੇ 'ਤੇ ਦੂਰ-ਦੂਰ ਛਿੱਟੇ ਖਿਲਾਰਦੇ ਖੇਡਾਂ ਖੇਡਦਿਆਂ ਨੂੰ ਵੇਖਦਿਆਂ-ਵੇਖਦਿਆਂ ਸਭ ਨਿੱਕੇ ਨਿਆਣੇ ਤੇ ਗਭਰੇਟ ਚੁੱਬੀਆਂ ਮਾਰ-ਮਾਰ ਖ਼ੁਸ਼ ਹੁੰਦੇ। ਨਹਾ ਕੇ ਠੰਡੀਆਂ ਹੋਈਆਂ ਮੱਝਾਂ ਦੀਆਂ ਅੱਖਾਂ ਵਿਚ ਖ਼ੁਸ਼ੀ ਝਰ-ਝਰ ਪੈਂਦੀ।

ਕੁਲਵੰਤ ਮੈਡਮ ਪਿੰਡ ਦੀ ਪਹਿਲੀ ਰਹਿਣੀ-ਬਹਿਣੀ ਸੁਣ-ਸੁਣ ਕੇ ਤੇ ਹੁਣ ਦੇ ਨਵੇਂ ਰਿਵਾਜ ਵੇਖ ਕੇ ਹੈਰਾਨ ਹੋ ਰਹੀ ਸੀ। ਕਿਰਪਾਲ ਪਿੰਡ ਦੀਆਂ ਗੱਲਾਂ ਕਰ ਕੇ ਮਨ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕਰ ਰਹੀ ਸੀ, "ਜਦੋਂ ਸਾਉਣ ਦਾ ਮਹੀਨਾ ਚੜ੍ਹਨਾ, ਪਿੰਡ ਦੀਆਂ ਕੁੜੀਆਂ ਨੂੰ ਚਾਅ ਚੜ੍ਹ ਜਾਣੇ। ਸਾਡੇ ਪਿਤਾ ਜੀ ਚਾਹੁੰਦੇ ਹੁੰਦੇ ਸੀ ਲੜਕੀਆਂ ਬਾਹਰ ਨਾ ਜਾਣ। ਉਹਨਾਂ ਵੱਡੀ ਹਵੇਲੀ ਵਿਚ ਦੋਹਾਂ ਵੱਡਿਆਂ ਪਿੱਪਲਾਂ ਦੇ ਡਾਹਣਿਆਂ ਨੂੰ ਪੀਂਘਾਂ ਪੁਆ ਦੇਣੀਆਂ। ਸਾਰੇ ਪਿੰਡ ਦੀਆਂ ਨਣਾਨਾਂ ਭਰਜਾਈਆਂ ਨੇ ਵਾਹਵਾ ਸੱਜ-ਧੱਜ ਕੇ ਆ ਕੇ ਪੀਂਘਾਂ ਝੂਟਣੀਆਂ। ਸਾਰੀਆਂ ਨੇ



Academy of the Punjab in North America: http://www.apnaorg.com

ਹੱਸ-ਹੱਸ ਕੇ ਐਸਾ ਮੱਛਰ ਜਾਣਾ, ਕਈ ਵੇਰਾਂ ਉਥੇ ਹੀ ਗਿੱਧੇ ਦਾ ਪਿੜ ਬਣ ਜਾਣਾ। ਦੂਓ-ਦੂ ਨੱਚਦੀਆਂ ਤੇ ਜੇ ਕਿਸੇ ਤਾਏ ਚਾਚੇ ਨੇ ਹਵੇਲੀ ਆ ਜਾਣਾ, ਸਾਰੀਆਂ ਭੱਜ ਕੇ ਕੋਠਿਆਂ ਦੇ ਅੰਦਰੀਂ ਵੜ ਕੇ ਲੁਕ ਜਾਂਦੀਆਂ ਸਨ।" ਕਿਰਪਾਲ ਦਾ ਪਿੰਡ ਦੀਆਂ ਇਹਨਾਂ ਯਾਦਾਂ ਨੂੰ ਦੁਹਰਾ ਕੇ ਪਲ ਭਰ ਲਈ ਚਿਹਰਾ ਖਿੜ ਗਿਆ।

"ਜਿਥੇ ਜੰਮੇ-ਪਲੇ, ਖੇਡੇ-ਮੱਲੇ, ਉਹ ਥਾਵਾਂ ਕਿਤੇ ਭੁੱਲਦੀਆਂ ਨੇ। ਪੇਰੈਂਟਸ ਸਾਡੇ ਰੱਬ ਦਾ ਰੂਪ ਸਨ। ਵਿਚਾਰੇ ਦੋਵੇਂ ਨਹੀਂ ਰਹੇ। ਥੋੜ੍ਹੀ ਥੋੜ੍ਹੀ ਵਿੱਥ 'ਤੇ ਹੀ ਅੱਗੜ-ਪਿੱਛੜ ਵਿਛੋੜਾ ਦੇ ਗਏ। ਕਹਿੰਦੇ ਹੁੰਦੇ ਆ, ਪੇਕੇ ਮਾਵਾਂ ਨਾਲ। ਮਾਪਿਆਂ ਦੀਆਂ ਬਹਾਰਾਂ ਨਹੀਂ ਲੱਭਦੀਆਂ। ਕਿੰਨੇ ਸਿਆਣੇ ਹੋ ਜਾਈਏ, ਮਾਪਿਆਂ ਨਾਲ ਨਿਆਣਿਆਂ ਵਰਗੇ ਲਾਡ-ਪਿਆਰ ਚੱਲਦੇ ਰਹਿੰਦੇ ਹਨ।" ਕਹਿੰਦਿਆਂ ਕਿਰਪਾਲ ਦੀਆਂ ਅੱਖਾਂ ਵਿਚ ਅੱਥਰੂ ਭਰ ਆਏ।

ਕਿਰਪਾਲ ਹੁਣ ਮਨੋਂ ਉਦਾਸ ਹੋ ਗਈ ਸੀ। ਆਪਣਾ ਮਨ ਬਦਲਣ ਲਈ ਮੈਡਮ ਨੂੰ ਕਹਿਣ ਲੱਗੀ, "ਤੁਹਾਡੇ ਪੇਕੇ ਕਿਥੇ ਆ ? ਕਿੰਨੀ ਦੇਰ ਪਿੱਛੋਂ ਹੋ ਕੇ ਆਉਂਦੇ ਹੋ ?" ਕੁਲਵੰਤ ਵੱਲੋਂ ਸ਼ਹਿਰ 'ਚ ਹੀ ਸੁਣ ਕੇ ਉਹ ਚੁੱਪ ਹੋ ਗਈ।

ਕੁਲਵੰਤ ਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਕਿਰਪਾਲ ਜੋ ਹੁਣੇ-ਹੁਣੇ ਖ਼ੁਸ਼ੀ-ਖ਼ੁਸ਼ੀ ਬੱਸ ਵਿਚ ਚੜ੍ਹੀ ਸੀ, ਦਾ ਚਿਹਰਾ ਕਿਉਂ ਮੁਰਝਾ ਗਿਆ ਹੈ ? ਪੇਕਿਆਂ ਦੀਆਂ ਯਾਦਾਂ ਗੱਲ ਵੱਖਰੀ ਹੈ, ਸਭ ਨੂੰ ਆਉਂਦੀਅ ਨੇ। ਪਰ ਮੁੜ-ਮੁੜ ਅੱਖਾਂ ਵਿਚ ਪਾਣੀ ਭਰ ਲੈਂਦੀ ਹੈ। ਉਸ ਨੇ ਹਮਦਰਦੀ ਨਾਲ ਕਿਰਪਾਲ ਨੂੰ ਕਿਹਾ, "ਤੁਸੀਂ ਕਦੀ-ਕਦੀ ਜਾ ਕੇ ਪਿੰਡ ਮਿਲ ਆਇਆ ਕਰੋ, ਕਿਹੜਾ ਦੂਰ ਹੈ ? ਸਵੇਰੇ ਜਾ ਕੇ ਸ਼ਾਮ ਨੂੰ ਆਰਾਮ ਨਾਲ ਮੁੜ ਸਕਦੇ ਹੋ।"

ਕਿਰਪਾਲ ਨੇ ਆਪਣੀ ਇਕ ਬਾਂਹ ਕੁਲਵੰਤ ਦੀ ਸੱਜੀ ਬਾਂਹ ਕੋਲ ਕਰ ਲਈ, ਉਸ ਨੂੰ ਕੁਲਵੰਤ ਨਾਲ ਭੈਣਾਂ ਵਰਗਾ ਨੇੜ ਜਾਪਿਆ ਸੀ। ਮੁੜ ਮਨ ਭਰਦਿਆਂ ਕਹਿਣ ਲੱਗੀ, "ਟਾਈਮ ਦੀ ਗੱਲ ਨਹੀਂ। ਇਹ ਕਿਹੜਾ ਦੂਰ ਹੈ ਪਰ ਦੂਜੇ ਬੰਨਿਉਂ ਕੋਈ ਆਉਂਦਾ ਜਾਂਦਾ ਰਹੇ। ਆਪਣਾ ਤੇ ਕੋਈ ਨਹੀਂ। ਕਦੀ ਕੋਈ ਨਿੰਦ-ਵਿਚਾਰ ਮਨ ਵਿਚ ਨਹੀਂ ਆਉਂਦੀ। ਪਰ ਜਦੋਂ ਟੱਬਰਾਂ ਵਾਲੇ ਹੋ ਜਾਈਏ, ਅਗਲੇ ਮਿਹਣੇ ਮਾਰਦੇ ਆ। ਜੇ ਉਹ ਨਹੀਂ ਵੜਦੇ ਤਾਂ ਤੈਨੂੰ ਕਾਹਦਾ ਹੇਜ ਆਉਂਦਾ ਰਹਿੰਦਾ ? ਜੇ ਉਹਨਾਂ ਕੋਲ ਵਿਹਲ ਨਹੀਂ, ਤੇਰੀਆਂ ਕਿਉਂ ਬਾਹਵਾਂ ਆਕੜੀਆਂ ਨੇ ? ਤੂੰ ਦੱਸ ! ਤੂੰ ਵਿਹਲੀ ਏਂ ?"

"ਉਹ ਜਦ ਕਦੇ ਵੀ ਰਾਹ-ਖਹਿੜੇ ਮਿਲਦੇ ਨੇ, ਉਹੋ ਘੜੀ-ਘੜਾਈ ਗੱਲ, ਵੱਡੇ ਦਾ ਕਾਰੋਬਾਰ ਵੱਡਾ, ਵਿਚਲੇ ਨੂੰ ਵਾਹੀ ਵਿਚੋਂ ਸਾਹ ਨਹੀਂ ਆਉਂਦਾ, ਛੋਟਾ



Academy of the Punjab in North America: http://www.apnaorg.com

ਨੌਕਰੀ ਜਾਂਦਾ। ਨਿਆਣੇ ਸਾਰਿਆਂ ਦੇ ਪੜ੍ਹਦੇ। ਕਿੱਦਾਂ ਆਈਏ ? ਵਿਹਲ ਕਿਥੋਂ ਕੱਢੀਏ ? ਤੁਸੀਂ ਆ ਜਾਇਆ ਕਰੋ। ਤੁਹਾਨੂੰ ਕਿਸੇ ਨੇ ਰੋਕਿਆ ? ਜਦੋਂ ਕੋਈ ਢੰਗ-ਸਾਰਥ ਰੱਖੋਗੇ, ਸੱਦੋਗੇ, ਕੋਈ ਨਾ ਕੋਈ ਤੇ ਪਹੁੰਚੇਗਾ।" ਕਿਰਪਾਲ ਨੇ ਪਤੀ ਦਾ ਰੋਸ ਦੱਸਦਿਆਂ ਕਿਹਾ।

"ਮੈਡਮ ! ਤੁਸੀਂ ਸਿਆਣੇ ਹੋ, ਸਾਕ ਤਾਂ ਮਿਲਦਿਆਂ ਦੇ ਹੁੰਦੇ, ਭਾਵੇਂ ਸਕੇ ਵੀਰ ਹੋਣ। ਜੇ ਮੁੱਦਤਾਂ ਬੀਤ ਜਾਣ ਕੋਈ ਆਵੇ ਹੀ ਨਾ, ਮੋਹ-ਪਿਆਰ ਮੁੱਕ ਜਾਂਦੈ। ਨਾਲੇ ਫਿਰ ਭੇਜਣ ਵਾਲੇ ਕਿੱਦਾਂ ਕਹਿਣ ਜਾਓ। ਜਦੋਂ ਉਹ ਹਰ ਤੀਜੇ ਦਿਨ ਸ਼ਹਿਰ ਆਉਂਦੇ-ਜਾਂਦੇ। ਕਿਤੇ ਵਰ੍ਹੇ-ਛਿਮਾਹੀ ਝੂਠੇ-ਸੱਚੇ ਗੇੜਾ ਮਾਰ ਜਾਣ, ਸਾਡੇ ਕੋਲ ਘਰਦਿਆਂ ਨੂੰ ਦੇਣ ਜੋਗਾ ਕੋਈ ਤੇ ਜੁਆਬ ਹੋਵੇ।"

"ਹੁਣ ਤੁਹਾਨੂੰ ਕਿੰਨਾ ਚਿਰ ਹੋਇਆ ਪਿੰਡ ਗਿਆਂ ਨੂੰ ?" ਕੁਲਵੰਤ ਵੀ ਕੁਝ ਨਿਰਾਸ਼ ਹੋ ਗਈ।

"ਕਿੰਨਾ, ਕੀ ਦੱਸਾਂ ? ਹੱਛਾ ਦੱਸੋ ! ਨਿੱਕੇ ਭਤੀਜੇ ਦਾ ਪਤਾ ਲੱਗਾ ਸੀ ਵਿਆਹ ਰੱਖਿਆ। ਅਜੇ ਕੀਤਾ ਕਿ ਨਹੀਂ ? ਸੁਣਿਆ ਸੀ ਜਨਵਰੀ ਵਿਚ ਕਰ ਦੇਣਾ। ਵੱਡੇ ਭਤੀਜੇ ਦਾ ਕਾਕਾ ਤੁਹਾਡੇ ਕੋਲ ਪੜ੍ਹਦਾ ?" ਕਿਰਪਾਲ ਨੂੰ ਮਨ ਵਿਚ ਚਾਅ ਸੀ।

ਕੁਲਵੰਤ ਉਸ ਦੀ ਉਦਾਸੀ ਨੂੰ ਡੂੰਘਾ ਭਾਂਪਦਿਆਂ ਕੋਲ ਹੋਈ, "ਮੈਨੂੰ ਤੇ ਪਤਾ ਨਹੀਂ ਸਟਾਫ਼ ਵਿਚੋਂ ਵੀ ਕਿਸੇ ਨੇ ਗੱਲ ਨਹੀਂ ਕੀਤੀ। ਉਦਾਂ ਉਹ ਆਪਣੇ ਹਰ ਫੰਕਸ਼ਨ ਵਿਚ ਸਾਨੂੰ ਸਾਰੇ ਸਟਾਫ਼ ਨੂੰ ਬੁਲਾਉਂਦੇ ਹੁੰਦੇ ਆ। ਨਾਲੇ ਇਹੋ ਜਿਹੀ ਗੱਲ ਹੁੰਦੀ ਤਾਂ ਤੁਹਾਨੂੰ ਬੁਲਾਉਂਦੇ ਹੀ। ਐਡਾ ਨੇੜੇ ਦਾ ਰਿਸ਼ਤਾ ਆ। ਤੁਹਾਡੇ ਭਤੀਜੇ ਦਾ ਬੇਟਾ ਸਾਡੇ ਕੋਲ ਹੀ ਪੜ੍ਹਦਾ। ਪੜ੍ਹਾਈ ਵਿਚ ਬਹੁਤ ਹੁਸ਼ਿਆਰ ਆ।"

ਕਿਰਪਾਲ ਖ਼ੁਸ਼ ਹੋ ਗਈ, "ਭੈਣ ਜੀ ! ਤੁਹਾਨੂੰ ਪਤਾ ਹੀ ਐ ਭਰਾਵਾਂ ਦੇ ਬੱਚੇ ਕਿੰਨੇ ਪਿਆਰੇ ਲੱਗਦੇ। ਬਾਕੀ ਰਹੀ ਸੱਦਣ-ਸਦਾਉਣ ਵਾਲੀ ਗੱਲ। ਕਿੰਨਾ ਬਣਦਾ ਹੋਵੇ ਜੇ ਸਾਕਾਂ ਨੂੰ ਨਾ ਸੱਦਣਾ ਹੋਵੇ ਕਹਿ ਦੇਈਦਾ, ਝੱਟਪਟ ਹੀ ਗੱਲ ਪੱਕੀ ਹੋ ਗਈ। ਅਸੀਂ ਘਰਦੇ-ਘਰਦੇ ਹੀ ਗਏ ਸਾਂ। ਸੋਚਿਆ ਵਿਆਹ ਤੋਂ ਆ ਕੇ ਸਾਰਿਆਂ ਨੂੰ ਪਾਰਟੀ ਕਰ ਦਿਆਂਗੇ।"

ਇੰਨੇ ਨੂੰ ਕੰਡਕਟਰ ਨੇ ਆਵਾਜ਼ ਦਿੱਤੀ, "ਬੱਸ ਬਦਲਣੀ ਪੈਣੀ ਹੈ। ਸਾਰੀਆਂ ਸਵਾਰੀਆਂ ਬਾਹਰ ਆ ਜਾਉ। ਇਹ ਖ਼ਰਾਬ ਹੋ ਗਈ ਹੈ।" ਸਵਾਰੀਆਂ ਅੱਗ-ਭਬੂਕਾ ਹੋ ਗਈਆਂ, ਪਰ ਕਰਦੀਆਂ ਕੀ ? ਬਾਹਰ ਨਿਕਲ ਆਈਆਂ। ਹੋਰ ਬੱਸ ਕੋਈ ਆ ਨਹੀਂ ਸੀ ਰਹੀ। ਦੋਵੇਂ ਮੈਡਮਾਂ ਕੋਲ-ਕੋਲ ਖਲੋ ਗਈਆਂ।



Academy of the Punjab in North America: http://www.apnaorg.com

ਕੁਲਵੰਤ ਨੇ ਸਮਝਾਇਆ, "ਕਿਰਪਾਲ ਜੀ! ਐਵੇਂ ਤੇ ਨਹੀਂ ਸਿਆਣਿਆਂ ਨਿਚੋੜ ਕੱਢੇ ਕਿ 'ਪਿਉ ਨਾਲ ਰਾਜ, ਭਰਾ ਨਾਲ ਠਾਣਾ। ਭਤੀਜਾ ਆਖੇ ਭੂਆ ਛੱਡ ਦੇ ਆਣਾ-ਜਾਣਾ'। 'ਪੜ੍ਹ ਪਿਆ ਤੇ ਸਾਕ ਗਿਆ'। ਘਰ-ਘਰ ਹੀ ਇਹ ਵੱਗ ਗਈ ਹੈ। ਹਰ ਇਕ ਨੂੰ ਆਪੋ-ਧਾਪੀ ਪੈ ਗਈ ਆ।"

ਕਿਰਪਾਲ ਨੂੰ ਫੇਰ ਮਾਂ ਯਾਦ ਆ ਗਈ, "ਅਸੀਂ ਤੁਸੀਂ ਸਹੁਰਿਆਂ-ਪੇਕਿਆਂ ਵਿਚ ਰਲ ਕੇ ਰਹਿਣਾ ਸਿੱਖਿਆ। ਸਾਡੀ ਮਾਂ ਦੇਵੀਆਂ ਵਰਗੀ ਸੀ। ਕਦੀ ਕਿਸੇ ਨੂੰ ਉੱਚਾ ਨਹੀਂ ਸੀ ਬੋਲੀ। ਸੱਸ, ਨਣਾਨਾਂ, ਜੇਠ, ਦਿਉਰ, ਦਿਰਾਣੀਆਂ ਦੇ ਸਾਹ ਵਿਚ ਸਾਹ ਸਨ। ਹੁਣ ਸਹੁਰਿਆਂ ਦੇ ਸਾਕ ਚੁੱਭਦੇ ਆ। ਆਪਣੇ ਜੰਮੇ ਨਿਆਣਿਆਂ ਨਾਲ ਹੀ ਚੋਹਲ-ਮੋਹਲ ਕਰੀ ਜਾਂਦੇ ਆ। ਇਥੇ ਹੀ ਲਹਿਣੀਆਂ-ਦੇਣੀਆਂ ਦੇ ਹਿਸਾਬ ਆ। ਇਹਨਾਂ ਦੀ ਮਰਜ਼ੀ। ਅਸੀਂ ਨਹੀਂ ਪੜ੍ਹੇ-ਲਿਖੇ ? ਪੜ੍ਹਾਈ ਇਹ ਤੇ ਨਹੀਂ ਆਖਦੀ ਰਿਸ਼ਤੇਦਾਰਾਂ ਨੂੰ ਭੁਲਾ ਹੀ ਦਿਓ।"

ਪਰਸ ਵਿਚੋਂ ਰੁਮਾਲ ਕੱਢ ਕੇ ਅੱਖਾਂ ਪੂੰਝਦੀ ਨੇ ਮੁੜ ਕਿਹਾ, "ਅਸੀਂ ਕਿਹੜੇ ਉਹਨਾਂ ਉੱਤੇ ਭਾਰ ਆਂ। ਖਾਣਾ ਆਪੋ ਆਪਣਾ, ਭਰਾ-ਭਰਜਾਈਆਂ ਮਾਂ ਪਿਉ ਦੀ ਥਾਂ ਹੁੰਦੇ ਨੇ। ਇਸ ਰਿਸ਼ਤੇ ਦੀ ਖ਼ੁਸ਼ਬੋ ਵੱਖਰੀ ਹੁੰਦੀ ਹੈ। ਭਰਾ, ਭਤੀਜੇ ਵੇਖ ਕੇ ਮਨ ਖਿੜ ਜਾਂਦਾ। ਐਵੇਂ ਵਿੱਟਰੀ ਜਾਣ, ਸਾਡਾ ਕੀ ਕਸੂਰ ਆ ? ਨਾ ਮਿਲਣ ਦੇ ਬਹਾਨੇ ਭਾਲਦੇ ਆ।"

ਕਿਰਪਾਲ ਨੇ ਗੱਲ ਜਾਰੀ ਰੱਖੀ, "ਇਹ ਸਾਕ ਬਹੁਤ ਮੋਹ ਵਾਲਾ ਹੁੰਦਾ ਹੈ। ਅਗਲੇ ਸੌ ਵੇਰਾਂ ਅਣਗੌਲਿਆਂ ਕਰਨ, ਆਪਣਾ ਮੋਹ ਨਹੀਂ ਟੁੱਟਦਾ। ਵੀਰ ਵੇਖ ਕੇ ਚਾਅ ਚੜ੍ਹ ਜਾਂਦਾ। ਭਤੀਜੇ-ਭਤੀਜੀਆਂ ਤਾਂ ਆਪਣੇ ਬੱਚਿਆਂ ਤੋਂ ਪਿਆਰੇ ਲੱਗਦੇ ਹਨ। ਪਰ ਉਹ ਕਹਿੰਦੇ, ਸਾਡੇ ਕੋਲੋਂ ਆਇਆ ਨਹੀਂ ਜਾਂਦਾ। ਬਿਜ਼ੀ ਬਹੁਤ ਹਾਂ, ਤੁਹਾਨੂੰ ਕਿਸੇ ਨੇ ਆਉਣ ਦੀ ਮਨਾਹੀ ਤੇ ਨਹੀਂ ਕੀਤੀ ?"

"ਚਾਰ ਸਾਲ ਗਏ ਕਦੇ ਕੋਈ ਨਹੀਂ ਆਇਆ। ਵੱਡੀ ਭਤੀਜੀ ਦੋ ਤਿੰਨ ਵੇਰਾਂ ਮਿਲੀ, ਬਹੁਤ ਚੰਗਾ ਲੱਗਾ, ਪਰ ਹੋਰ ਕੋਈ ਨਹੀਂ ਆਉਂਦਾ। ਪਤਾ ਤੇ ਮੈਨੂੰ ਵੀ ਏ, ਪਰ ਕੌਣ ਸਮਝਾਵੇ। ਮੈਂ ਕੋਈ ਗੁਨਾਹ ਤੇ ਨਹੀਂ ਸੀ ਕਰ ਲਿਆ ? ਬਣਦੀ-ਫੱਬਦੀ ਗੱਲ ਕੀਤੀ ਸੀ, ਉਹ ਵੀ ਅਤਿ ਦੀ ਮਜਬੂਰੀ ਵਿਚ।"

"ਮੈਂ ਸਮਝੀ ਨਹੀਂ, ਤੁਹਾਡਾ ਪੇਕਿਆਂ ਨਾਲ ਕੋਈ ਮਨ-ਮੁਟਾਵ ਹੋ ਗਿਆ ?" ਕੁਲਵੰਤ ਨੇ ਹੱਥ ਵਿਚ ਫੜੀ ਪੱਤ੍ਰਿਕਾ ਆਪਣੇ ਪਰਸ ਵਿਚ ਪਾਈ, ਪਿੰਡ ਜਿਥੇ ਉਹ ਪੜ੍ਹਾਉਂਦੀ ਸੀ, ਆਉਣ ਵਾਲਾ ਸੀ।

ਕਿਰਪਾਲ ਨੇ ਅਟਾਰੀ ਉੱਤਰਨਾ ਸੀ। ਉਹ ਬਹੁਤ ਉਦਾਸ ਹੋ ਗਈ ਸੀ। ਫਿਰ ਵੀ ਕਾਹਲੀ-ਕਾਹਲੀ ਦੱਸਣ ਲੱਗੀ ਤਾਂ ਜੋ ਪੂਰੀ ਗੱਲ ਦੱਸ ਸਕੇ।



Academy of the Punjab in North America: http://www.apnaorg.com

"ਮੈਡਮ! ਮਨ-ਮੁਟਾਵ ਵੀ ਸਮਝਣ ਵਾਲੀ ਗੱਲ ਹੈ। ਕਮਰਿਆਂ ਅੱਗੇ ਬਰਾਂਡੇ ਪਾਉਣ ਦਾ ਸੋਚਿਆ, ਮੁਸ਼ਕਿਲ ਆਉਂਦੀ ਸੀ। ਪੈਸੇ ਤਿਆਰ ਨਹੀਂ ਸਨ। ਕਿਤੇ ਹੱਥ ਨਾ ਪੈਂਦਾ ਵੇਖ ਕੇ ਸਲਾਹ ਬਦਲ ਲਈ। ਇਕ ਦਿਨ ਮਾਨ ਸਾਹਿਬ ਦਾ ਦੋਸਤ, ਜੋ ਐਗਰੀਕਲਚਰ ਮਹਿਕਮੇ ਵਿਚ ਹੈ, ਘਰ ਆ ਗਿਆ। ਉਸ ਨੇ ਪੈਸੇ ਦੇਣ ਦੀ ਆਫ਼ਰ ਕੀਤੀ, ਪਰ ਅਸੀਂ ਨਾ ਮੰਨੇ। ਫਿਰ ਸਲਾਹ ਦਿੱਤੀ ਮੱਝਾਂ ਦੀ ਡੇਅਰੀ ਸ਼ੋਅ ਕਰ ਕੇ ਅਸੀਂ ਪੰਜਾਹ ਹਜ਼ਾਰ ਰੁਪੈ ਗ੍ਰਾਮੀਨ ਬੈਂਕ ਤੋਂ ਲੋਨ ਲੈ ਸਕਦੇ ਹਾਂ। ਮੈਂ ਆਪਣੇ ਸਰਕਲ ਵਿਚੋਂ ਕਿਸੇ ਨੂੰ ਪੁੱਛ ਲਵਾਂਗਾ। ਇਹ ਕਿਹੜੀ ਵੱਡੀ ਗੱਲ ਹੈ?"

ਮੈਂ ਦੱਸਿਆ ਸਾਡੇ ਪੇਕੇ ਬੜੇ ਸਰਦੇ-ਪੁਜਦੇ ਨੇ। ਏਕੜਾਂ ਜ਼ਮੀਨ ਆ ਪਰ ਮੈਂ ਉਹਨਾਂ ਨੂੰ ਕਹਿਣਾ ਨਹੀਂ ਸੀ ਚਾਹੁੰਦੀ। ਮਾਂ-ਬਾਪ ਹੁੰਦਿਆਂ ਔਖ-ਸੌਖ ਵੇਲੇ ਹੱਥ-ਹੁਦਾਰ ਫੜ ਲਈਏ ਮਿਹਣਾ ਨਹੀਂ ਹੁੰਦਾ, ਪਿੱਛੋਂ ਉਹ ਮਾਣ-ਤਾਣ ਨਹੀਂ ਰਹਿੰਦਾ।

ਇੱਦਾਂ ਕਦੀ ਮਨ ਮੰਨੇ ਕਦੀ ਨਾ। ਸਲਾਹ ਵਿਚ-ਵਿਚਾਲੇ ਸੀ। ਇਕ ਦਿਨ ਮੈਂ ਮਾਨ ਸਾਹਿਬ ਨੂੰ ਕਿਹਾ, ਮੈਂ ਮਿਲ ਆਵਾਂ ਬੜਾ ਚਿਰ ਹੋ ਗਿਆ। ਮੈਂ ਹੁੱਭੀ-ਹੁੱਭੀ ਪਿੰਡ ਪਹੁੰਚੀ। ਸਭ ਨੂੰ ਮਿਲੀ ਪਤਾ ਨਹੀਂ ਕੀ ਮੱਤ ਮਾਰੀ ਗਈ, ਮੈਂ ਵੱਡੇ ਵੀਰ ਨੂੰ ਤਜ਼ਵੀਜ ਦੱਸ ਬੈਠੀ। ਫ਼ਿਕਰ ਵਾਲੀ ਗੱਲ ਨਹੀਂ, ਜਲਦੀ ਪੈਸੇ ਮੁੜ ਜਾਣੇ ਹਨ।"

"ਮੈਡਮ! ਪਤਾ ਨਹੀਂ ਕੀ ਗੱਲ ਹੋਈ, ਸਾਰੇ ਗਰਮ ਹੋ ਗਏ। ਉਲਟਾ ਮੈਨੂੰ ਕੋਸਣ ਲੱਗੇ ਕਿ ਤੂੰ ਇਹ ਗੱਲ ਆ ਕੇ ਕੀਤੀ ਕਿਉਂ? ਤੁਸੀਂ ਤਿੰਨ ਭੈਣਾਂ ਜੇ, ਹਰ ਕੋਈ ਆਖੂ ਮੇਰੀ ਆਹ ਲੋੜ, ਮੈਂ ਆਹ ਕੰਮ ਕਰਨਾ। ਅਸੀਂ ਤੇ ਫਿਰ ਫਸ ਗਏ, ਕਿਹਨੂੰ ਹਾਂ ਕਰੀਏ, ਕਿਹਨੂੰ ਨਾਂਹ ਕਰੀਏ! ਤੁਹਾਨੂੰ ਇਹ ਸੋਚਣਾ ਨਹੀਂ ਸੀ ਚਾਹੀਦਾ। ਤੁਸੀਂ ਇਹ ਆਖਿਆ ਕਿਉਂ?" ਉਹ ਬਹੁਤ ਨਾਰਾਜ਼ ਹੋ ਗਏ। ਮੈਂ ਬਥੇਰਾ ਸਮਝਾਇਆ ਇਹ ਤਾਂ ਵਿਚਾਰ ਸੀ। ਉਹ ਵੀ ਤੁਸੀਂ ਕੋਲੋਂ ਨਹੀਂ ਸੀ ਦੇਣੇ। ਡੰਗਰ ਹੀ ਸ਼ੋਅ ਕਰਨੇ ਸਨ। ਕਾਗ਼ਜ਼ਾਂ ਦੀ ਲਿਖਤ-ਪੜ੍ਹਤ ਸੀ। ਤੁਹਾਡਾ ਕੋਈ ਨੁਕਸਾਨ ਨਹੀਂ ਸੀ। ਸਾਡਾ ਕੰਮ ਮੁਕੰਮਲ ਹੋ ਜਾਂਦਾ। ਚਲੋ ਨਾ ਸਹੀ, ਅਸੀਂ ਕਿਹੜੇ ਲੈ ਲਏ। ਤੁਸੀਂ ਇੰਨੇ ਕਿਉਂ ਘਬਰਾ ਗਏ ਹੋ? ਉਧਾਰ-ਸੁਦਾਰ ਚੱਲਦਾ ਆਇਆ।"

ਕਿਰਪਾਲ ਨੇ ਗੱਲ ਜਾਰੀ ਰੱਖੀ, "ਮੈਂ ਦਲੀਲ ਦਿੱਤੀ ਤੇ ਪਿਆਰ ਨਾਲ ਸਮਝਾਇਆ, "ਸਰਕਾਰ ਨੇ ਹੀ ਪੈਸੇ ਦੇਣੇ ਸਨ। ਤੁਹਾਨੂੰ ਪਤਾ ਹੀ ਹੈ ਅਸੀਂ ਦੋਵੇਂ ਨੌਕਰੀ ਪੇਸ਼ਾ ਆਦਮੀ ਹਾਂ। ਅਸੀਂ ਟਾਈਮ ਸਿਰ ਕਿਸ਼ਤਾਂ ਚੁਕਾ ਦੇਣੀਆਂ ਸਨ। ਅਸੀਂ ਜ਼ਿੰਮੇਵਾਰ ਹਾਂ।"



Academy of the Punjab in North America: http://www.apnaorg.com

"ਪਰ ਭੈਣ ਜੀ, ਉਹਨਾਂ ਇਸ ਗੱਲ ਦਾ ਇੰਨਾ ਬੁਰਾ ਮਨਾਇਆ, ਹੁਣ ਉਹ ਮਿਲਣ ਤੋਂ ਕੰਨੀਂ ਕਤਰਾਉਂਦੇ ਹਨ। ਭਾਵੇਂ ਉਪਰੋਂ ਸ਼ੋਅ ਨਹੀਂ ਕਰਦੇ। ਤੁਸੀਂ ਦੱਸੋ! ਇਹ ਕਿੱਡੀ ਵੱਡੀ ਗੱਲ ਹੈ? ਕੀ ਗੁਨਾਹ ਹੋ ਗਿਆ ਸਾਡੇ ਕੋਲੋਂ?" ਕਿਰਪਾਲ ਬਹੁਤ ਹੀ ਉਦਾਸ ਸੀ।

ਕੁਲਵੰਤ ਨੇ ਸਮਝਾਇਆ, "ਅੱਜ ਕਲ ਰਿਸ਼ਤਿਆਂ ਦਾ ਇਹੋ ਹਾਲ ਹੈ। ਉਪਰੋਂ-ਉਪਰੋਂ ਮੇਲ ਰੱਖੀ ਜਾਣਗੇ, ਵਿਚੋਂ ਪੂਰਾ ਰੁੱਖਾਪਣ, ਈਰਖਾ, ਨਫ਼ਰਤ ਤੇ ਔਖੀਆਂ ਗੱਲਾਂ।"

ਕੁਲਵੰਤ ਉਤਰਨ ਲੱਗੀ ਵੱਲ ਕਿਰਪਾਲ ਨੇ ਫਿਰ ਵੇਖ ਕੇ ਕਿਹਾ, "ਸਾਥੋਂ ਤੇ ਫਿਰ ਵੀ ਨਹੀਂ ਛੱਡ ਹੋਣਾ। ਦੁਖ-ਸੁੱਖ ਤੋਂ ਵੀ ਨਹੀਂ ਰਿਹਾ ਜਾਂਦਾ। ਜੀਉਂਦੇ ਰਹਿਣ। ਵਾਹਿਗੁਰੂ ਵੱਡੀਆਂ-ਵੱਡੀਆਂ ਉਮਰਾਂ ਕਰੇ ਫਿਰ ਵੀ ਮਾਪਿਆਂ ਦੀ ਅੰਸ਼ ਨੇ। ਜਦੋਂ ਆਈ ਜ਼ਰੂਰ ਮਿਲਾਂਗੀ।"

ਕੁਲਵੰਤ ਉਤਰ ਗਈ। ਬੱਸ ਅਜੇ ਖਲੋਤੀ ਸੀ। ਕਿਰਪਾਲ ਨੇ ਬੱਸ ਦੇ ਪਾਏਦਾਨ 'ਤੇ ਖੜੇ ਮੁੜ ਕਿਹਾ, "ਨਵੰਬਰ ਵਿਚ ਨਵਤੇਜ ਤੇ ਗੁਰਜੋਤ ਦੀਆਂ ਪੱਗਾਂ ਬੰਨ੍ਹਾਉਣੀਆਂ ਹਨ। ਪਿੰਡ ਜਾਵਾਂਗੀ, ਇਹਨਾਂ ਨੂੰ ਵੀ ਮਨਾ ਕੇ ਨਾਲ ਖੜਾਂਗੀ। ਜੀ ਤੇ ਕਰਦਾ ਉਹ ਖ਼ੁਸ਼ੀ ਵਿਚ ਸ਼ਾਮਲ ਹੋਣ। ਮਾਂ-ਬਾਪ ਦੀ ਥਾਂ ਨੇ। ਰੱਬ ਦਾ ਦਿੱਤਾ ਸਭ ਕੁਝ ਆ। ਲੈਣ ਦੀ ਭੁੱਖ ਨਹੀਂ। ਵੇਲੇ ਦੇ ਵੇਲੇ ਘੜੀ ਆ ਕੇ ਖਲੋ ਜਾਣ। ਅੱਗੇ ਵੇਖੋ।" ਉਸ ਦਾ ਮਨ ਹੋਰ ਭਰ ਗਿਆ।



Academy of the Punjab in North America: http://www.apnaorg.com